# ਸੋਧ

ਸਤੰਬਰ 1980 (ਜਿਲਦ 9 ਨੰਬਰ 9)

**September 1980**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

9

# ਮਾਸਕ ਸੇਧ ਪੱਤਰ

* "ਬੁਰਜੁਆ ਪੈਂਤੜਾ ਬੁੱਧੀਮਾਨ ਤਬਕੇ ਨੂੰ ਸਿੱਕੇ ਦੀ ਛਣਕਾਰ ਨਾਲ ਆਪਣੇ ਵਲ ਖਿੱਚਦਾ ਹੈ, ਚਾਂਦੀ ਦੀਆਂ ਤਾਰਾਂ ਨਾਲ ਆਪਣੇ ਰੱਥ ਨਾਲ ਬੰਨ੍ਹਦਾ ਹੈ।"

* "ਇਮਤਿਹਾਨਾਂ ਨੂੰ ਯੋਗਤਾ ਦਾ ਟੈਸਟ ਬਣਾਉਣਾ ਉਪਰਲਿਆਂ ਨੂੰ ਹੀ ਉਪਰ ਰਖਣ ਦਾ ਬਹੁਤ ਕਾਰਗਰ ਤਰੀਕਾ ਹੈ।"

* "ਸੰਰਚਨਾਵਾਦੀ ਮਿਹਨਤਕਸ਼ਾਂ ਦੇ ਉਹ ਦੁਸ਼ਮਣ ਹਨ, ਜਿਨ੍ਹਾਂ ਦੇ ਮੂੰਹਾਂ ਵਿਚੋਂ ਬੜੇ ਮਿੱਠੇ ਸ਼ਬਦ ਨਿਕਲਦੇ ਹਨ—ਸੱਜਣ ਠੱਗ ਵਾਂਗ, ਪਰ ਕੱਛਾਂ ਛੁਰੀਆਂ ਲੁਕਾਈ ਬੈਠੀਆਂ ਹਨ।"

* "ਪੰਜਾਬੀ ਵਿਆਕਰਨ ਲਿਖਣ ਦਾ ਭਾਵ ਇਹ ਨਹੀਂ ਕਿ ਜੋ ਅੰਗ੍ਰੇਜ਼ੀ ਵਿਚ ਏ, ਉਸ ਦੀ ਪੰਜਾਬੀ ਬਣਾ ਦਿਉ।"

ਅਤੇ ਕੁਝ ਹੋਰ ਲੇਖ

SEDH
SEPT. 1980
Vol. 9, No. 9
Price : Rs. 2.00

## ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ
ਸੈਕਟਰ 22-ਸੀ, ਚੰਡੀਗੜ੍ਹ

### ਸਾਡੀਆਂ ਮਾਣ-ਯੋਗ ਪ੍ਰਕਾਸ਼ਨਾਵਾਂ

**ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ**

ਹੁਣ ਤਕ ਛਪੀਆਂ ਸਭ ਅੰਗਰੇਜ਼ੀ-ਪੰਜਾਬੀ ਡਿਕਸ਼ਨਰੀਆਂ ਦੇ ਟਾਕਰੇ ਇਹ ਹਰ ਪਖੋਂ ਸਰਬੋਤਮ ਡਿਕਸ਼ਨਰੀ ਹੈ। ਇਸ ਦੀ ਪਹਿਲੀ ਜਿਲਦ ਮਾਰਕਿਟ ਵਿਚ ਆ ਗਈ ਹੈ ਜਿਸ ਦਾ ਮੁਲ 32.50 ਰੁਪੈ ਹੈ। ਇਸ ਦੀ ਦੂਜੀ ਜਿਲਦ ਵੀ ਅਗਸਤ ਵਿਚ ਹੀ ਆ ਰਹੀ ਹੈ। ਦੋਹਾਂ ਦੀ ਕੀਮਤ ਲਗਭਗ 65 ਰੁਪੈ ਹੋਵੇਗੀ।

**ਭਾਸ਼ਾ ਵਿਗਿਆਨ ਅਤੇ ਸਾਹਿਤ**

1. ਪੰਜਾਬੀ ਰੂਪ ਵਿਗਿਆਨ (**Morphology of punjabi**)
   ਲੇਖਕ : ਡਾ: ਚਮਨ ਨਾਲ ਮੁਲ : 7.65 ਰੁਪੈ
2. ਅਲੰਕਾਰ ਵਿਧਾਨ (ਐਮ. ਏ. ਪੰਜਾਬੀ ਲਈ)
   ਲੇਖਕ ਡਾ: ਓਮ ਪ੍ਰਕਾਸ਼ ਮੁਲ : 4.65 ਰੁਪੈ
3. ਇਕਾਂਗੀ ਕਲਾ (ਐਮ. ਏ. ਪੰਜਾਬੀ ਲਈ)
   ਲੇਖਕ ਡਾ: ਰੋਸ਼ਨ ਲਾਲ ਅਹੂਜਾ ਮੁਲ : 6.15

**ਆਰਥਿਕ ਤੇ ਵਪਾਰਿਕ ਭੂਗੋਲ ਕ੍ਰਿਤ ਡਾ: ਓ. ਪੀ. ਭਾਰਦਵਾਜ**

ਡਿਗਰੀ ਵਿਦਿਆਰਥੀਆਂ ਲਈ ਇਸ ਪੁਸਤਕ ਦੀ ਦੂਜੀ ਛਾਪ ਵੀ ਮਾਰਕਿਟ ਵਿਚ ਆ ਗਈ ਹੈ। ਮੁਲ ਸਿਰਫ 20 ਰੁਪੈ। ਇਸ ਤੋਂ ਇਲਾਵਾ ਹੇਠ ਲਿਖੀਆਂ ਪੁਸਤਕਾਂ ਵੀ ਛਪ ਕੇ ਤਿਆਰ ਹੋ ਗਈਆਂ ਹਨ।

1. ਸਿਖਿਆ ਵਿਚ ਸਮਵਾਇ (ਜੇ. ਬੀ. ਟੀ ਤੇ ਬੀ. ਐਡ ਲਈ)
   ਲੇਖਕ : ਜੀ. ਐਸ. ਧਾਮੀ
   ਮੁਲ : 4.30 ਰੁਪੈ
2. ਲੇਖਾ ਪੜਤਾਲ ਦੀ ਪਾਠ-ਪੁਸਤਕ (ਬੀ. ਕਾਮ ਲਈ)
   ਲੇਖਕ : ਡਾ: ਆਰ. ਐਸ. ਗੁਪਤਾ
   ਮੁਲ : 18.00 ਰੁਪੈ
3. ਰੂਪਾਂਤਰੀ ਵਿਆਕਰਨ

**ਛਪ ਰਹੀਆਂ ਪੁਸਤਕਾਂ**

1. ਸੰਗੀਤ ਪ੍ਰਕਾਸ਼ ਲੇਖਕ : ਐਸ. ਸੀ. ਬਾਲੀ
2. ਇਤਿਹਾਸ ਦਾ ਅਧਿਆਪਨ ਲੇਖਕ : ਐਸ. ਕੇ. ਕੋਛੜ
3. ਅਨੁਵੰਸ਼ਿਕਾ ਵਿਗਿਆਨ ਅਤੇ ਵਿਕਾਸ ਲੇਖਕ : ਬਚਿਤਰ ਸਿੰਘ
4. ਸਮਾਜਿਕ ਪ੍ਰਸ਼ਾਸਨ ਲੇਖਕ : ਜੀ. ਐਸ. ਬਰਾੜ੍ਹ
5. ਵਣਜ ਵਪਾਰ ਲੇਖਕ : ਸੋਹਣ ਸਿੰਘ
6. ਵਪਾਰਿਕ ਗਣਿਤ (ਬੀ. ਕਾਮ ਲਈ) ਲੇਖਕ : ਪ੍ਰੋ: ਅਰਜਨ ਸਿੰਘ

ਇਹ ਤੇ ਬੋਰਡ ਦੀਆਂ ਹੋਰ ਪੁਸਤਕਾਂ ਖਰੀਦਣ ਲਈ ਆਪਣੇ ਸ਼ਹਿਰ ਦੇ ਦੁਕਾਨਦਾਰ ਨੂੰ ਮਿਲੋ ਜਾਂ ਬੋਰਡ ਪ੍ਰਕਾਸ਼ਨ ਤੇ ਵਿਕਰੀ ਅਫਸਰ ਨੂੰ ਲਿਖੋ।

ਸਟਾਕਿਸਟ : ਲਾਇਲ ਬੁਕ ਡਿਪੂ, ਚੌੜਾ ਬਾਜ਼ਾਰ ਲੁਧਿਆਣਾ।

ਤਕਨੀਕੀ ਸ਼ਬਦਾਵਲੀਆਂ—ਬੋਰਡ ਵਲੋਂ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸਹੂਲਤ ਲਈ ਵੱਖ ਵੱਖ ਮਜ਼ਮੂਨਾਂ ਦੀਆਂ ਤਕਨੀਕੀ ਸ਼ਬਦਾਵਲੀਆਂ ਤਿਆਰ ਕਰਵਾਈਆਂ ਗਈਆਂ ਹਨ। ਲੋਕ ਪ੍ਰਸ਼ਾਸਨ, ਇਤਿਹਾਸ, ਭੂਗੋਲ ਜੂਆਲੋਜੀ, ਸੋਸ਼ਿਆਲੋਜੀ ਫਲਸਫਾ, ਰਾਜਨੀਤੀ ਵਿਗਿਆਨ, ਅਰਥ-ਅੰਕੜਾ, ਬਾਟਨੀ, ਭੌਤਿਕ ਵਿਗਿਆਨ ਤੇ ਰਸਾਇਣ ਦੀਆਂ ਸ਼ਬਦਾਵਲੀਆਂ ਵਿਕਰੀ ਅਧੀਨ ਹਨ।


"ਜੇ ਤੁਸੀਂ ਲੋਕਾਂ ਨੂੰ ਪਿਆਰ ਕਰਦੇ ਹੋ,
ਤਾਂ ਤੁਹਾਨੂੰ ਲੋਕਾਂ ਦੀ ਬੋਲੀ ਨਾਲ ਵੀ
ਪਿਆਰ ਕਰਨਾ ਚਾਹੀਦਾ ਹੈ।"
—ਮੁਨਸ਼ੀ ਪ੍ਰੇਮ ਚੰਦ


- ਗੀਤ (3) — ਜਗਤਾਰ
- ਪਰੋਲਤਾਰੀ ਪੈਂਤੜਾ ਤੇ ਬੁੱਧੀਮਾਨ ਤਬਕਾ—2 (5) — ਕਿਸ਼ਨ ਸਿੰਘ
- ਡਾ: ਹਰਿਭਜਨ ਸਿੰਘ ਦਾ ਸਾਹਿਤ ਸੰਰਚਨਾਵਾਦ (11) — ਸੋਹਨ ਸਿੰਘ ਜੋਸ਼
- ਭਾਸ਼ਾ ਦੀ ਪ੍ਰੀਭਾਸ਼ਾ (17) — ਡਾ: ਹਰਜੀਤ ਸਿੰਘ ਗਿੱਲ
- ਪੰਜਾਬੀ ਵਿਆਕਰਨ : ਭੂਮਿਕਾ ਅਤੇ ਰੂਪ ਰੇਖਾ (22) — ਡਾ: ਜੋਗਿੰਦਰ ਸਿੰਘ ਪੁਆਰ
- ਜੱਟਵਾਦ ਦੇ ਅਧਿਅਨ ਬਾਰੇ ਕੁਝ ਗੱਲਾਂ (29) — ਹਿੰਮਤ ਸਿੰਘ ਸੋਢੀ
- ਪੰਜਾਬੀ ਸਾਹਿਤ ਦਾ ਅੰਤਰ-ਰਾਸ਼ਟਰੀ-ਕਰਨ (33) — ਕਿਰਪਾਲ ਸਿੰਘ ਆਜ਼ਾਦ
- ਲੇਖਕ/ਪਾਠਕ ਕਹਿੰਦੇ ਹਨ (41) — ਕਿਸ਼ਨ ਸਿੰਘ, ਹਿੰਮਤ ਸਿੰਘ ਸੋਢੀ, ਹਰਭਜਨ ਹਲਵਾਰਵੀ, ਸਤੀਸ਼ ਚਾਵਲਾ, ਅਮਰਜੀਤ ਰਾਮੂਵਾਲ, ਗੁਰਨਾਮ ਸਿੰਘ, ਕਰਨੈਲ ਸਿੰਘ, ਗੁਰਪ੍ਰਤਾਪ ਸਿੰਘ, ਜਗਜੀਤ ਸਿੰਘ ਸੰਧੂ, ਸੁਖਵਿੰਦਰ ਕੌਰ, ਸੁਰਿੰਦਰ ਸਿੰਘ ਆਦਿ



**Edited, Printed & Published by Gurvel Singh Pannu, A/42, Defence Colony, New Delhi-110024. Ph. No. 626300**
**Printed at 'BHULLAR PRINTERS' 44, Street 2, Shankar Nagar Ext., Delhi-51.**



ਪੀ.ਐਸ.ਬੀ.-ਸਤੱਰ ਸਾਲਾਂ ਤੋਂ ਜਿਆਦਾ
ਸਮੇਂ ਤੋਂ ਤਰੱਕੀ ਦੇ ਰਾਹ ਤੇ

ਤੀਹ ਸਾਲ ਪਹਿਲਾਂ ਮੇਰੇ ਪਿਤਾ ਜੀ ਨੇ ਮੇਰੇ ਲਈ ਪੰਜਾਬ ਐਂਡ ਸਿੰਧ ਬੈਂਕ ਵਿਚ ਖਾਤਾ ਖੋਲਿਆ ਸੀ। ਅਜ ਇਹੀ ਮੈਂ ਆਪਣੇ ਪੁਤੱਰ ਲਈ ਕੀਤਾ ਹੈ।

ਪੰਜਾਬ ਐਂਡ ਸਿੰਧ ਬੈਂਕ ਨਾਲ ਬਚੱਤ ਇਕ ਐਸੀ ਰਵਾਇਤ ਹੈ ਜੋ ਪੀ.ਐਸ.ਬੀ. ਪ੍ਰਵਾਰਾਂ ਵਿਚ ਪੁਸ਼ਤ-ਦਰ-ਪੁਸ਼ਤ ਚਲਦੀ ਰਹਿੰਦੀ ਹੈ। ਇਹ ਰਵਾਇਤ ਪੀ.ਐਸ.ਬੀ. ਸਤੱਹਰ ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਕਾਇਮ ਰਖਦਾ ਆ ਰਿਹਾ ਹੈ। ਇਸ ਦਾ ਕਾਰਨ ਹੈ ਸਾਡੀ ਸੇਵਾ ਜਿਸਦਾ ਸ਼ਾਇਦ ਹੀ ਕੋਈ ਮੁਕਾਬਲਾ ਕਰ ਸਕੇ।

ASP/PSB/3-202P

ਪੀ ਐਸ ਬੀ—ਸੰਪੂਰਨ ਬੈਂਕ ਸੇਵਾ ਦਾ ਪ੍ਰਤੀਕ
ਪੰਜਾਬ ਐਂਡ ਸਿੰਧ ਬੈਂਕ
(ਭਾਰਤ ਸਰਕਾਰ ਦਾ ਇਕ ਅਦਾਰਾ)


## ਗੀਤ

**ਜਗਤਾਰ**

ਕਿਹੜੀ ਰੁੱਤੇ ਮੇਰੇ ਘਰ ਵਿਚ
ਅੱਗ ਦਾ ਦਰਿਆ ਲੰਘ ਕੇ ਆਇਆ,
ਕੋਇਲ ਦਾ ਸੁਰ ਹਰਿਆ।
ਸਾਹੇ ਬੋਲ ਸਰਾਪੇ ਮੇਰੇ
ਜੀਉ ਆਇਆਂ ਨਾ ਸਰਿਆ।

ਕਿੰਜ ਆਖਾਂ ਜਾ ਮੁੜ ਜਾ ਏਥੋਂ,
ਇਸ ਘਰ ਰਹੇ ਉਦਾਸੀ।
ਇਸ ਵਿਹੜੇ ਜੋ ਪੱਤੀ ਫੁਟਦੀ
ਭੁਰ ਜਾਂਦੀ ਹੈ ਪਿਆਸੀ।
ਤਿਲ ਤਿਲ ਭੁਰਦਾ ਵੇਖਾਂ ਤੈਨੂੰ
ਇਹ ਨਈਂ ਜਾਣਾ ਜਰਿਆ।
ਕਿਹੜੀ ਰੁੱਤੇ...

ਇਸ ਨਗਰੀ ਦੀਆਂ ਮਾਰੂ ਜੂਹਾਂ,
ਧਰਤੀ ਹੈ ਪਥਰੀਲੀ।
ਇਸ ਨਗਰੀ ਦੀ ਹਰ ਇਕ ਦੇਹਲੀ
ਰਹ ਰੀਤਾਂ ਨੇ ਕੀਲੀ।
ਉਹ ਰਿਸ਼ਤਾ ਪਿੰਜਰਾ ਬਣ ਬੈਠਾ
ਜਿਸ ਦਾ ਨਾਂ ਕੁਝ ਧਰਿਆ।
ਕਿਹੜੀ ਰੁੱਤੇ...

ਸਾਰੇ ਬੋਲ ਸਰਾਪੇ ਮੇਰੇ
ਕਿੰਜ ਸੁਰ ਨੂੰ ਸਮਝਾਵਾਂ ?
ਇਸ ਘਰ ਦੀ 'ਮੈਨਾ' ਮਰ ਜਾਊ
ਜੇ ਤੈਨੂੰ ਅਪਣਾਵਾਂ।
ਅਪਣਾ ਅਪਣਾ ਯਾਰ ਨਵਿਸ਼ਤਾ,
ਲੈਣਾ ਜੋ ਉੱਕਰਿਆ
ਕਿਹੜੀ ਰੁੱਤੇ...

# ਚੰਗੀਆਂ ਪੁਸਤਕਾਂ

# ਜੋ ਤੁਸੀਂ ਖਰੀਦ ਸਕਦੇ ਹੋ

# ਪੜ੍ਹ, ਵਿਚਾਰ ਤੇ ਮਾਣ ਸਕਦੇ ਹੋ

ਕਈ ਦਿਲਚਸਪ ਵਿਸ਼ੇ—ਤੁਹਾਡੀ ਮਨ ਪਸੰਦ ਭਾਸ਼ਾ ਵਿਚ—ਅੰਗਰੇਜ਼ੀ, ਹਿੰਦੀ ਜਾਂ ਭਾਰਤ ਦੀ ਕਿਸੇ ਵੀ ਹੋਰ ਪ੍ਰਮੁੱਖ ਭਾਸ਼ਾ ਵਿਚ—ਬੱਚਿਆਂ ਨੌਜੁਆਨਾਂ ਤੇ ਬਜ਼ੁਰਗਾਂ ਲਈ—ਕੀਮਤ ਵੀ ਏਨੀ ਵਾਜਬੀ ਕਿ ਖ੍ਰੀਦਣ ਵੇਲੇ ਚੁਭੇ ਨਾ !

ਨੈਸ਼ਨਲ ਬੁਕ ਟਰੱਸਟ ਦੀਆਂ ਕਿਤਾਬਾਂ ਵਿਚ ਉਪਰੋਕਤ ਸਭ ਗੁਣ ਹਨ। ਸਾਡੀਆਂ ਕਈ ਪੁਸਤਕ ਮਾਲਾਂ ਹਨ : ਭਾਰਤ-ਦੇਸ ਤੇ ਲੋਕ; ਰਾਸ਼ਟਰੀ ਜੀਵਨੀਆਂ; ਨਹਿਰੂ ਬਾਲ ਪੁਸਤਕਾਲਾ; ਸਾਧਾਰਣ ਵਿਗਿਆਨ ਤੇ ਆਦਾਨ ਪ੍ਰਦਾਨ।

## ਪੰਜਾਬੀ ਵਿਚ ਕੁਝ ਤਾਜ਼ੇ ਪ੍ਰਕਾਸ਼ਨ

ਸਫਰ ਮੁੱਕ ਗਿਆ (ਮਲਿਆਲਮ ਨਾਵਲ) : ਲੇਖਕ—ਨੀਲ ਪਦਮਾਨਾਭਨ
ਪੰਜਾਬੀ ਅਨੁਵਾਦ : ਮ੍ਰਿਤਯੁਬੋਧ — ਕੀਮਤ : 11 ਰੁ: 25 ਪੈਸੇ
ਸ਼ੇਖ ਫਰੀਦ : ਲੇਖਕ—ਗੁਰਬਚਨ ਸਿੰਘ ਤਾਲਿਬ — ਕੀਮਤ : 6 ਰੁਪਏ
ਸਵੈ ਭਰੋਸੇ ਦਾ ਚਾਨਣ (ਬੱਚਿਆਂ ਲਈ ਪੰਜਾਬੀ ਕਹਾਣੀਆਂ) :
ਸੰਪਾਦਕ—ਜਸਵੰਤ ਸਿੰਘ ਕੰਵਲ — ਕੀਮਤ : 4 ਰੁਪਏ

ਇਹ ਤੇ ਸਵਾ ਸੌ ਦੇ ਕਰੀਬ ਹੋਰ ਪੁਸਤਕਾਂ ਅਸੀਂ ਛਾਪੀਆਂ ਹਨ। ਇਹ ਪੁਸਤਕਾਂ ਸਾਰੇ ਵੱਡੇ ਪੁਸਤਕ ਵਿਕ੍ਰੇਤਾਵਾਂ ਕੋਲੋਂ ਤੇ ਵਿਸ਼ੇਸ਼ ਰੂਪ ਵਿਚ ਹੇਠ ਲਿਖੇ ਸਥਾਨਾਂ ਤੋਂ ਖ੍ਰੀਦੋ :

ਸ਼ੋਅ ਰੂਮ
ਨੈਸ਼ਨਲ ਬੁਕ ਟਰੱਸਟ, ਇੰਡੀਆ
ਏ-4, ਗ੍ਰੀਨ ਪਾਰਕ,
ਨਵੀਂ ਦਿੱਲੀ-110016.

ਨਿਊ ਏਜ ਬੁਕ ਸੈਂਟਰ
22, ਮਹਾਂ ਸਿੰਘ ਗੇਟ ਮਾਰਕਿਟ
ਅੰਮ੍ਰਿਤਸਰ
ਨਿਊ ਬੁਕ ਕੰਪਨੀ
ਮਾਈ ਹੀਰਾਂ ਗੇਟ
ਜਲੰਧਰ

ਸੇਲਜ਼ ਇੰਪੋਰੀਅਮ
ਪਬਲੀਕੇਸ਼ਨ ਡਿਵੀਜ਼ਨ
ਸੁਪਰ ਬਾਜ਼ਾਰ
(ਪਹਿਲੀ ਮੰਜ਼ਿਲ)
ਕਨਾਟ ਸਰਕਸ
ਨਵੀਂ ਦਿੱਲੀ-110001.

## ਨੈਸ਼ਨਲ ਬੁਕ ਟਰੱਸਟ, ਇੰਡੀਆ




## ਪਰੋਲਤਾਰੀ ਪੈਂਤੜਾ ਤੇ ਬੁੱਧੀਮਾਨ ਤਬਕਾ-੨

ਕਿਸ਼ਨ ਸਿੰਘ

"ਜਿਥੇ ਪਰੋਲਤਾਰੀ ਦੇ ਪੈਂਤੜੇ ਦੇ ਨਜ਼ਰੀਏ ਦਾ ਝਾੜੂ ਨਹੀਂ ਫਿਰਦਾ, ਉਥੇ ਬੁਰਜੁਆ ਪੈਂਤੜੇ ਦਾ ਗਰਦਾ ਜੰਮਿਆਂ ਰਹਿੰਦਾ ਹੈ।" ਮਾਓ

ਬੁੱਧੀਮਾਨ ਤਬਕੇ ਦਾ ਬੁਰਜੁਆ ਨਿਜ਼ਾਮ ਨਾਲ ਰਿਸ਼ਤਾ ਸਮਝਣ ਵਾਸਤੇ ਕੁਛ ਤੱਥਾਂ ਨੂੰ ਅੱਖਾਂ ਅਗੇ ਰਖਣਾ ਜ਼ਰੂਰੀ ਹੈ। ਇਸ ਨਿਜ਼ਾਮ ਵਿਚ ਬੁੱਧੀਮਾਨ ਤਬਕਾ ਮੁਲੱਖਈਏ ਵਿਚੋਂ ਘਟ ਹੀ ਆਉਂਦਾ ਹੈ। ਇਸ ਨਿਜ਼ਾਮ ਵਿਚ ਯੂਨੀਵਰਸਿਟੀਆਂ ਆਦਿ ਵਿਚ ਜਾਂਦੇ ਕੌਣ ਨੇ? ਵਰਕਰ ਜਾਂ ਗਰੀਬ ਕਿਸਾਨ ਆਦਿ ਨਹੀਂ। ਇਹਨਾਂ ਵਿਚੋਂ ਕਦੇ ਕਦਾਈਂ, ਭੁੱਲਾ ਚੁੱਕਾ ਕਿਸੇ ਦਾ ਦਾਅ ਲਗ ਜਾਵੇ ਉਹ ਵੱਖਰੀ ਗੱਲ ਹੈ। ਏਥੇ ਉਚੀ ਵਿਦਿਆ ਉਹ ਹੀ ਲੈਂਦਾ ਹੈ ਜਿਸ ਕੋਲ ਵਸੀਲੇ ਹੋਣ। ਸੋ ਆਮ ਤੌਰ 'ਤੇ ਬੁੱਧੀਮਾਨ ਤਬਕਾ ਬੁਰਜੁਆਜ਼ੀ ਦਾ, ਤੇ ਖਾਸ ਕਰ ਨਿਗੂਣੀ ਬੁਰਜੁਆਜ਼ੀ ਦਾ ਜੰਮ-ਪਲ ਹੁੰਦਾ ਹੈ ਅਤੇ ਉਸ ਵਿਚ ਨਿਗੂਣੀ ਬੁਰਜੁਆਜ਼ੀ ਦਾ ਨਜ਼ਰੀਆ ਬਹੁਤ ਮਜ਼ਬੂਤ ਹੁੰਦਾ ਹੈ। ਇਨਕਲਾਬ ਦੇ ਆਇਆਂ ਵੀ ਇਹ ਪੁਜ਼ੀਸ਼ਨ ਬਹੁਤੀ ਬਦਲਦੀ ਨਹੀਂ। ਉਦੋਂ ਤਕ ਵੀ ਇਹ ਤਬਕਾ ਬਹੁਤ ਹੱਦ ਤਕ ਨਿਗੂਣੀ ਬੁਰਜੁਆਜ਼ੀ ਦਾ ਹੀ ਅੰਗ ਰਹਿੰਦਾ ਹੈ। ਇਹ ਠੀਕ ਹੈ ਕਿ ਇਸ ਤਬਕੇ ਵਿਚੋਂ ਚੰਦ ਇਕ ਨੂੰ ਜਦੋਂ ਇਹ ਅਹਿਸਾਸ ਹੋ ਜਾਂਦਾ ਹੈ ਕਿ ਕਾਬਜ਼ ਨਿਜ਼ਾਮ ਦੀ ਤੋਰ ਉਹਨਾਂ ਦੇ ਕਸਬ ਦੀ ਉਸਾਰੀ ਦੇ ਗਲ 'ਗੂਠਾ ਦੇ ਰਹੀ ਹੈ ਅਤੇ ਉਹ ਸਾਰੇ ਸਮਾਜ ਨੂੰ ਹੀ ਬੰਦ-ਗਲੀ ਵਿਚ ਘੁਸੇੜ ਰਹੀ ਹੈ ਤਾਂ ਉਹ ਇਸ ਦੇ ਨਜ਼ਰੀਏ ਨੂੰ ਪਾੜ ਕੇ ਉਸ ਦੇ ਬਾਹਰ ਹੋ ਜਾਂਦੇ ਹਨ ਅਤੇ ਹੁੰਦੇ ਹੁੰਦੇ ਮਾਰਕਸਵਾਦ 'ਤੇ ਪਹੁੰਚ ਜਾਂਦੇ ਹਨ। ਪਰ ਇਹਨਾਂ ਦੀ ਗਿਣਤੀ ਬਹੁਤੀ ਨਹੀਂ ਹੁੰਦੀ। ਦੂਸਰੇ ਪਾਸੇ ਜੋ ਜਾਣ ਬੁਝ ਕੇ, ਗਿਣ ਮਿਥ ਕੇ ਆਪਣਾ ਮਰਨ ਜੀਉਣ ਬੁਰਜੁਆ ਨਿਜ਼ਾਮ ਨਾਲ ਬੰਨ੍ਹ ਲੈਂਦੇ ਹਨ, ਉਹਨਾਂ ਦੀ ਗਿਣਤੀ ਵੀ ਬਹੁਤੀ ਨਹੀਂ ਹੁੰਦੀ।

ਇਨਕਲਾਬ ਦੇ ਮਗਰੋਂ ਬਹੁਗਿਣਤੀ ਉਨ੍ਹਾਂ ਦੀ ਹੁੰਦੀ ਹੈ ਜੋ ਭਾਰੀ ਪਲੜਾ ਵੇਖਦੇ ਹਨ; ਜਿਹੜੀ ਧਿਰ ਜਿੱਤਦੀ ਲੱਗੀ ਉਸ ਨਾਲ ਜਾ ਰਲੇ। ਇਹ ਲੋਕ ਤੋਰੇ ਤੁਰਨ ਵਾਲੇ ਹੁੰਦੇ ਹਨ। ਮੌਕਾ-ਸਿਨਾਸ਼ ਤੇ ਬਹੁਤ ਹੱਦ ਤਕ ਡਰੂ। ਬੁੱਧੀਮਾਨ ਤਬਕਾ ਚੂੰਕਿ ਬਹੁਤ ਹੱਦ ਤਕ ਨਿਗੂਣੀ ਬੁਰਜੁਆਜ਼ੀ ਦੀ ਜ਼ਹਿਨੀਅਤ ਵਾਲਾ ਹੁੰਦਾ ਹੈ, ਅਤੇ ਬੁਰਜੁਆ ਨਿਜ਼ਾਮ ਦੀ ਜਿੰਦ-ਜਾਨ ਹੀ ਚੂੰਕਿ ਦਰਜਾ-ਬ-ਦਰਜੀ ਹੁੰਦੀ ਹੈ, ਇਸ ਵਾਸਤੇ ਬੁੱਧੀਮਾਨ ਤਬਕਾ, ਉਸ ਦੀ ਭੰਨਵੀਂ ਬਹੁਗਿਣਤੀ ਮੁਲੱਖਈਏ ਨਾਲੋਂ ਆਪਣੀ ਉਚੇਰੀ ਪੁਜ਼ੀਸ਼ਨ 'ਤੇ ਮਰਦੀ ਹੈ, ਮੁਲੱਖਈਏ 'ਤੇ ਰਾਜ ਕਰਨ ਨੂੰ ਲੋਚਦੀ ਹੈ। ਉਸ ਨੂੰ ਸਭ ਨਾਲੋਂ ਵੱਡਾ ਇਹ ਹੁੰਦਾ ਹੈ ਕਿ ਉਹ ਕਿਤੇ ਮੁਲੱਖਈਏ ਵਾਲੇ ਟੋਏ ਵਿਚ ਨਾ ਪੈ ਜਾਵੇ। ਉਹ ਆਪਣੀ ਹਸਤੀ ਹੋਂਦ ਹੀ ਮੁਲੱਖਈਏ ਨਾਲੋਂ ਆਪਣੀ ਦੂਰੀ ਨਾਲ ਮਿਣਦੀ ਹੈ। ਮੁਲੱਖਈਏ ਨਾਲ ਘਿਉ ਖਿਚੜੀ ਹੋਣਾ ਉਸ ਦੇ ਖਾਬ ਖਿਆਲ ਵਿਚ ਹੀ ਨਹੀਂ ਹੁੰਦਾ, ਉਸ ਦੇ ਏਜੰਡੇ ਉਤੇ ਤਾਂ

ਹੋਣਾ ਹੀ ਕੀ ਹੈ।

ਬੁਰਜੁਆ ਨਿਜ਼ਾਮ ਦੀ ਬੁਨਿਆਦ ਹੈ—ਜਾਇਦਾਦ ਦੀ ਨਿਜੀ ਮਲਕੀਅਤ। ਗਿਆਨਵਾਨ ਕੋਲ, ਬੁੱਧੀਮਾਨ ਤਬਕੇ ਕੋਲ ਪੂੰਜੀ ਹੀ ਗਿਆਨ ਦੀ, ਕਾਬਲੀਅਤ ਦੀ, ਮੁਹਾਰਤ ਦੀ ਹੁੰਦੀ ਹੈ। ਸੋ ਉਹ ਇਸ ਨੂੰ ਹੀ ਆਪਣੀ ਨਿਜੀ ਜਾਇਦਾਦ ਵਾਂਗ ਉਸਾਰਦਾ, ਵਧਾਉਂਦਾ, ਸਾਂਭਦਾ ਸੂਤਦਾ ਹੈ। ਬੁਰਜੁਆ ਨਿਜ਼ਾਮ ਦਾ ਖਾਸਾ ਹੀ ਚੂੰਕਿ ਇਹ ਹੈ ਕਿ ਉਹ ਸਮੇਤ ਬੰਦੇ ਦੇ, ਹਰ ਚੀਜ਼ ਨੂੰ, ਆਪਣੀ ਮੰਡੀ ਦੀ ਵਿਕਾਊ ਜਿਨਸ ਬਣਾਉਂਦਾ ਹੈ, ਇਸ ਵਾਸਤੇ ਉਸ ਵਿਚ ਗਿਆਨ ਤੇ ਗਿਆਨ ਨੂੰ ਹਾਸਲ ਕਰੀ ਬੈਠਾ ਬੁੱਧੀਮਾਨ ਤਬਕਾ ਉਸ ਦੀ ਮੰਡੀ ਦੀ ਜਿਨਸ ਬਣ ਕੇ ਵਿਕਦਾ ਹੈ। ਬੁੱਧੀਮਾਨ ਤਬਕਾ ਗਿਆਨ ਹਾਸਲ ਕਰਦਾ ਹੈ, ਵਧ ਤੋਂ ਵਧ ਪੈਸਾ ਬਣਾਉਣ ਵਾਸਤੇ, ਉਚੇ ਤੋਂ ਉਚੇ ਮਿਆਰ 'ਤੇ ਜੀਊਣ ਵਾਸਤੇ, ਪਦਾਰਥਾਂ ਦੀ ਉੱਬਲ ਉੱਛਲ ਵਿਚ ਪਸਰਨ ਵਾਸਤੇ, ਉਚੀ ਤੋਂ ਉਚੀ ਪਦਵੀ

> "ਬੁੱਧੀਮਾਨ ਤਬਕਾ ਆਪਣੇ ਗਿਆਨ, ਕਾਬਲੀਅਤ ਤੇ ਮੁਹਾਰਤ ਦੀ ਪੂੰਜੀ ਨੂੰ ਆਪਣੀ ਨਿਜੀ ਜਾਇਦਾਦ ਵਾਂਗ ਉਸਾਰਦਾ, ਵਧਾਉਂਦਾ ਤੇ ਸਾਂਭਦਾ ਸੂਤਦਾ ਹੈ।"

ਪਰਾਪਤ ਕਰਨ ਵਾਸਤੇ, ਮੁਲੱਖਈਏ ਉਤੇ ਵਧ ਤੋਂ ਵਧ ਹੁਕਮ ਹਾਸਲ ਕਰਨ ਵਾਸਤੇ। ਆਪਣੀ ਦੁਨੀਆਂ ਵਿਚ ਜ਼ਿਆਦਾ ਤੋਂ ਜ਼ਿਆਦਾ ਮਸ਼ਹੂਰੀ ਖੱਟਣ ਵਾਸਤੇ। ਬੁਰਜੁਆ ਪੈਂਤੜਾ ਬੁੱਧੀਮਾਨ ਤਬਕੇ ਨੂੰ ਸਿੱਕੇ ਦੀ ਛਨਕਾਰ ਨਾਲ ਆਪਣੇ ਵਲ ਖਿੱਚਦਾ ਹੈ। ਚਾਂਦੀ ਦੀਆਂ ਤਾਰਾਂ ਨਾਲ ਆਪਣੇ ਰੱਥ ਨਾਲ ਬੰਨ੍ਹਦਾ ਹੈ। ਉਸ ਨੂੰ ਪੈਸੇ, ਪਦਾਰਥਾਂ, ਪਦਵੀ, ਮਸ਼ਹੂਰੀ ਆਦਿ ਦੇ ਝਾਂਸਿਆਂ ਨਾਲ ਆਪਣਾ ਹੱਥੀਂ-ਬੱਧਾ ਗੁਲਾਮ ਬਣਾਉਂਦਾ ਹੈ। ਇਹ ਉਸ ਦੇ ਵਾਸਤੇ ਲਾਜ਼ਮੀ ਹੈ।

ਨਿਜ਼ਾਮ ਕੋਈ ਵੀ ਹੋਵੇ, ਬੰਦੇ ਦੇ ਮਨ ਦੇ ਮਨੋਰਥਾਂ ਨੂੰ ਆਪਣੇ ਰਾਸ ਕਰਨ ਤੋਂ ਬਗੈਰ ਉਹ ਚਲ ਨਹੀਂ ਸਕਦਾ। ਸੋ ਬੁਰਜੁਆ ਨਿਜ਼ਾਮ ਹੋਰ ਵਸੋਂ ਵਾਂਗ ਬੁੱਧੀਮਾਨ ਤਬਕੇ ਨੂੰ ਵੀ ਆਪਣੇ ਪੈਮਾਨੇ, ਆਪਣੀਆਂ ਕਦਰਾਂ ਕੀਮਤਾਂ, ਆਪਣੀ ਕਲਚਰ, ਆਪਣੀ ਵਿਦਿਆ, ਆਪਣੀ ਸਿਆਣਪ ਦੇ ਸੱਚੇ ਵਿਚ ਢਾਲਦਾ ਹੈ। ਉਸ ਦੇ ਮਨ ਵਿਚ ਮਨੋਰਥ ਉਹ ਪਾਉਂਦਾ ਹੈ, ਉਸ ਮਨੋਰਥ ਨੂੰ ਉਸ ਦੇ ਮਨ ਦਾ ਮੂਲ ਬਣਾਉਂਦਾ ਹੈ ਜਿਸ ਦੇ ਉਤੇ ਉਸ ਦੀ ਸਾਰੀ ਆਪਣੀ ਤੋਰ ਆਧਾਰਤ ਹੈ। **ਉਸ ਨੂੰ ਦੌਲਤ ਦੇ ਲਾਲਚ ਦੇ ਚੱਕ 'ਤੇ ਚੜ੍ਹਾਉਂਦਾ ਹੈ।** ਉਸ ਨੂੰ ਅੰਦਰੋਂ ਕਾਬੂ ਕਰਦਾ ਹੈ। ਉਸ ਦੇ ਮਨ 'ਤੇ ਕਬਜ਼ਾ ਮਾਰਦਾ ਹੈ। ਉਸ ਦੇ ਮਨ 'ਤੇ ਨਕੇਲ ਉਹ ਪਾਉਂਦਾ ਹੈ ਜਿਸ ਦਾ ਖਿਚਿਆ ਉਹ ਸਾਰੀ ਉਮਰ ਖੋਪਲ ਬੋਲਦ ਵਾਂਗ ਵਗਦਾ ਹੈ।

ਬੁਰਜੁਆ ਨਿਜ਼ਾਮ, ਬੁਰਜੁਆ ਪੈਂਤੜਾ ਬੁੱਧੀਮਾਨ ਤਬਕੇ ਦੇ ਮਨ ਨੂੰ, ਉਸ ਦੇ ਮਨ ਦੇ ਮਨੋਰਥਾਂ ਨੂੰ ਆਪਣੇ ਰਾਸ ਕਰਦਾ ਕਿਵੇਂ ਹੈ? ਜ਼ਾਹਿਰ ਹੈ ਕਿ ਬੁਰਜੁਆ ਪੈਂਤੜਾ ਆਪਣੇ ਨਜ਼ਰੀਏ ਨੂੰ ਖ਼ਾਸ, ਬੁਨਿਆਦੀ, ਲਾਜ਼ਮੀ, ਮਜ਼ਮੂਨ ਬਣਾ ਕੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਨਹੀਂ ਪੜ੍ਹਾਉਂਦਾ, ਉਸ ਨੂੰ ਇਉਂ ਪੜ੍ਹਾਉਣ ਦੀ ਲੋੜ ਵੀ ਨਹੀਂ। ਉਸ ਦਾ ਇਹ ਬੁਨਿਆਦੀ ਕੰਮ ਉਸ ਦੇ ਪੈਦਾਵਾਰ ਦੇ ਰਿਸ਼ਤੇ, ਸਮਾਜਕ ਰਿਸ਼ਤੇ, ਉਹਨਾਂ ਰਾਹੀਂ ਹੋ ਰਿਹਾ ਸਾਰੇ ਸਮਾਜ ਦਾ ਅਮਲ ਕਰਦਾ ਹੈ। **ਸੇਧ** ਦਿਆਂ ਸਫ਼ਿਆਂ ਵਿਚ ਇਹ ਬਾਰ ਬਾਰ ਦਸਿਆ ਜਾ ਚੁਕਾ ਹੈ ਕਿ ਬੁਰਜੁਆ ਨਿਜ਼ਾਮ, ਬੁਰਜੁਆ ਪੈਂਤੜੇ ਨੂੰ ਇਕ ਸਹੂਲਤ ਹਾਸਲ ਹੈ ਜੋ ਸਮਾਜਵਾਦ ਨੂੰ, ਪਰੋਲਤਾਰੀ ਦੇ ਪੈਂਤੜੇ ਨੂੰ ਬਿਲਕੁਲ ਹਾਸਲ ਨਹੀਂ ਤੇ ਜੋ ਹੋ ਵੀ ਨਹੀਂ ਸਕਦੀ। ਫੀਊਡਲ ਨਿਜ਼ਾਮ ਦੀ ਕੁੱਖ ਵਿਚ



ਬੁਰਜੁਆ ਨਿਜ਼ਾਮ ਨੀਂਹ ਵਲੋਂ ਸ਼ੁਰੂ ਹੁੰਦਾ ਹੈ। ਪੈਦਾਵਾਰ ਦਾ ਰੂਪ ਬਣ ਕੇ ਜਨਮ ਲੈਂਦਾ ਹੈ।

> "ਬੁਰਜੁਆ ਪੈਂਤੜਾ ਬੁੱਧੀਮਾਨ ਤਬਕੇ ਨੂੰ ਸਿੱਕੇ ਦੀ ਛਣਕਾਰ ਨਾਲ ਆਪਣੇ ਵਲ ਖਿੱਚਦਾ ਹੈ, ਚਾਂਦੀ ਦੀਆਂ ਤਾਰਾਂ ਨਾਲ ਆਪਣੇ ਰੱਥ ਨਾਲ ਬੰਨ੍ਹਦਾ ਹੈ।"

ਉਸ ਨੂੰ ਉਸਾਰ ਵਲੋਂ ਸ਼ੁਰੂ ਹੋਣ ਦੀ ਮਜਬੂਰੀ ਨਹੀਂ। ਚੂੰਕਿ ਪੈਦਾਵਾਰ ਦਾ ਰੂਪ ਬਣ ਕੇ ਜਨਮ ਲੈਂਦਾ ਹੈ, ਪੈਦਾਵਾਰ ਦੇ ਰਿਸ਼ਤੇ, ਸਮਾਜਕ ਰਿਸ਼ਤੇ ਆਪਣੇ ਆਪ ਬੁਰਜੁਆ ਹੋ ਜਾਂਦੇ ਹਨ। ਸਾਰੀ ਵਸੋਂ ਨੂੰ, ਵਸੋਂ ਦੇ ਹਰ ਤਬਕੇ ਨੂੰ ਰਾਇਜ ਹੋਏ ਇਹ ਰਿਸ਼ਤੇ ਆਪਣੇ ਸੱਚੇ ਵਿਚ ਢਾਲ ਲੈਂਦੇ ਹਨ।

ਬੰਦਾ, ਉਸ ਦੀ ਬਣਤਰ ਹੈ ਕੀ? ਸਮਾਜਕ ਰਿਸ਼ਤਿਆਂ ਦਾ ਮਜਮੂਆ। ਨਿਜ਼ਾਮ ਦੇ ਸਾਰੇ ਅਮਲ ਵਿਚ, ਉਸ ਅਮਲ ਵਾਸਤੇ ਪੈਦਾ ਹੋਈਆਂ ਸਭ ਸੰਸਥਾਵਾਂ ਦੀ ਰਗ ਰਗ ਵਿਚ ਤੇ ਉਹਨਾਂ ਸੰਸਥਾਵਾਂ ਦੇ ਆਗੂਆਂ ਦੇ ਸਭ ਰਵੱਈਏ ਵਿਚ ਨਿਜ਼ਾਮ ਦੀਆਂ ਕਦਰਾਂ ਕੀਮਤਾਂ ਦਾ ਸਿਸਟਮ ਪੁੜ ਜਾਂਦਾ ਹੈ। ਅਮਲ ਦਾ ਸਾਰਾ ਰੈਸ਼ਨੇਲ, ਪੜ੍ਹਾਏ ਜਾ ਰਹੇ ਹਰ ਮਜ਼ਮੂਨ ਦੀ ਪਰੋਸਣੀ ਲਾਜ਼ਮੀ ਉਸ ਦੇ ਅਮਲ ਦੇ ਅਨੁਸਾਰੀ ਹੁੰਦੀ ਹੈ, ਉਸ ਅਮਲ ਦੀਆਂ ਕਦਰਾਂ ਕੀਮਤਾਂ 'ਤੇ ਆਧਾਰਤ ਹੁੰਦੀ ਹੈ। ਸੋ ਹੁੰਦੇ ਅਮਲ ਰਾਹੀਂ ਉਸ ਦੀਆਂ ਕਦਰਾਂ ਕੀਮਤਾਂ ਦਾ ਸਿਸਟਮ ਆਪਣੇ ਆਪ ਵਸੋਂ ਦੇ ਅੰਦਰ ਵੜਦਾ ਜਾਂਦਾ ਹੈ। ਵਸੋਂ ਦੇ ਹਰ ਤਬਕੇ ਦੇ ਰੋਮ ਰੋਮ ਵਿਚ ਰਚਦਾ ਜਾਂਦਾ ਹੈ।

ਇਨਕਲਾਬ ਦੇ ਆਇਆਂ ਵੀ ਪੈਦਾਵਾਰ ਦੇ ਰਿਸ਼ਤੇ ਬਹੁਤ ਹੱਦ ਤਕ ਅਜੇ ਬੁਰਜੁਆ ਹੀ ਰਹਿੰਦੇ ਹਨ; ਵਿਦਿਆ ਦਾ ਅਡੰਬਰ, ਵੱਖ ਵੱਖ ਮਜ਼ਮੂਨਾਂ ਦੀ ਪਰੋਸਣੀ ਤਕਰੀਬਨ ਪਹਿਲੇ ਵਾਂਗ ਹੀ ਤੁਰੀ ਜਾਂਦੀ ਹੈ। ਪ੍ਰਚਲਤ ਕਦਰਾਂ ਕੀਮਤਾਂ ਦਾ ਸਿਸਟਮ, ਨਜ਼ਰੀਆ ਤੁਰਿਆ ਜਾਂਦਾ ਹੈ। ਜਿੰਨਾਂ ਚਿਰ ਉਚੇਚੇ ਤੌਰ 'ਤੇ ਢਾਹੋ ਨਾ, ਉਹ ਢਹਿੰਦਾ ਨਹੀਂ। ਮਾਓ ਦੇ ਕਹਿਣ ਅਨੁਸਾਰ ਜਿਥੇ ਪਰੋਲਤਾਰੀ ਦੇ ਪੈਂਤੜੇ ਦੇ ਨਜ਼ਰੀਏ ਦਾ ਝਾੜੂ ਨਹੀਂ ਫਿਰਦਾ, ਉਥੇ ਬੁਰਜੁਆ ਪੈਂਤੜੇ ਦਾ ਗਰਦਾ ਜੰਮਿਆਂ ਰਹਿੰਦਾ ਹੈ।

ਬੁਰਜੁਆ ਪੈਂਤੜਾ, ਮੁਢੋਂ ਲੈ ਕੇ ਅਖੀਰ ਤਕ ਆਪਣਾ ਤਰੀਕਾ ਪੈਦਾ ਕਰਦਾ ਹੈ, ਉਸ ਨੂੰ ਜਾਰੀ ਰਖਦਾ ਹੈ ਅਤੇ ਉਸ ਦੇ ਅਮਲ ਰਾਹੀਂ ਉਸ ਦਾ ਤਰੀਕਾ ਬੁੱਧੀਮਾਨ ਤਬਕਾ ਉਹ ਪੈਦਾ ਕਰਦਾ ਹੈ ਜੋ ਉਸ ਨੂੰ ਵਫ਼ਾਦਾਰ ਰਹੇ। ਜਿਸ ਤਰ੍ਹਾਂ ਬੁਰਜੁਆ ਪੈਂਤੜੇ ਦੇ ਸਾਰੇ ਅਮਲ ਵਿਚ, ਉਸ ਅਮਲ ਤੋਂ ਪੈਦਾ ਹੁੰਦੇ ਸਾਰੇ ਰੈਸ਼ਨੇਲ ਵਿਚ, ਦਿੱਤੀ ਜਾ ਰਹੀ ਸਾਰੀ ਵਿਦਿਆ ਵਿਚ ਟੇਢ ਹੁੰਦੀ ਹੈ ਇਸ ਤਰ੍ਹਾਂ ਹੀ ਉਚੀ ਵਿਦਿਆ ਵਾਸਤੇ ਦਾਖਲੇ ਵਿਚ ਵੀ ਟੇਢ ਹੁੰਦੀ ਹੈ। ਇਨਕਲਾਬ ਦੇ ਮਗਰੋਂ ਵੀ ਬੁਰਜੁਆ ਪੈਂਤੜਾ ਆਪਣੀ ਕਰਨੀਉਂ ਬਾਜ਼ ਨਹੀਂ ਆਉਂਦਾ। ਉਹ ਟੇਢ ਦੇਂਦਾ ਹੈ। ਛਲ ਕਰਦਾ ਹੈ। ਨੀਤੀ ਇਹ ਬਣਾਉਂਦਾ ਹੈ ਕਿ ਉਚੀ ਵਿਦਿਆ ਉਹ ਲਵੇ ਜੋ ਉਸ ਦੇ ਯੋਗ ਹੈ, ਜੋ ਉਸ ਵਿਦਿਆ ਨੂੰ ਲੈ ਕੇ ਫਾਇਦਾ ਉਠਾ ਸਕਦਾ ਹੈ, ਜਿਸ ਨੂੰ ਉਚੀ ਵਿਦਿਆ ਦਿੱਤਿਆਂ, ਜਿਸ 'ਤੇ ਸਮਾਜ ਦੇ ਵਿਦਿਅਕ ਵਸੀਲੇ ਲਾਇਆਂ ਸਮਾਜ ਨੂੰ ਜ਼ਿਆਦਾ ਤੋਂ ਜ਼ਿਆਦਾ ਫਾਇਦਾ ਹੋ ਸਕਦਾ ਹੈ। ਤੇ ਯੋਗਤਾ ਉਹ ਮਾਪਦਾ ਹੈ, ਇਮਤਿਹਾਨ ਤੋਂ, ਉਸ ਵਿਚ ਲਏ ਨੰਬਰਾਂ ਤੋਂ, ਬਣਾਏ ਗਰੇਡਾਂ ਤੋਂ। ਕਿਤਾਬੀ ਇਮਤਿਹਾਨ ਵਿਚ ਉਪਰ ਕੌਣ ਆਵੇਗਾ? ਜ਼ਾਹਿਰ ਹੈ ਕਿ ਪੇਂਡੂਆਂ ਦੇ ਮੁਕਾਬਲੇ 'ਤੇ ਸ਼ਹਿਰੀ, ਅਤੇ ਸ਼ਹਿਰੀਆਂ ਵਿਚੋਂ ਉਹ ਜਿਨ੍ਹਾਂ ਦੇ ਘਰ ਦਾ ਵਾਯੂ-ਮੰਡਲ ਲਿਖਾਈ ਪੜ੍ਹਾਈ ਦਾ ਹੈ, ਘਰ ਵਿਚ ਖੁਸ਼ਹਾਲੀ ਹੈ, ਜਿਨ੍ਹਾਂ ਦੇ ਹੱਥ ਆਰਥਕ ਸਮਾਜਕ ਸਿਆਸੀ ਤਾਕਤ ਹੈ, ਕਾਡਰਾਂ

ਆਦਿ ਦੇ ਬੱਚੇ।

ਇਮਤਿਹਾਨਾਂ ਨੂੰ ਯੋਗਤਾ ਦਾ ਟੈਸਟ ਬਣਾਉਣਾ ਉਪਰਲਿਆਂ ਨੂੰ ਹੀ ਉਪਰ ਰਖਣ ਦਾ ਬਹੁਤ ਕਾਰਗਰ ਤਰੀਕਾ ਹੈ। ਸਤੱਈ ਤੌਰ 'ਤੇ ਵੇਖਿਆਂ ਲਗਦਾ ਹੈ ਕਿ ਇਸ ਨਾਲੋਂ ਨਿਆਂਕਾਰੀ ਤੇ ਸਮਾਜ ਵਾਸਤੇ ਫਾਇਦੇਮੰਦ ਤਰੀਕਾ ਹੋਰ ਕੋਈ ਹੈ ਹੀ ਨਹੀਂ। ਜ਼ਾਹਿਰਾ ਤੌਰ 'ਤੇ ਇਹ ਇਉਂ ਹੀ ਲਗਦਾ

"ਇਮਤਿਹਾਨਾਂ ਨੂੰ ਯੋਗਤਾ ਦਾ ਟੈਸਟ ਬਣਾਉਣਾ ਉਪਰਲਿਆਂ ਨੂੰ ਹੀ
ਉਪਰ ਰਖਣ ਦਾ ਬਹੁਤ ਕਾਰਗਰ ਤਰੀਕਾ ਹੈ।"

ਹੈ ਪਰ ਅਸਲੀਅਤ ਵਿਚ ਇਸ ਦਾ ਅਸਲਾ ਇਸ ਦੇ ਐਨ ਉਲਟ ਹੈ। ਇਸ ਤੋਂ ਵੀ ਜ਼ਿਆਦਾ ਉਪੱਦਰ ਹੈ—ਬੁਰਜੁਆ ਪੈਂਤੜੇ ਦੀ ਇਹ ਨੀਤੀ ਕਿ ਚੋਟੀ ਦੇ ਲਾਇਕ ਵਿਦਿਆਰਥੀਆਂ ਵਾਸਤੇ ਵੱਖਰਿਆਂ ਖ਼ਾਸ ਸਕੂਲਾਂ ਦੀ ਸਥਾਪਤੀ। ਇਮਤਿਹਾਨਾਂ ਰਾਹੀਂ ਟੈਸਟ ਕਰ ਕੇ ਯੂਨੀਵਰਸਿਟੀਆਂ ਆਦਿ ਵਿਚ ਦਾਖ਼ਲੇ ਦੇਣ ਦਾ ਅਰਥ ਹੈ ਦਾਖ਼ਲਾ ਉਪਰਲੇ ਤਬਕੇ ਦੇ ਬੱਚਿਆਂ ਨੂੰ ਅਤੇ ਗਰੀਬ ਕਿਸਾਨਾਂ, ਵਰਕਰਾਂ ਆਦਿ ਦੇ ਬੱਚਿਆਂ ਵਾਸਤੇ ਉਚੀ ਵਿਦਿਆ ਦਾ ਦਰ ਬੰਦ। ਜਮਾਤੀ ਵਿਤਕਰਾ ਦਾਖ਼ਲੇ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਪਰ ਏਥੇ ਬੱਸ ਨਹੀਂ ਹੁੰਦਾ।

ਉਚੀ ਵਿਦਿਆ ਦੇਂਦਿਆਂ ਬੁਰਜੁਆ ਪੈਂਤੜੇ ਦਾ ਨਿਸ਼ਾਨਾ ਕੀ ਹੈ? ਉਚੀ ਵਿਦਿਆ ਲੈਂਦਿਆਂ ਦੇ ਮਨਾਂ ਵਿਚ ਮੁਲੱਖਈਏ ਵਾਸਤੇ ਨਫ਼ਰਤ ਜਗਾਉਣਾ, ਉਹਨਾਂ ਲਈ ਉਹਨਾਂ ਦੇ ਮਨਾਂ ਵਿਚ ਹਕਾਰਤ ਪੈਦਾ ਕਰਨਾ। ਜਮਾਤੀ ਨਫਰਤ ਨੂੰ ਵਧ ਤੋਂ ਵਧ ਚਮਕਾਉਣਾ, ਉਸ ਨੂੰ ਰੱਜ ਕੇ ਪੱਕਿਆਂ ਕਰਨਾ। ਸਾਇੰਸ ਦੀ ਉਸਾਰੀ ਤੇ ਹੋਰ ਖੋਜ ਆਦਿ ਦਾ ਬੁਰਜੁਆ ਤਰੀਕਾ ਕੀ ਹੈ? ਲੈਬਾਰੇਟਰੀ ਵਿਚ ਆਪਣੇ ਖੋਜ ਘੁਰਨੇ ਵਿਚ ਬੰਦ ਹੋਣਾ; **laboratory pillar** ਬਣਨ ਨੂੰ ਹੀ ਆਪਣਾ ਨਿਸ਼ਾਨਾ ਬਣਾ ਲੈਣਾ, ਆਪਣੇ ਆਪ ਨੂੰ, ਆਪਣੀ ਖੋਜ ਨੂੰ ਸਮਾਜਕ ਅਮਲ ਨਾਲੋਂ, ਅਮਲ ਕਰਦੇ ਤਬਕਿਆਂ—ਵਰਕਰਾਂ ਕਿਸਾਨਾਂ ਆਦਿ ਨਾਲੋਂ ਨਿਖੇੜ ਕੇ ਦੂਰ ਰਖਣਾ ਤੇ ਅਮਲ ਕਰਦੇ ਤਬਕੇ ਨੂੰ ਆਪਣੇ ਕੰਮ ਦੀ ਕੰਨਸੋ ਨਾ ਲਗਣ ਦੇਣਾ। ਉਸ ਨੂੰ ਆਪਣੇ ਲਾਗੇ ਨਾ ਫਟਕਣ ਦੇਣਾ। ਸਿਧਾਂਤ ਨੂੰ ਅਮਲ ਨਾਲੋਂ, ਅਤੇ ਮਾਹਿਰਾਂ ਨੂੰ ਪੈਦਾਵਾਰ ਕਰਦਿਆਂ ਨਾਲੋਂ ਪੂਰੇ ਤੌਰ 'ਤੇ ਨਿਖੇੜਨਾ ਅਤੇ ਸਿਧਾਂਤ ਦੀ ਅਮਲ 'ਤੇ ਅਤੇ ਮਾਹਿਰਾਂ ਦੀ ਵਰਕਰਾਂ ਆਦਿ ਉਤੇ ਕਾਠੀ ਪਵਾਉਣਾ। ਸਾਇੰਸ ਉਸਾਰਨੀ ਸਰਮਾਏ ਦੇ ਹਿੱਤ ਵਾਸਤੇ, ਉਸ ਦੇ ਮੁਨਾਫੇ ਲਈ, ਟੈਕਨਾਲੋਜੀ ਈਜਾਦ ਕਰਨੀ ਤੇ ਮਸ਼ੀਨ ਬਣਾਉਣੀ ਉਹ ਜੋ ਵਰਕਰਾਂ ਨੂੰ ਫੰਧ ਕੇ ਰਖੇ ਤੇ ਸਿਧਾਂਤ ਪੇਸ਼ ਕਰਨਾ ਕਿ ਸਾਇੰਸ ਤੇ ਟੈਕਨਾਲੋਜੀ ਨਿਰਪੱਖ ਹਨ।

ਬੁਰਜੁਆ ਪੈਂਤੜੇ ਦੀ ਸਿਰਜੀ ਸਾਇੰਸ, ਉਸਾਰੀ ਟੈਕਨਾਲੋਜੀ, ਹੋਰ ਹਰ ਕਿਸਮ ਦੀ ਕਰਾਈ ਖੋਜ, ਵਿਦਿਆ ਦਾ ਕੁਲ ਅਡੰਬਰ, ਪੈਦਾ ਕੀਤੀ ਸਭ ਦਿਮਾਗੀ ਕਲਚਰ ਨਿਰਪੱਖ ਕਦੇ ਹੋ ਹੀ ਨਹੀਂ ਸਕਦੀ। ਇਹ ਸਭ ਧਿਰਾਂ ਬੁਰਜੁਆਜ਼ੀ ਦਾ ਸੰਦ ਹੁੰਦੀਆਂ ਹਨ ਤੇ ਉਸ ਦਾ ਸੰਦ ਬਣ ਕੇ ਹੀ ਵਗਦੀਆਂ ਹਨ। ਮੇਹਨਤਕਸ਼ ਤਬਕੇ, ਵਰਕਰਾਂ ਆਦਿ ਨੂੰ ਸਰੀਰਕ ਤੇ ਦਿਮਾਗੀ ਦੋਹਾਂ ਖੇਤਰਾਂ ਵਿਚ ਫੰਧ ਕੇ ਰਖਦੀਆਂ ਹਨ।

ਇਹ ਸਪਸ਼ਟ ਹੀ ਹੈ ਕਿ ਕਿਸੇ ਕਸਬ ਵਿਚ ਸੱਚਿਆਰ ਹੋਣਾ, ਕਿਸੇ ਮਜ਼ਮੂਨ ਵਿਚ ਮਾਹਿਰ ਹੋਣਾ ਬੁੱਧੀਮਾਨ ਤਬਕੇ ਵਾਸਤੇ ਲਾਜ਼ਮੀ ਹੈ। ਪਰ ਇਸ ਨਾਲੋਂ ਵੀ ਪਹਿਲੀ, ਬੁਨਿਆਦੀ ਲੋੜ ਹੈ ਨਿਜ਼ਾਮ ਦੀ ਤੋਰ ਦੇ ਅਨੁਸਾਰੀ ਹੋਣਾ। ਬੰਦੇ ਦੇ, ਬੁੱਧੀਮਾਨ ਤਬਕੇ ਦੇ ਮਨ ਦੇ ਮਨੋਰਥਾਂ ਦਾ, ਉਸ



ਦੇ ਕੰਮ ਦੀ ਪਰੇਰਨਾ ਦਾ ਜਮਾਤੀ ਪੈਂਤੜੇ ਦੇ ਅਨੁਕੂਲ ਹੋਣਾ। ਇਸ ਨੁਕਤੇ ਬਾਬਤ ਵੀ ਪਰੋਲਤਾਰੀ ਦੇ ਪੈਂਤੜੇ ਦੀ ਪੁਜ਼ੀਸ਼ਨ ਬੁਰਜੁਆ ਪੈਂਤੜੇ ਦੀ ਪੁਜ਼ੀਸ਼ਨ ਦੇ ਐਨ ਵਿਰੁਧ ਹੈ। ਜਿਸ ਤਰ੍ਹਾਂ ਫਿਊਡਲ ਨਿਜ਼ਾਮ ਦੀ ਕੁੱਖ ਵਿਚ ਬੁਰਜੁਆ ਨਿਜ਼ਾਮ ਨੀਂਹ ਵਲੋਂ ਸ਼ੁਰੂ ਹੁੰਦਾ ਹੈ, ਪੈਦਾਵਾਰ ਦਾ ਰੂਪ ਬਣ ਕੇ

"ਬੁਰਜੁਆ ਪੈਂਤੜਾ ਸਾਇੰਸ ਉਸਾਰਦਾ ਹੈ ਸਰਮਾਏ ਦੇ ਵਾਧੇ ਲਈ,
ਟੈਕਨਾਲੋਜੀ ਤੇ ਮਸ਼ੀਨ ਉਹ ਈਜਾਦ ਕਰਦਾ ਹੈ ਜੋ ਕਾਮਿਆਂ ਨੂੰ ਫੰਧ
ਕੇ ਰਖ ਸਕੇ।"

ਜਨਮ ਲੈਂਦਾ ਹੈ, ਉਸ ਤਰ੍ਹਾਂ ਸਮਾਜਵਾਦ ਸਰਮਾਇਦਾਰੀ ਦੀ ਕੁੱਖ ਵਿਚ ਨੀਂਹ ਵਲੋਂ ਸ਼ੁਰੂ ਨਹੀਂ ਹੋ ਸਕਦਾ, ਪੈਦਾਵਾਰ ਦਾ ਰੂਪ ਬਣ ਕੇ ਜਨਮ ਨਹੀਂ ਲੈ ਸਕਦਾ। ਸਮਾਜਵਾਦ ਨੂੰ ਉਸਾਰ ਵਲੋਂ ਸ਼ੁਰੂ ਹੋਣ ਦੀ ਮਜਬੂਰੀ ਹੈ। ਇਸ ਲਈ ਪੈਦਾਵਾਰ ਦੇ ਰਿਸ਼ਤਿਆਂ, ਸਮਾਜਕ ਰਿਸ਼ਤਿਆਂ ਤੇ ਉਨ੍ਹਾਂ ਰਾਹੀਂ ਹੋ ਰਹੇ ਅਮਲ ਨਾਲ ਵਸੋਂ ਦੀ ਮਨੁਖੀ ਬਣਤਰ ਨੂੰ ਆਪਣੇ ਅਨੁਸਾਰੀ ਢਾਲਣ ਦੀ, ਉਸ ਦੇ ਮਨ ਦੇ ਮਨੋਰਥਾਂ ਨੂੰ, ਉਸ ਦੇ ਕੰਮ ਦੀ ਪਰੇਰਨਾ ਨੂੰ ਆਪਣੇ ਰਾਹੇ ਤੋਰਨ ਦੀ। ਜੋ ਸਹੂਲਤ ਬੁਰਜੁਆ ਪੈਂਤੜੇ ਨੂੰ ਹੈ ਉਹ ਪਰੋਲਤਾਰੀ ਦੇ ਪੈਂਤੜੇ ਨੂੰ ਹਾਸਲ ਨਹੀਂ। ਹੋ ਵੀ ਨਹੀਂ ਸਕਦੀ। ਉਸ ਕੋਲ ਪੈਦਾਵਾਰ ਦੇ ਰਿਸ਼ਤੇ, ਸਮਾਜਕ ਰਿਸ਼ਤੇ, ਅਜੇ ਸਮਾਜਵਾਦੀ ਨਹੀਂ ਜਿਨ੍ਹਾਂ ਰਾਹੀਂ ਹੁੰਦਾ ਅਮਲ ਵਸੋਂ ਨੂੰ ਆਪਣੇ ਆਪ ਪਰੋਲ਼ਤਾਰੀ ਦੇ ਪੈਂਤੜੇ ਦੇ ਸੂਤ ਕਰ ਦੇਵੇ ਅਤੇ ਸੂਤ ਕਰ ਕੇ ਤੋਰੀ ਜਾਵੇ। ਇਨਕਲਾਬ ਦੇ ਮਗਰੋਂ ਉਸਾਰ ਦੀ ਮਦਦ ਨਾਲ ਉਸ ਨੇ ਸਮਾਜਵਾਦੀ ਸਮਾਜਕ ਰਿਸ਼ਤੇ ਅਜੇ ਉਸਾਰਨੇ ਹੁੰਦੇ ਹਨ। ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਸਿਰ 'ਤੇ ਸਮਾਜਕ ਰਿਸ਼ਤਿਆਂ ਦੀ ਜਮਾਤੀ ਕਾਇਆਂ-ਪਲਟੀ ਕਰਨੀ ਹੀ ਮੂਲ ਕੰਮ ਹੁੰਦਾ ਹੈ।

ਪਰੋਲਤਾਰੀ ਤੇ ਉਸ ਦੀਆਂ ਸੰਗੀ ਜਮਾਤਾਂ ਇਨਕਲਾਬ ਤਾਂ ਵਿਚਾਰਧਾਰਕ ਪਰੇਰਨਾ ਦੀਆਂ ਉਠਾਈਆਂ ਲੈ ਆਉਂਦੀਆਂ ਹਨ, ਪਰ ਇਨਕਲਾਬ ਲਿਆ ਕੇ ਵੀ ਪੈਦਾਵਾਰ ਦੇ ਕੰਮ ਦੀ ਪਰੇਰਨਾ ਤਾਂ ਪਰੋਲਤਾਰੀ ਦੀ ਆਪਣੀ ਵੀ ਅਜੇ ਬਹੁਤ ਹੱਦ ਤਕ ਬੁਰਜੁਆ ਹੀ ਰਹਿੰਦੀ ਹੈ। ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਅਧੀਨ ਵੀ, ਉਸ ਡਿਕਟੇਟਰਸ਼ਿਪ ਦੀ ਕਰਵਾਈ ਪੈਦਾਵਾਰ ਵੀ ਪਰੋਲਤਾਰੀਆ ਆਪਣੇ ਆਪ ਵਾਸਤੇ, ਆਪਣੇ ਟੱਬਰ ਵਾਸਤੇ ਪੈਸੇ ਕਮਾਉਣ ਲਈ ਹੀ ਕਰਦਾ ਹੈ। ਬੁੱਧੀਮਾਨ ਤਬਕਾ ਤਾਂ ਮੂਲ ਰੂਪ ਵਿਚ ਹੁੰਦਾ ਹੀ ਨਿਗੂਣੀ ਬੁਰਜੁਆਜ਼ੀ ਦਾ ਜੰਮ-ਪਲ ਹੈ। ਉਸ ਦੀ ਬਣਤਰ ਦਾ ਹੀ ਹੁੰਦਾ ਹੈ। ਇਨਕਲਾਬ ਦੇ ਮਗਰੋਂ ਪਰੋਲਤਾਰੀ ਦਾ ਪੈਂਤੜਾ ਕਰਤੇ ਦੀ ਸ਼ਕਲ ਵਿਚ ਮੂਲ ਰੂਪ ਵਿਚ ਹੁੰਦਾ ਹੈ ਪਰੋਲਤਾਰੀ ਦੀ ਡਿਕਟੇਟਰਸ਼ਿਪ, ਉਸ ਦੀ ਕਰਨੀ, ਤੇ ਜੋ ਕਰਨੀ ਉਹ ਸਮਾਜ ਵਿਚ ਆਪਣੀ ਤਾਕਤ ਤੇ ਅਗਵਾਈ ਨਾਲ ਕਰਵਾਉਂਦਾ ਹੈ। ਇਹ ਡਿਕਟੇਟਰਸ਼ਿਪ ਮੁਖਾਤਬ ਹੁੰਦੀ ਹੈ, ਬੁਰਜੁਆ ਪੈਂਤੜੇ ਤੇ ਉਸ ਦੀ ਆਰਥਕ, ਕਲਚਰਲ, ਸਿਆਸੀ ਤਾਕਤ ਨੂੰ। ਨੀਂਹ ਦੇ ਖੇਤਰ ਵਿਚ ਬੁਰਜੁਆ ਪੈਂਤੜੇ ਦੀ ਤਾਕਤ ਦਾ ਆਧਾਰ ਹੈ—ਕੰਮ ਦੀ ਬੁਰਜੁਆ ਵੰਡ, ਕੰਮ ਦੀ ਬੁਰਜੁਆ ਪਰੇਰਨਾ, ਪੈਦਾਵਾਰ ਦੇ ਬੁਰਜੁਆ ਰਿਸ਼ਤੇ, ਹੋਈ ਪੈਦਾਵਾਰ ਦੀ ਬੁਰਜੁਆ ਕਾਣੀ ਵੰਡ ਤੇ ਪੈਦਾਵਾਰ ਦੇ ਕੇਂਦਰਾਂ ਵਿਚ ਬੁਰਜੁਆ ਰਾਹੇ ਤੁਰਦੇ ਮਾਹਿਰਾਂ, ਪ੍ਰਬੰਧਕਾਂ ਦੀ ਲੀਡਰਸ਼ਿਪ।

ਗੱਲ ਕੀ, ਪਰੋਲਤਾਰੀ ਦੀ ਡਿਕਟੇਟਰਸ਼ਿਪ ਮੁਖਾਤਬ ਹੁੰਦੀ ਹੈ—ਪਾਰਟੀ, ਸਟੇਟ, ਰਾਜਪ੍ਰਬੰਧ ਤੇ ਫੌਜ ਆਦਿ ਸਭ ਖੇਤਰਾਂ ਦੇ **capitalist roaders** ਨੂੰ। ਉਨ੍ਹਾਂ ਦੀ ਸਿਆਸੀ ਫੌਜੀ ਤਾਕਤ ਨੂੰ। ਬੁਰਜੁਆ ਪੈਂਤੜੇ ਦੀ ਐਨੀ ਤਾਕਤ ਦੇ ਪ੍ਰਸੰਗ ਵਿਚ ਸਪੱਸ਼ਟ ਹੈ ਕਿ ਪਰੋਲਤਾਰੀ ਦਾ ਪੈਂਤੜਾ,

ਪਰੋਲਤਾਰੀ ਦੀ ਡਿਕਟੇਟਰਸ਼ਿਪ ਖ਼ੁਦ ਆਪ ਵੀ ਪੱਕਿਆਂ ਪੈਰਾਂ 'ਤੇ ਨਹੀਂ ਹੁੰਦੀ। ਉਹ ਹੁੰਗਲਾ ਜਾਵੇ, ਉਹ ਕਿਸੇ ਵੇਲੇ ਵੀ ਆਪਣੇ ਪੈਰਾਂ ਤੋਂ ਉਖੇੜੀ ਜਾ ਸਕਦੀ ਹੈ। ਬੁਰਜੁਆ ਪੈਂਤੜੇ ਦੀ ਤਾਕਤ ਉਸ ਨੂੰ ਮੂੰਹ-ਭਾਰ ਸੁਟ ਸਕਦੀ ਹੈ। ਸੋ ਪਰੋਲਤਾਰੀ ਦੇ ਪੈਂਤੜੇ ਵਾਸਤੇ, ਪਰੋਲਤਾਰੀ ਦੀ ਡਿਕਟੇਟਰਸ਼ਿਪ ਲਈ ਸਭ ਨਾਲੋਂ ਪਹਿਲਾ, ਬੁਨਿਆਦੀ, ਜਿਗਰੀ ਮਸਲਾ ਹੁੰਦਾ ਹੈ ਆਪਣੇ ਆਪ ਦੀ ਰਾਖੀ ਦਾ, ਆਪਣੇ ਆਪ ਨੂੰ ਮਜ਼ਬੂਤ ਤੇ ਕਾਬਜ਼ ਰਖਣ ਦਾ। ਦੁਸ਼ਮਣ ਜਿੱਥੇ ਵੀ ਸਿਰ ਕਢੇ ਉਸ ਨੂੰ ਫੇਹੀ ਜਾਣ ਦਾ; ਬੁਰਜੁਆ ਪੈਂਤੜੇ ਵਾਲਿਆਂ ਕੋਲ ਜਿਸ ਕਿੱਤੇ ਵਿਚ ਵੀ ਤਾਕਤ ਹੈ, ਹਾਲਾਤ ਦੇ ਪ੍ਰਸੰਗ ਵਿਚ, ਉਨ੍ਹਾਂ ਕੋਲੋਂ ਖੋਹੀ ਜਾਣ ਦਾ ਤੇ ਆਪਣੇ ਆਪ ਨੂੰ ਮਜ਼ਬੂਤ ਤੋਂ ਮਜ਼ਬੂਤ ਬਣਾਈ ਜਾਣ ਦਾ। ਜੇ ਡਿਕਟੇਟਰਸ਼ਿਪ ਹੀ ਪਰੋਲਤਾਰੀ ਦੀ ਨਾ ਰਹੇ, ਬੁਰਜੁਆਜ਼ੀ ਦੀ ਹੋ ਜਾਵੇ ਤਾਂ ਸਮਾਜਵਾਦ ਦੀ ਸਫ਼ ਹੀ ਵਲ੍ਹੇਟੀ ਗਈ।

ਸਮਾਜਵਾਦ ਦੇ ਸਾਰੇ ਇਤਿਹਾਸਕ ਦੌਰ ਵਿਚ ਬੁਰਜੁਆ ਹੱਕ, ਬੁਰਜੁਆਜ਼ੀ ਦੇ ਪੈਦਾ ਹੋਣ ਦੀ ਭੋਂ ਖ਼ਤਮ ਨਹੀਂ ਕੀਤੀ ਜਾ ਸਕਦੀ। ਸਿਰਫ਼ ਉਸ ਨੂੰ ਲਗਾਤਾਰ ਜਮਾਤੀ ਜਦੋ-ਜਹਿਦ ਨਾਲ ਮਹਿਦੂਦ ਹੀ ਕੀਤਾ ਜਾ ਸਕਦਾ ਹੈ। ਇਸ ਸਾਰੇ ਇਤਿਹਾਸਕ ਦੌਰ ਵਿਚ ਪਰੋਲਤਾਰੀ ਵਾਸਤੇ ਲਾਜ਼ਮੀ ਹੈ ਕਿ ਉਹ ਬੁਰਜੁਆਜ਼ੀ ਉਤੇ ਆਪਣੀ ਭੰਨਵੀਂ ਡਿਕਟੇਟਰਸ਼ਿਪ ਚਲਾਵੇ ਚੁਫੇਰਿਉਂ, ਸਭ ਪਹਿਲੂਆਂ ਵਿਚ ਅਤੇ ਇਨਕਲਾਬ ਦੇ ਪਕਿਆਂ ਹੋਣ ਤਕ ਉਸ ਦੀਆਂ ਸਭ ਸਟੇਜਾਂ 'ਤੇ। ਅਧ-ਵਾਟੇ ਖੜੋ ਜਾਣਾ ਖ਼ਤਰਨਾਕ ਹੈ। ਜੇ ਸਮਾਜਵਾਦ ਦੇ ਸਾਰੇ ਇਤਿਹਾਸਕ ਦੌਰ ਵਿਚ ਇਹ ਡਿਕਟੇਟਰ-ਸ਼ਿਪ ਕਾਇਮ ਨਹੀਂ ਰਹਿੰਦੀ ਤਾਂ ਇਨਕਲਾਬ ਵਾਲਾ, ਉਸ ਨੂੰ ਨੇਪਰੇ ਚੜ੍ਹਾਉਣ ਵਾਲਾ ਸਾਰਾ ਖੇਲ੍ਹ ਹੀ ਖਤਮ ਹੋ ਜਾਵੇਗਾ।

ਇਹ ਡਿਕਟੇਟਰਸ਼ਿਪ ਚਲਾਉਣੀ ਹੈ ਕੀ ? ਇਕ ਪਾਸੇ ਤੋਂ ਇਹ ਹੈ ਜਮਾਤੀ ਜਦੋ-ਜਹਿਦ ਜੋ ਬੜੀ ਪੇਚੀਦਾ ਹੈ, ਚੀਹੜੀ ਹੈ, ਅਤੇ ਜੋ ਸਮਾਜਵਾਦ ਦੇ ਨਾਲ ਸਾਵੀਂ ਹੰਢਦੀ ਹੈ। ਹਾਲਾਤ ਦੇ ਅਨੁਸਾਰ ਇਹ ਕੋਈ ਸ਼ਕਲ ਵੀ ਅਖਤਿਆਰ ਕਰ ਸਕਦੀ ਹੈ—ਆਰਥਕ, ਵਿਦਿਅਕ, ਪ੍ਰਬੰਧਕ, ਫੌਜੀ। **ਦੂਸਰ** ਪਾਸੇ ਤੋਂ ਇਹ ਪਰੋਲਤਾਰੀ ਦੀ ਸਟੇਟ ਦੀ ਲੀਡਰਸ਼ਿਪ ਹੈ। ਉਸ ਦੀ ਲਈ ਲਾਈਨ ਤੇ ਅਪਣਾਈ ਨੀਤੀ ਹੈ। ਸਮਾਜਵਾਦ ਦੇ ਸਾਰੇ ਇਤਿਹਾਸਕ ਦੌਰ ਵਿਚ ਇਹ ਅੱਤ ਜ਼ਰੂਰੀ ਹੈ ਕਿ ਪਹਿਲ-ਕਦਮੀ ਪਰੋਲਤਾਰੀ ਦੀ ਸਟੇਟ ਦੇ ਹੱਥ ਰਹੇ। ਇਸ ਦੌਰ ਵਿਚ ਪਰੋਲਤਾਰੀ ਦੀ ਸਟੇਟ ਦਾ, ਹਰ ਖੇਤਰ ਵਿਚ, ਹਰ ਵੇਲੇ, ਹਰ ਸਟੇਜ 'ਤੇ ਉਸ ਦੀ ਪਹਿਲ-ਕਦਮੀ ਦਾ ਜੋ ਰੋਲ ਹੈ ਉਸ ਦੀ ਬਾਬਤ ਚੰਦ ਨੂੰ, ਜਾਂ ਪਾਰਟੀ ਨੂੰ ਹੀ ਨਹੀਂ, ਸਭ ਮੁਲੱਖਈਏ ਨੂੰ, ਸਭਸ ਨੂੰ ਚਿੱਟਾ ਚਾਨਣਾ ਹੋਣਾ ਚਾਹੀਦਾ ਹੈ। ਜੇ ਪਹਿਲ-ਕਦਮੀ ਉਸ ਦੇ ਹਥੋਂ ਖਿਸਕ ਕੇ ਬੁਰਜੁਆਜ਼ੀ ਦੇ ਕੋਲ ਚਲੀ ਜਾਵੇ ਤਾਂ ਸਮਝੋ ਹੋਣ ਵਾਲੀ ਹਾਰ ਨੇ ਝਾਤੀ ਆਣ ਮਾਰੀ।

ਪਰੋਲਤਾਰੀ ਦੀ ਡਿਕਟੇਟਰਸ਼ਿਪ ਤੇ ਉਸ ਦੀ ਪਹਿਲ-ਕਦਮੀ ਨਾਲੋਂ ਵੀ ਬੁਨਿਆਦੀ ਸਵਾਲ **ਹੈ ਉਸ ਦੇ ਅਸਲੇ ਦਾ**। ਉਸ ਦਾ ਅਸਲਾ ਹੈ ਮਾਰਕਸਵਾਦ। ਅਤੇ ਇਹ ਸਾਨੂੰ ਲੈ ਆਉਂਦਾ ਹੈ ਉਸਾਰ ਵਿਚਲੀ ਦੂਸਰੀ ਧਿਰ ਵਲ—ਸਟੇਟ ਦੇ ਸੰਗੀ ਚੇਤਨਤਾ ਵਲ, ਕਲਚਰ ਵਲ। ਸੋ ਸਾਰੀ ਗੱਲ ਮੁਕਦੀ ਹੈ ਮਾਰਕਸਵਾਦ ਨੂੰ **ਵਰਨ** 'ਤੇ, ਹਾਲਾਤ **ਦੇ ਹਾਣੀ ਉਸ ਦੀ ਉਸਾਰੀ** 'ਤੇ, **ਪਰੋਲਤਾਰੀ ਦੇ ਨਜ਼ਰੀਏ ਨੂੰ ਗ੍ਰਹਿਣ ਕਰਨ 'ਤੇ। ਜ਼ਿੰਦਗੀ ਦੇ ਹਰ ਪਹਿਲੂ ਵਿਚ ਉਸ ਨੂੰ ਲਾਗੂ ਕਰਨ 'ਤੇ। ਮਨੁਖੀ ਬਣਤਰ ਨੂੰ ਉਸ ਦੇ ਰਾਹ ਤੋਰਨ 'ਤੇ, ਮਨੁਖੀ ਮਨੋਰਥਾਂ ਦੇ ਉਸ ਦੀ ਪੰਜਾਲੀ ਜੁਪਣ ਅਤੇ ਅਰਪਨ ਹੋਣ 'ਤੇ। ਉਸ ਦੀਆਂ ਕਦਰਾਂ-ਕੀਮਤਾਂ ਦੇ ਸਿਸਟਮ ਦਾ ਸਰੂਪ ਹੋਣ 'ਤੇ।** ਅਕਸਰ ਨੀਂਹ ਨੂੰ, ਸਾਰੇ ਸਮਾਜਕ ਵੇਗ ਨੂੰ, ਇਨਕਲਾਬ ਤੋਂ ਮਗਰੋਂ ਬਦਲਣਾ ਕਿਸ ਨੇ ਹੈ ? ਉਸਾਰ ਨੇ, ਪਰੋਲਤਾਰੀ ਸਟੇਟ ਤੇ ਪਰੋਲਤਾਰੀ ਕਲਚਰ ਨੇ।



# ਡਾਕਟਰ ਹਰਿਭਜਨ ਸਿੰਘ ਦਾ ਸਾਹਿਤ ਸੰਰਚਨਾਵਾਦ

**ਮੋਹਨ ਸਿੰਘ ਜੋਸ਼**

**ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ** ਦੇ ਇਤਿਹਾਸ ਵਿਚ ਯੂ. ਕੇ. ਵਿਚ 6 ਜੂਨ ਤੋਂ 22 ਜੂਨ ਤਕ ਹੋਇਆ ਵਿਸ਼ਵ ਪੰਜਾਬੀ ਸਾਹਿਤ ਸੰਮੇਲਨ ਬੜੀ ਮਹੱਤਤਾ ਰਖਦਾ ਹੈ। ਇਸ ਵਿਚ 16 ਪਰਚਿਆਂ 'ਤੇ ਵਿਚਾਰ-ਵਟਾਂਦਰਾ ਹੋਇਆ ਜਿਸ ਵਿਚ ਕੋਈ 68 ਡੈਲੀਗੇਟਾਂ ਨੇ ਹਿੱਸਾ ਲਿਆ। ਇਹਨਾਂ ਵਿਚੋਂ, ਵੱਧ ਜਾਂ ਘੱਟ 40 ਪੰਜਾਬ ਵਿਚੋਂ ਗਏ ਸਨ, ਬਾਕੀ ਦੇ ਪਾਕਿਸਤਾਨ, ਬਰਤਾਨੀਆ, ਸਿੰਘਾਪੁਰ, ਈਸਟ ਅਫਰੀਕਾ, ਹਾਲੈਂਡ, ਅਮਰੀਕਾ ਵਗੈਰਾ ਤੋਂ ਆਏ ਸਨ ! ਮੈਨੂੰ ਇਸ ਇਤਿਹਾਸਕ ਸੰਮੇਲਨ ਵਿਚ ਹਿੱਸਾ ਲੈਣ ਦਾ ਸੁਭਾਗ ਪ੍ਰਾਪਤ ਹੋਇਆ।

ਇਹਨਾਂ ਪਰਚਿਆਂ ਵਿਚ ਇਕ ਪਰਚਾ ਡਾ: ਹਰਿਭਜਨ ਸਿੰਘ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਹੈਡ ਵਲੋਂ ਪੜ੍ਹਿਆ ਗਿਆ, ਜਿਸ ਦਾ ਸਿਰਲੇਖ ਸੀ : 'ਸਾਹਿਤ ਸੰਰਚਨਾਵਾਦ : ਮਾਰਕਸਵਾਦੀ ਮਿੱਤਰਾਂ ਦੀ ਨਜ਼ਰ !' ਇਸ ਪਰਚੇ ਵਿਚ ਉਹਨਾਂ ਨੇ ਉਸ ਫਿਲਾਸਫੀ ਦੀ ਵਿਆਖਿਆ ਕੀਤੀ ਹੈ, ਜਿਹੜੀ ਉਹ ਅਜ ਕਲ੍ਹ ਅਪਣਾ ਤੇ ਪਰਚਾਰ ਰਹੇ ਹਨ ! ਇਸ ਲੇਖ ਵਿਚ ਮੈਂ ਆਪਣੇ ਵਿਚਾਰ ਇਸ ਦੇ ਕੁਛ ਪਹਿਲੂਆਂ ਉਤੇ ਹੀ ਪੇਸ਼ ਕਰਾਂਗਾ।

ਡਾਕਟਰ ਸਾਹਿਬ ਦੀ ਇਹ ਫਿਲਾਸਫੀ ਜਿਹੜੀ 'ਸਾਹਿਤ ਸੰਰਚਨਾਵਾਦ' ਦੇ ਪਰਚੇ ਵਿਚ ਬਿਆਨ ਕੀਤੀ ਗਈ ਹੈ, ਉਹਨਾਂ ਦੇ ਆਪਣੇ ਸ਼ਬਦਾਂ ਵਿਚ ਇੰਜ ਹੈ :

"ਉਹ (ਫਿਲਾਸਫਰ ਅਲਥਿਉਸਰ) ਦਾ ਮਤ ਹੈ ਕਿ ਸਾਰੇ ਹੀ ਸਮਾਜਕ ਵਿਹਾਰਾਂ ਨੂੰ ਭਾਸ਼ਾਵਾਂ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ...ਸੰਰਚਨਾਵਾਦ ਮਨੁਖੀ ਵਿਹਾਰਾਂ ਦਾ ਵਿਗਿਆਨ ਉਸਾਰਨ ਦਾ ਜਤਨ ਹੈ। ਕੁਝ ਲੋਕਾਂ ਦਾ ਮਤ ਹੈ ਕਿ ਮਾਰਕਸ ਨੇ 'ਇਤਿਹਾਸ ਦਾ ਮਹਾਂਦੀਪ' ਦਰਿਆਫਤ ਕੀਤਾ, ਹੁਣ ਕੁਝ ਲੋਕ ਕਹਿੰਦੇ ਜਾਪਦੇ ਹਨ ਕਿ ਸੋਸਿਊਰ ਨੇ 'ਭਾਸ਼ਾ ਦਾ ਮਹਾਂਦੀਪ' ਦਰਿਆਫਤ ਕੀਤਾ ਤੇ ਸਾਡੇ ਚਿੰਤਨ ਨੂੰ ਅਸਲੋਂ ਨਵਾਂ ਮੋੜ ਦਿਤਾ ਹੈ। **ਇਸ ਮੋੜ ਦ ਬਾਅਦ ਮਿਥਕ ਚਿੰਤਨ ਨੂੰ ਕੋਈ ਥਾਂ ਨਹੀਂ ਰਹੀ**, ਸਭ ਕੁਝ ਵਿਗਿਆਨਕ ਬਿਰਤੀ ਨਾਲ ਵਿਚਾਰਨਾ ਪਏਗਾ...ਸਭ ਕੁਝ ਭਾਸ਼ਾਂ ਵਿਚ, ਭਾਸ਼ਾ ਰਾਹੀਂ, ਭਾਸ਼ਾ ਰੂਪ ਵਿਚ ਆਪਣੀ ਹੋਂਦ ਗ੍ਰਹਿਣ ਕਰਦਾ ਹੈ।' **ਇਹ ਭਾਸ਼ਾ ਜਿਹਾ ਸੰਕਲਪ ਭੂਪਵਾਦੀ ਤੇ ਬੁਰਜੁਆ ਦੌਰ ਦੇ ਮਿਥਕ ਚਿੰਤਨ ਨੂੰ ਨਕਾਰਦਾ ਹੈ !"** (ਜ਼ੋਰ ਮੇਰਾ)

ਇਹ ਹੈ, ਸੰਖੇਪ ਵਿਚ, ਨਵੀਂ 'ਕ੍ਰਾਂਤੀਕਾਰੀ' ਫਿਲਾਸਫੀ ਦਾ ਸਾਰ-ਅੰਸ਼ ਜਿਸ ਦੇ 'ਸਿਰਜਨ ਦਾ ਜਤਨ' ਅਜੇ ਕੀਤਾ ਜਾ ਰਿਹਾ ਹੈ, ਅਤੇ ਜਿਸ ਦੀ ਸਿਰਜਨਾ ਅਜੇ ਸਿਰੇ ਨਹੀਂ ਚੜ੍ਹੀ। ਏਸੇ ਦੇ ਭਗਤ ਡਾਕਟਰ ਸਾਹਿਬ ਬਣ ਚੁਕੇ ਹਨ, ਅਤੇ ਏਸੇ ਨੂੰ ਸਿਰੇ ਚੜ੍ਹਾਉਣ ਤੇ ਪਰਚਾਰਨ ਦਾ ਰਾਤ ਦਿਨ ਜਤਨ ਕਰ ਰਹੇ ਹਨ। ਪਰ ਹਵਾਲਿਆਂ ਵਿਚ ਦਿੱਤੇ-ਵਰਤੇ ਗਏ ਸ਼ਬਦਾਂ ਤੋਂ ਪਰਤੀਤ ਹੁੰਦਾ ਹੈ ਕਿ ਡਾਕਟਰ ਸਾਹਿਬ ਅਜੇ ਜਕੋ-ਤਕਿਆਂ ਵਿਚ ਫਸੇ ਹੋਏ ਹਨ। ਦੁਚਿੱਤੀ ਕੰਨੀ

ਫੜੀ ਬੈਠੀ ਹੈ ! ਖੈਰ, ਇਹ ਉਹਨਾਂ ਦੀ ਮਨੋਅਸਥਲ ਸਮਸਿਆ ਹੈ । ਆਪ ਪਏ ਨਜਿਠਣ, ਸਾਨੂੰ ਇਸ ਨਾਲ ਕੀ ?

ਇਹ ਨਵੀਂ 'ਕ੍ਰਾਂਤੀਕਾਰੀ' ਫਿਲਾਸਫੀ ਭਾਸ਼ਾ ਤੇ ਭਾਸ਼ਾ ਵਿਗਿਆਨ ਉਤੇ ਆਧਾਰਤ ਹੈ । ਇਹ ਫਿਲਾਸਫੀ, ਭਾਸ਼ਾ ਤੇ ਭਾਸ਼ਾ ਵਿਗਿਆਨ ਨੂੰ ਨਵਾਂ 'ਕਰਤਾ ਪੁਰਖ' ਸਥਾਪੰਤ ਕਰਦੀ ਹੈ ਜਿਹੜਾ ਸਮਾਜ ਦੇ ਹਰ ਖੇਤਰ—ਰਾਜਸੀ, ਸਭਿਆਚਾਰਕ, ਆਰਥਕ, ਵਿਦਿਅਕ ਆਦਿ—ਦੇ ਹਰ ਮਸਲੇ ਦੇ ਜੰਦਰੇ ਖੱਲ੍ਹਣ ਦੀ ਕੁੰਜੀ ਦਾ ਕੰਮ ਕਰੇਗੀ !

ਡਾਕਟਰ ਹਰਿਭਜਨ ਸਿੰਘ ਦੇ 'ਭਾਸ਼ਾ ਤੇ ਭਾਸ਼ਾ ਵਿਗਿਆਨ' ਦੇ ਉਹ ਅਰਥ ਨਹੀਂ ਹਨ ਜਿਹੜੇ ਤੁਸੀਂ ਪੜ੍ਹਦੇ ਆਏ ਹੋ ਜਾਂ ਭਾਸ਼ਾ ਵਿਗਿਆਨੀਆਂ ਤੋਂ ਸੁਣਦੇ ਆਏ ਹੋ । ਅਜ ਤਕ ਇਸ ਦੇ, ਮੋਟੇ ਤੌਰ 'ਤੇ ਅਰਥ ਸਨ : ਭਾਸ਼ਾ ਦੇ ਨਿਕਾਸ ਵਿਕਾਸ ਦਾ ਗਿਆਨ, ਇਸ ਦੀ ਵਿਆਕਰਣ, ਵਾਕ ਬਣਤਰ ਦਾ ਵਿਸ਼ਲੇਸ਼ਨ ਤੇ ਵਿਆਖਿਆ, ਦੂਜੀਆਂ ਭਾਸ਼ਾਵਾਂ ਨਾਲ ਆਦਾਨ ਪ੍ਰਦਾਨ ਅਤੇ

> "ਸੰਰਚਨਾਵਾਦ ਵਾਸਤਵਿਕਤਾ ਤੋਂ ਵਧੀਕ ਸੰਰਚਨਾ ਨਾਲ ਜਾਂ ਰੂਪ
> ਸਿਰਜਣ ਨਾਲ ਸਬੰਧਤ ਹੈ ।"

ਉਹਨਾਂ ਨਾਲ ਇਸ ਦਾ ਤੁਲਨਾਤਮਕ ਅਧਿਅਨ ਵਗੈਰਾ । ਉਹਨਾਂ ਦਾ ਇਸ ਭਾਸ਼ਾ-ਵਿਗਿਆਨ ਤੋਂ ਮਤਲਬ ਹੈ : ਭਾਸ਼ਾ ਵਿਗਿਆਨ ਹੀ ਅਸਲ ਵਿਗਿਆਨ ਹੈ, ਇਸ ਵਿਚ ਕੁਲ ਸਮਾਜੀ ਮਸਲਿਆਂ ਦਾ ਹਲ ਮੌਜੂਦ ਹੈ, ਤੁਹਾਨੂੰ ਮਾਰਕਸਵਾਦ ਜਾਂ ਹੋਰ ਕਿਸੇ 'ਵਾਦ' ਪਿੱਛੇ ਜਾਣ ਦੀ ਲੋੜ ਨਹੀਂ । ''ਸਭ ਕੁਝ ਭਾਸ਼ਾ ਵਿਚ, ਭਾਸ਼ਾ ਰਾਹੀਂ ਭਾਸ਼ਾ ਰੂਪ ਵਿਚ ਆਪਣੀ ਹੋਂਦ ਗ੍ਰਹਿਣ ਕਰਦਾ ਹੈ ।'' ਇਹ ਵਿਗਿਆਨ ਬਾਕੀ ਸਭ ਵਿਚਾਰ-ਧਾਰਾਵਾਂ, ਚਿੰਤਨਾਂ ਨੂੰ ਬੇਕਾਰ ਤੇ ਫਜ਼ੂਲ ਸਮਝਦਾ ਤੇ ਗਰਦਾਨਦਾ ਹੈ ਤੇ ਦਾਅਵਾ ਕਰਦਾ ਹੈ ਕਿ ''ਸਾਰੇ ਹੀ ਸਮਾਜਕ ਵਿਹਾਰਾਂ ਨੂੰ ਭਾਸ਼ਾਵਾਂ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ ।''

ਇਸ ਵਿਗਿਆਨ ਦੀ ਦਰਿਆਫਤ ਦੇ ਬਾਅਦ 'ਮਿਥਕ ਚਿੰਤਨ ਨੂੰ ਕੋਈ ਥਾਂ ਨਹੀਂ ਰਹੀ...' ਇਹ 'ਭੂਪਵਾਦੀ ਤੇ ਬੁਰਯੁਆ ਦੌਰ ਦੇ ਮਿਥਕ ਚਿੰਤਨ ਨੂੰ ਨਕਾਰਦਾ ਹੈ ।'' ਇਹ ਏਸੇ ਮਨਤਕ ਜਾਂ ਤਰਕ ਅਨੁਸਾਰ ਸੋਸ਼ਲਿਜ਼ਮ ਦੇ ਚਿੰਤਨ ਨੂੰ ਵੀ ਨਕਾਰਦਾ ਹੈ ਤੇ ਮਿਥਕ ਤੇ ਮਿਥਿਅਕ ਗਰਦਾਨਦਾ ਹੈ ! ਡਾਕਟਰ ਸਾਹਿਬ ਦੇ ਕਥਨ ਅਨੁਸਾਰ ਅਜੇ ਇਹ ਪੂਰੀ ਤਰ੍ਹਾਂ ਵਜੂਦ ਵਿਚ ਵੀ ਨਹੀਂ ਆਇਆ, ਪਰ ਜਗਤ ਚਿੰਤਨ ਉਤੇ ਫਤਿਹ ਦੇ ਡੰਕੇ ਅਗੋਂ ਹੀ ਵੱਜਣ ਲਗ ਪਏ ਹਨ !

ਆਓ ਜ਼ਰਾ ਗਹਿਰਾਈ ਨਾਲ ਵੇਖੀਏ ਕਿ ਭੂਪਵਾਦੀ ਤੇ ਬੁਰਜੁਆ ਚਿੰਤਨ ਮਿਥਕ, ਗ਼ਲਤ ਤੇ ਖੋਟਾ ਸੀ ? ਇਹ ਚਿੰਤਨ ਕਿਹੜੇ ਠੋਸ ਹਾਲਾਤ (ਸਥਿਤੀਆਂ) 'ਤੇ ਆਧਾਰਤ ਸੀ ? ਕੀ ਉਹ ਹਾਲਾਤ ਮਿਥਕ ਤੇ ਗ਼ੈਰ-ਹਕੀਕੀ ਸਨ ?

ਇਹ ਨਾ-ਰੱਦ-ਕੀਤੀ-ਜਾਣ-ਵਾਲੀ ਹਕੀਕਤ ਹੈ ਕਿ ਭੂਪ ਜਾਂ ਮਹਾਰਾਜਾ ਆਪਣੀ ਫ਼ੌਜ ਤੇ ਹਥਿਆਰਾਂ ਦੇ ਕਬਜ਼ੇ ਦੇ ਜ਼ੋਰ ਨਾਲ ਆਪਣੇ ਹੇਠਲੇ ਮੁਲਕ ਦਾ ਵਾਹਦ ਮਾਲਕ ਸੀ । ਉਸ ਦਾ ਲੋਕਾਂ ਦੀ ਜ਼ਿੰਦਗੀ ਉਤੇ ਪੂਰਣ ਅਧਿਕਾਰ ਸੀ—ਹਿਟਲਰ ਸ਼ਾਹੀ ਅਧਿਕਾਰ ! ਕਤਲ ਕਰੇ ਜਾਂ ਜ਼ਿੰਦਾ ਰਖੇ । ਲੋਕਾਂ ਦੇ ਕੋਈ ਅਧਿਕਾਰ ਜਾਂ ਹੱਕ ਨਹੀਂ ਸਨ । ਉਹ ਜਦ ਚਾਹੇ ਜੋ ਚਾਹੇ ਕਰ ਸਕਦਾ ਸੀ : ਉਹ ਲੋਕਾਂ ਦੀ ਦੌਲਤ ਖੋਹ ਕੇ, ਉਹਨਾਂ ਦੀਆਂ ਖ਼ੂਬਸੂਰਤ ਬੇਟੀਆਂ ਫੜ ਕੇ ਆਪਣੇ



ਘਰ ਪਾ ਸਕਦਾ ਸੀ । ਉਹ ਆਪਣੇ ਆਪ ਨੂੰ ਧਰਤੀ ਉਤੇ ਰੱਬ ਦਾ ਪ੍ਰਤੀਨਿਧ ਸਮਝਦਾ ਸੀ—ਸਰਬ ਸ਼ਕਤੀਮਾਨ ! ਉਹ ਖ਼ੁਦ ਸਾਕਾਰ ਕਾਨੂੰਨ ਸੀ ਅਤੇ ਮੁਲਕ ਦਾ ਦਿਹਮਾਨ ਵਿਧਾਨ ! ਉਸ ਤੋਂ ਉਸ ਦੇ ਜ਼ੁਲਮਾਂ, ਅਨਿਆਂਵਾਂ ਤੇ ਵਧੀਕੀਆਂ ਦੀ ਜਵਾਬ-ਤਲਬੀ ਕੋਈ ਨਹੀਂ ਸੀ ਕਰ ਸਕਦਾ, ਕੋਈ ਦਾਦ ਫਰਿਆਦ ਨਹੀਂ ਸੀ ਕਰ ਸਕਦਾ ! ਉਹ ਮਾਨੋ, ਦੂਜਾ ਰਿਜ਼ਾ ਸ਼ਾਹ ਪਹਿਲਵੀ ਸੀ ਜਿਸ ਨੇ ਆਪਣੀ ਕਿਸਮ ਦਾ ਸਾਵਾਕ ਜਾਸੂਸੀ ਵਿਭਾਗ ਕਾਇਮ ਕਰ ਰਖਿਆ ਸੀ ਤਾਂ ਜੁ ਉਹ ਸਦੀਵੀ ਤੌਰ 'ਤੇ ਆਪਣੀ ਸੰਤਾਨ ਨੂੰ ਰਾਜ-ਗੱਦੀ ਉਤੇ ਬਹਾਲ ਰਖੇ ! ਅਤੇ ਵਿਰੋਧੀਆਂ ਨੂੰ ਉਭਾਸਰਨ ਨਾ ਦੇਵੇ ।

ਕੀ ਇਹ ਸਭ ਕੁਛ ਇਤਿਹਾਸਕ ਹਕੀਕਤ ਹੈ ਜਾਂ ਨਹੀਂ ? ਕੀ ਭੂਪਸ਼ਾਹੀ ਦੌਰ ਦਾ ਇਹ ਚਿੰਤਨ ਹਕੀਕਤ 'ਤੇ ਆਧਾਰਤ ਹੈ ਜਾਂ ਨਹੀਂ ? ਡਾਕਟਰ ਸਾਹਿਬ ਲਈ ਨਹੀਂ । ਲੋਕਾਂ ਲਈ ਹੈ !

ਇਸ ਭੂਪਸ਼ਾਹੀ ਢਾਂਚੇ ਅੰਦਰ ਨਵੀਆਂ ਪੈਦਾਵਾਰੀ ਸ਼ਕਤੀਆਂ ਵਧੀਆਂ, ਮਾਲ ਦੀ ਤਜਾਰਤ ਵਧੀ ਤੇ ਫੈਲੀ । ਵਪਾਰੀਆਂ ਨੂੰ ਵਪਾਰ ਉਤੇ ਲਾਈਆਂ ਰਾਜ ਸ਼ਾਹੀ ਪਾਬੰਦੀਆਂ ਤੰਗ ਕਰ ਰਹੀਆਂ ਸਨ, ਵਪਾਰ ਨੂੰ ਵਧਣ ਨਹੀਂ ਸਨ ਦੇਂਦੀਆਂ । ਉਹਨਾਂ ਨੇ ਕਾਮਿਆਂ ਨੂੰ ਨਾਲ ਲੈ ਕੇ ਬਗ਼ਾਵਤਾਂ ਕੀਤੀਆਂ, ਬੇਸ਼ੁਮਾਰ ਕੁਰਬਾਨੀਆਂ ਦਿਤੀਆਂ । ਮਾਰਕਸ ਨੇ ਲੜਨ ਦੀ ਨਵੀਂ ਚਿੰਤਨ ਤੇ ਸੇਧ ਦਿਤੀ, ਲੜਾਈ ਦੇ ਦਾਅ ਪੇਚ ਦਸੇ ! ਮਾਰਕਸ ਤੋਂ ਪਹਿਲਾਂ ਵੀ ਹੱਕਾਂ ਲਈ ਸੰਗਰਾਮ ਹੋਏ, ਪਰ ਉਹਨਾਂ ਸਾਹਮਣੇ ਕੋਈ ਅਗਵਾੜ (**perspective**) ਨਹੀਂ ਸੀ, ਉਹ ਬੇਸੇਧ ਹੀ ਲੜੇ ਗਏ !

ਹੱਕਾਂ ਦੀਆਂ ਇਹਨਾਂ ਲੜਾਈਆਂ ਦੇ ਸਿੱਟੇ ਵਜੋਂ ਕਿਤੇ ਤਾਂ ਰਾਜਾਸ਼ਾਹੀ ਦਾ ਤਖਤ ਉਲਟਾ ਦਿਤਾ ਗਿਆ, ਕਿਤੇ ਉਸ ਦੇ ਬੇਲਗਾਮ, ਆਪ-ਹੁਦਰੇ ਅਧਿਕਾਰਾਂ ਉਤੇ ਪਾਬੰਦੀਆਂ ਲਾ ਦਿਤੀਆਂ ਗਈਆਂ । ਲੋਕਾਂ ਨੇ ਕੁਛ ਹੱਕ ਹਾਸਲ ਕਰ ਲਏ । ਪੈਦਾਵਾਰ ਦੀਆਂ ਸ਼ਕਤੀਆਂ ਨੇ ਹੋਰ ਤਰੱਕੀ ਕੀਤੀ, ਤਾਜਰ ਤੇ ਵਪਾਰੀ ਸਰਮਾਏਦਾਰਾਂ ਵਿਚ ਤਬਦੀਲ ਹੋ ਗਏ । ਉਹਨਾਂ ਨੇ ਸੂਤ ਬਣਾਨ ਤੇ ਕਪੜਾ ਉਣਨ ਦੀਆਂ ਫੈਕਟਰੀਆਂ ਖੜ੍ਹੀਆਂ ਕਰ ਲਈਆਂ । ਭੂਪਸ਼ਾਹੀ ਅਰਥਚਾਰਾ ਸਰਮਾਏਦਾਰੀ ਅਰਥਚਾਰੇ ਤੇ ਸਮਾਜ ਵਿਚ ਤਬਦੀਲ ਹੋਣ ਲਗ ਪਿਆ । ਇਹ ਤਬਦੀਲੀ ਮੇਰੀਆਂ ਅੱਖਾਂ ਦੇ ਸਾਹਮਣੇ ਹੋਈ ਅਤੇ ਬਰਿਟਿਸ਼ ਸਾਮਰਾਜ ਦੀ ਗੁਲਾਮੀ ਦੇ ਦੌਰ ਵਿਚ ਹੋਈ । ਬਰਿਟਿਸ਼ ਰਾਜ ਦੇ ਹਿੱਤਾਂ ਅਤੇ ਪਸਾਰ-ਵਾਦੀ ਜੰਗਾਂ ਦੇ ਸੁਆਰਥਾਂ ਨੇ ਸਰਮਾਏਦਾਰੀ ਨੂੰ ਏਥੇ ਉਨਤ ਕੀਤਾ । ਅਜ ਆਜ਼ਾਦੀ ਦੇ 33 ਸਾਲਾਂ

> "ਡਾ: ਹਰਿਭਜਨ ਸਿੰਘ ਅਜੇ ਜਕੋ-ਤਕਿਆਂ ਵਿਚ ਫਸੇ ਹੋਏ ਹਨ ।
> ਦੁਚਿੱਤੀ ਕੰਨੀ ਫੜੀ ਬੈਠੀ ਹੈ । ਇਹ ਉਹਨਾਂ ਦੀ ਮਨੋਅਸਥਲ
> ਸਮਸਿਆ ਹੈ ।"

ਪਿਛੋਂ ਸਾਡੇ ਦੇਸ਼ ਦੀ ਸਰਮਾਏਦਾਰੀ ਵੱਧ ਵੱਧ ਕੇ ਇਜਾਰਾਦਾਰੀ ਵਿਚ ਤਬਦੀਲ ਹੋ ਗਈ ਹੈ ਜਿਸ ਦੀ ਲੁੱਟ-ਚੂੰਘ ਦੇ ਖਿਲਾਫ਼ ਘੋਲ ਹੋ ਰਹੇ ਹਨ, ਥਾਂ ਥਾਂ ਧਰਨੇ, ਘਿਰਾਉ ਹੜਤਾਲਾਂ, ਮੁਜ਼ਾਹਰੇ, ਜਲੂਸ ਲੋਕਾਂ ਦੀ ਨਿਘਰਦੀ ਹਾਲਤ ਦੀ ਤਸਵੀਰ ਪੇਸ਼ ਕਰ ਰਹੇ ਹਨ ! ਇਸ ਤਸਵੀਰ ਦੇ ਰੰਗ ਭਰਨ ਵਿਚ ਮਾਰਕਸ ਦਾ ਚਿੰਤਨ ਲਾਲ ਝੰਡਾ ਫੜੀ ਅਗੇ ਤੋਂ ਅਗੇ ਨਿਕਲ ਰਿਹਾ ਹੈ ।

ਕੀ ਲੋਕਾਂ ਵਲੋਂ ਆਪਣੇ ਹੱਕਾਂ ਲਈ ਲੜੇ ਜਾ ਰਹੇ ਇਹ ਘੋਲ ਮਿੱਥਕ ਹਨ ? ਕੀ ਸਾਡੀਆਂ ਅੱਖਾਂ ਸਾਹਮਣੇ ਵਾਪਰ ਰਹੀਆਂ ਇਹ ਘਟਨਾਵਾਂ ਨਿਰਾ ਭਰਮ ਤੇ ਵਹਿਮ ਹਨ ? ਕੀ ਸਾਡਾ ਇਹਨਾਂ ਸੰਗਰਾਮਾਂ ਵਿਚ ਹਿੱਸਾ ਲੈਣ, ਜੇਲ੍ਹੀਂ ਜਾਣਾ ਤੇ ਗੋਲੀਆਂ ਖਾਣਾ ਮਿਥਕ ਹੈ, ਝੂਠ ਤੇ ਫਜ਼ੂਲ ਹੈ ?

ਕੀ ਮਾਰਕਸਵਾਦੀ ਚਿੰਤਨ ਦੀ ਸਾਇੰਸ ਫਜ਼ੂਲ ਤੇ ਨਿਰਾਰਥਕ ਹੈ ?

ਹਾਂ, ਇਹ ਸਭ ਕੁਛ ਮਿਥਕ ਤੇ ਫਜ਼ੂਲ ਹੈ—ਡਾ: ਹਰਿਭਜਨ ਸਿੰਘ ਦਾ ਨਵਾਂ ਮਸੀਹਾ ਸੌਸਿਉਰ ਫਤਵਾ ਦਿੰਦਾ ਹੈ ! ਉਸ 'ਤੇ ਉਸ ਨੇ ਈਮਾਨ ਲੈ ਆਂਦਾ ਹੈ । ਤੁਸੀਂ ਵੀ ਈਮਾਨ ਲੈ ਆਉ ! ਹਾਂ ਨੂੰ ਨਾਂਹ ਆਖੋ, ਜੋ ਦਿਸੇ ਕਹੋ, ਕੁਛ ਨਹੀਂ ਦਿਸਦਾ ! ਸਭ ਪੁਰਾਣਾ ਚਿੰਤਨ ਮਿਥਿਆ ਹੈ । ਨਵਾਂ ਚਿੰਤਨ ਪੰਜਾਬੀ ਭਾਸ਼ਾ ਵਿਚੋਂ ਸਿਰਜਿਆ ਜਾ ਰਿਹਾ ਹੈ; ਉਸ ਦੀ ਉਡੀਕ ਕਰੋ ! ਤੁਹਾਡੇ ਬੰਧਨ ਆਪਣੇ ਆਪ ਕੱਟ ਜਾਣਗੇ ।

ਇਹ ਹੈ ਹਾਸੋਹੀਣੀ ਪੁਜ਼ੀਸ਼ਨ ਜਿਥੇ ਡਾਕਟਰ ਸਾਹਿਬ ਦੀ ਇਹ ਨਵੀਂ ਫਿਲਾਸਫੀ ਖੜਦੀ ਹੈ ।

ਡਾਕਟਰ ਸਾਹਿਬ ਨੂੰ ਸ਼ਿਕਾਇਤ ਹੈ ਕਿ ''ਸੰਰਚਨਾਵਾਦ ਦੇ ਵਿਰੋਧੀ, ਆਮ ਤੌਰ 'ਤੇ, ਇਸ ਉਪਰ ਇਹ ਇਲਜ਼ਾਮ ਧਰਦੇ ਹਨ ਕਿ ਇਹ ਜੀਵਨ ਨਾਲੋਂ ਕਟਿਆ ਹੋਇਆ ਹੈ । ਇਸ ਇਲਜ਼ਾਮ ਦਾ ਸਭ ਤੋਂ ਵੱਡਾ ਕਾਰਨ ਤਾਂ ਇਹ ਹੈ ਕਿ ਇਹ ਵਾਸਤਵਿਕਤਾ ਤੋਂ ਵਧੀਕ ਸੰਰਚਨਾ ਨਾਲ ਜਾਂ ਰੂਪ ਸਿਰਜਣ ਨਾਲ ਸਬੰਧਤ ਹੈ ।''

ਪਰਚੇ ਵਿਚੋਂ ਦਿੱਤਾ ਉਤਲਾ ਹਵਾਲਾ ਵਿਰੋਧੀਆਂ ਦੇ ਇਲਜ਼ਾਮ ਨੂੰ ਕਬੂਲ ਕਰਦਾ ਹੈ ਕਿ ਉਹਨਾਂ ਦੀ ਫ਼ਿਲਾਸਫੀ ਦਾ ਵਾਸਤਵਿਕਤਾ ਨਾਲ ਕੋਈ ਸਬੰਧ ਨਹੀਂ, ਉਹਨਾਂ ਦਾ ਸਬੰਧ ਸੰਰਚਨਾਵਾਦ ਨਾਲ ਹੈ ਜਿਹੜਾ ''ਵਾਸਤਵਿਕਤਾ ਤੋਂ ਵਧੀਕ ਰੂਪ ਸਿਰਜਣ ਨਾਲ ਸਬੰਧਤ ਹੈ !'' ਉਹ ਫ਼ਿਲਾਸਫੀ

"ਸੰਰਚਨਾਵਾਦੀ, ਮਿਹਨਤਕਸ਼ਾਂ ਦੇ ਉਹ ਦੁਸ਼ਮਣ ਹਨ, ਜਿਨ੍ਹਾਂ ਦੇ ਮੂੰਹਾਂ
ਵਿਚੋਂ ਬੜੇ ਮਿੱਠੇ ਸ਼ਬਦ ਨਿਕਲਦੇ ਹਨ—**ਸਜਣ** ਠੱਗ ਵਾਂਗ, ਪਰ ਕੱਛਾਂ
ਛੁਰੀਆਂ ਲੁਕਾਈ ਬੈਠੀਆਂ ਹਨ !"

ਜਿਹੜੀ ਜ਼ਿੰਦਗੀ ਦੀ ਵਾਸਤਵਿਕਤਾ (ਹਕੀਕਤ ਜਾਂ ਯਥਾਰਥ) ਨਾਲ ਤੁਅੱਲਕ ਨਹੀਂ ਰਖਦੀ ਲੋਕਾਂ ਨੂੰ ਉਸ ਦੀ ਕੋਈ ਲੋੜ ਨਹੀਂ । ਲੋਕ ਤਾਂ ਆਪਣੇ ਜੀਵਨ ਦੇ ਮਸਲੇ ਹਲ ਕਰਨਾ ਚਾਹੁੰਦੇ ਹਨ, ਜਿਹੜੇ ਕਿਸੇ 'ਰੂਪ ਸਿਰਜਨ' ਨੇ ਨਹੀਂ ਕਰਨੇ, ਸੰਘਰਸ਼ ਨੇ, ਏਕੇ, ਜਥੇਬੰਦੀ ਤੇ ਸਾਂਝੇ ਸੰਘਰਸ਼ ਨੇ ਕਰਨੇ ਹਨ । ਸੰਰਚਨਾਵਾਦ ਦੀ ਜਾਦੂਗਰੀ ਉਹਨਾਂ ਦੇ ਕੰਮ ਦੀ ਨਹੀਂ ।

ਉਤੇ ਅਸਾਂ ਏਹੋ ਸਿਧ ਕਰਨ ਦਾ ਜਤਨ ਕੀਤਾ ਹੈ ਕਿ ਸੰਰਚਨਾਵਾਦ ਦਾ ਜ਼ਿੰਦਗੀ ਦੀਆਂ ਹਕੀਕਤਾਂ ਨਾਲ ਕੋਈ ਸਬੰਧ ਨਹੀਂ, ਯਾਨੀ ਰਾਜ ਦੀਆਂ ਲੋਕ-ਵਿਰੋਧੀ ਨੀਤੀਆਂ ਨਾਲ ਕੋਈ ਤੁਅੱਲਕ ਨਹੀਂ ! ਇਸ ਦਾ ਕੰਮ ਸ਼ਬਦਾਂ ਤੇ ਵਾਕਾਂ ਦਾ ਨਵਾਂ ਅਡੰਬਰ ਰਚ ਕੇ ਲੋਕਾਂ ਨੂੰ ਰਾਹੋਂ ਕੁਰਾਹੇ ਪਾਉਣਾ ਹੈ ਅਤੇ ਸੁਚੇਤ ਜਾਂ ਅਚੇਤ ਹੁਕਮਰਾਨਾਂ ਦੀ ਸੇਵਾ ਕਰਨੀ ਹੈ ! ਇਹ ਮਿਹਨਤਕਸ਼ਾਂ ਦੇ ਉਹ ਦੁਸ਼ਮਣ ਹਨ, ਜਿਨ੍ਹਾਂ ਦੇ ਮੂੰਹਾਂ ਵਿਚੋਂ ਬੜੇ ਮਿੱਠੇ ਸ਼ਬਦ ਨਿਕਲਦੇ ਹਨ—ਸੱਜਣ ਠੱਗ ਵਾਂਗ ਪਰ ਕੱਛਾਂ ਛੁਰੀਆਂ ਲੁਕਾਈ ਬੈਠੀਆਂ ਹਨ । ਆਤਮਮੁਖੀ ਇਹ ਕੁਛ ਹੋਣ; ਬਾਹਰਮੁਖੀ ਇਹਨਾਂ ਦਾ ਰੋਲ ਏਹੋ ਹੀ ਹੈ !

ਇਕ ਸ਼ਿਕਾਇਤ ਡਾਕਟਰ ਸਾਹਿਬ ਨੂੰ ਹੋਰ ਹੈ, ਉਹ ਇਹ ਕਿ ''ਕੁਝ ਪੰਜਾਬੀ ਵਿਦਵਾਨ ਸੰਰਚਨਾਵਾਦ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ, ਉਹਨਾਂ ਦੇ ਮੱਤ ਅਨੁਸਾਰ ਇਹ ਕੋਈ ਵਿਅਕਤੀ ਕੇਂਦਰਿਤ ਜਾਂ ਸਮਾਜ-ਵਿਰੋਧੀ ਜਤਨ ਹੈ ।'' ਪੰਜਾਬੀ ਵਿਦਵਾਨਾਂ ਦਾ ਇਹ ਸ਼ੱਕ ਜੀਵਨ ਦੇ ਤਜਰਬੇ ਉਤੇ ਆਧਾਰਤ ਹੈ । ਸੰਰਚਨਾਵਾਦ ਹੈ ਹੀ ਸਮਾਜ-ਵਿਰੋਧੀ, ਜਿਵੇਂ ਕਿ ਅਸਾਂ ਉਪਰ ਦੱਸਿਆ ਹੈ !



"ਮਸਲਾ ਭਾਵੇਂ ਸਾਹਿਤ ਦਾ ਹੋਵੇ, ਸਭਿਆਚਾਰ ਦਾ ਜਾਂ ਆਲੋਚਨਾ
ਦਾ, ਮਾਰਕਸਵਾਦ ਤੋਂ ਪੱਲਾ ਛੁਡਾਇਆ ਨਹੀਂ ਜਾ ਸਕਦਾ ।"

ਇਹ ਲੋਕਾਂ ਵਿਚ ਘਚੋਲਾ ਪਾਉਣ ਲਈ ਅਤੇ ਮਿਹਨਤ-ਕਸ਼ ਤਹਿਰੀਕ ਵਿਚ ਫੁੱਟ ਪਾਉਣ ਲਈ ਸਿਰਜਿਆ ਜਾ ਰਿਹਾ ਹੈ ।

ਮਾਰਕਸਵਾਦ ਨੂੰ, ਯੂਰਪ ਵਗੈਰਾ ਵਿਚ, ਤੋੜ ਮਰੋੜ ਕੇ ਵਰਤਣ ਦੇ ਬਹੁਤ ਜਤਨ ਹੋ ਚੁਕੇ ਹਨ । ਭਾਰਤ ਵਿਚ ਵੀ ਇਹ ਜਤਨ ਹੁੰਦੇ ਹਨ : ਮਾਰਕਸਵਾਦ ਮਰ ਚੁਕਾ ਹੈ, ਇਹ ਪੱਛੜ ਗਿਆ ਹੈ । ਫਿਲਾਸਫੀ ਅਗੇ ਲੰਘ ਗਈ ਹੈ—ਵਗੈਰਾ । ਹੁਣ ਇਸ ਬਦਨਾਮ ਅਖਾੜੇ ਵਿਚ ਥਾਪੀ ਮਾਰ ਕੇ ਡਾਕਟਰ ਹਰਿਭਜਨ ਸਿੰਘ ਨਿਕਲੇ ਹਨ । ਇਹ ਇਸ ਅਖਾੜੇ ਵਿਚੋਂ ਕੋਈ ਬਹੁਤੀਆਂ ਮੱਲਾਂ ਮਾਰ ਕੇ ਨਹੀਂ ਨਿਕਲਣ ਲਗੇ—ਸਿਰ ਨੀਵਾਂ ਕਰ ਕੇ, ਊਂਧੀ ਪਾ ਕੇ ਨਿਕਲਣਗੇ ! ਰੁਮਾਲ ਨੂੰ ਗੰਢ ਦੇ ਲਓ !

ਸੰਰਚਨਾਵਾਦੀ ਵਿਚਾਰਧਾਰਾ 'ਗ੍ਰਹਿਣ ਵਾਦੀ' (eclectic) ਵਿਚਾਰਧਾਰਾ ਹੈ । ਇਹ ਅੱਡ-ਅੱਡ ਲੇਖਕਾਂ ਦੇ ਮਤਾਂ ਵਿਚੋਂ ਮਨ-ਪਸੰਦ ਟੂਕਾਂ ਉਤੇ ਆਧਾਰਤ ਹੈ । ਏਹੋ ਜਿਹੀਆਂ ਰਚਨਾਵਾਂ ਵਿਚੋਂ ਮਾਰਕਸ ਨੂੰ ਛੱਡਿਆਂ ਗੱਲ ਨਹੀਂ ਬਣਦੀ ! ਉਸੇ ਨੂੰ ਹੀ ਤਾਂ ਹੇਠਾਂ ਉਤੇ, ਉਤੇ ਹੇਠਾਂ ਕਰ ਕੇ ਗ਼ਲਤ ਕਰਨਾ ਹੈ । ਇਸ ਲਈ ਮਾਰਕਸ ਦੇ ਨਾਂਹਦਰੂ ਪਹਿਲੂ ਵੀ ਦਿਤੇ ਗਏ ਹਨ, ਤੇ ਹਾਂਦਰੂ ਪਹਿਲੂ ਵੀ । ਇਸ ਦਾ ਮੁਖ ਆਧਾਰ ਸੌਸਿਊਰ ਦੀ ਵਿਚਾਰਧਾਰਾ ਹੈ, ਕੁਛ ਅਲਿਥਿਉਸਰ ਤੋਂ ਗ੍ਰਹਿਣ ਕੀਤਾ ਗਿਆ ਹੈ ਅਤੇ ਕੁਛ ਫ਼ਰਾਂਸੀਸੀ ਲੇਖਕ ਲਾਕਾਂ ਤੋਂ ਹਾਸਲ ਕੀਤਾ ਗਿਆ ਹੈ । ਏਹੋ ਜੇਹੀ ਫਿਲਾਸਫੀ ਵਿਚ ਆਪਾ-ਵਿਰੋਧੀ ਤੇ ਇਕ ਦੂਜੀ ਗੱਲ ਨੂੰ ਕਾਟ ਕਰਨ ਵਾਲੀਆਂ ਥਾਪਨਾਵਾਂ ਦਾ ਹੋਣਾ ਸੁਭਾਵਕ ਹੈ । ਤੱਥਾਂ ਨੂੰ ਤਿਲਾਂਜਲੀ ਦੇ ਕੇ, ਹਕੀਕਤਾਂ ਤੋਂ ਦੂਰ ਲਾਂਭੇ ਸਜੇ-ਹੋਏ ਕਮਰਿਆਂ ਵਿਚ ਬੈਠ ਕੇ, ਇਹ ਨਵਾਂ ਸੰਰਚਨਾਵਾਦ ਰਚਿਆ ਗਿਆ ਹੈ । ਇਹ ਸਮਾਜੀ ਵਿਗਾਸ ਨੂੰ ਜੂੜ ਪਾਉਣਾ ਚਾਹੁੰਦਾ ਹੈ, ਸਥਾਪਤ ਹਿੱਤਾਂ ਨੂੰ ਜਿਉਂ ਦਾ ਤਿਉਂ ਕਾਇਮ ਰਖਣਾ ਚਾਹੁੰਦਾ ਹੈ ਅਤੇ ਆਪਣੇ ਹਿੱਤਾਂ ਲਈ ਲੜ ਰਹੇ ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮਾਂ ਆਦਿ ਦੇ ਸੰਘਰਸ਼ਾਂ ਵਿਚ ਵਿਘਨ ਤੇ ਫੁਟ ਪਾਉਣਾ ਚਾਹੁੰਦਾ ਹੈ ।

ਵਿਸ਼ਵ ਪੰਜਾਬੀ ਸਾਹਿਤ ਸੰਮੇਲਨ ਵਿਚ ਮੈਂ ਤਾਂ ਇਸ ਦਾ ਵਿਰੋਧ ਕਰਨਾ ਹੀ ਸੀ, ਮੈਨੂੰ ਬੜੀ ਹੈਰਾਨੀ ਹੋਈ, ਤੇ ਖੁਸ਼ੀ ਵੀ ਜਦੋਂ ਸ੍ਰ: ਜਸਬੀਰ ਸਿੰਘ ਆਹਲੂਵਾਲੀਆ ਨੇ ਡਾਕਟਰ ਸਾਹਿਬ ਦੇ ਸੰਰਚਨਾਵਾਦ ਨੂੰ ਦੋਹੀਂ ਦੋਹੀਂ ਹੱਥੀਂ ਧਰ ਕੇ ਲਿਆ । ਆਪ ਮਾਰਕਸਵਾਦ ਦੇ ਕੱਟੜ ਦੁਸ਼ਮਣ ਹਨ ਅਤੇ ਇਸ ਦੇ ਬਾਰੇ ਉਹਨਾਂ ਨੇ ਅੰਗਰੇਜ਼ੀ ਵਿਚ ਇਕ ਪੁਸਤਕ ਵੀ ਲਿੱਖੀ ਹੈ । ਉਹਨਾਂ ਨੇ ਕਿਹਾ : ਡਾਕਟਰ ਸਾਹਿਬ ਨੂੰ ਮਾਰਕਸਵਾਦ ਦੀ ਵੀ ਪੂਰੀ ਸਮਝ ਨਹੀਂ...ਸੰਰਚਨਾਵਾਦ ਦਾ ਸਿਧਾਂਤ ਕੱਚਾ ਹੈ, ਇਹ ਨਹੀਂ ਚਲਣ ਲੱਗਾ । ਸ੍ਰ: ਪ੍ਰੀਤਮ ਸਿੰਘ ਪੀ. ਸੀ. ਐਸ. ਨੇ ਵੀ ਇਸ ਸਿਧਾਂਤ ਦੀ ਜ਼ੋਰਦਾਰ ਨਿਖੇਧੀ ਕੀਤੀ । ਮੈਂ ਕਿਹਾ : ਕੋਈ ਡੇਢ੍ਹ ਸੌ ਸਾਲ ਹੋਏ, ਮਾਰਕਸ ਨੇ ਆਪਣੀ ਨੋਟ-ਬੁਕ ਵਿਚ ਲਿਖਿਆ ਸੀ : ਦੁਨੀਆਂ ਦੇ ਫਿਲਾਸਫਰ ਦੁਨੀਆਂ ਦੀ ਵਿਆਖਿਆ ਕਰਦੇ ਹਨ, ਪਰ ਮਸਲਾ ਇਸ ਦੇ ਤਬਦੀਲ ਕਰਨ ਦਾ ਹੈ ! ਡਾਕਟਰ ਸਾਹਿਬ ਉਹਨਾਂ ਪੁਰਾਣੇ ਦੁਨੀਆਂ ਦੀ ਵਿਆਖਿਆ ਕਰਨ ਵਾਲੇ ਫਿਲਾਸਫਰਾਂ ਵਿਚ ਜਾ ਸ਼ਾਮਲ ਹੋਏ ਹਨ ਤਾਂ ਜੁ ਹੋ ਰਹੀ ਤਬਦੀਲੀ ਨੂੰ ਰੋਕਿਆ ਜਾਵੇ ! ਮੈਂ ਇਸ ਫਿਲਾਸਫੀ ਦਾ ਨਾਂ ਭੰਬਲਭੂਸਾਵਾਦੀ ਫਿਲਾਸਫੀ ਰਖਿਆ ਜਿਸ 'ਤੇ ਸੰਮੇਲਨ ਵਿਚ ਬੜਾ ਹਾਸਾ ਮਚਿਆ ।

ਵਿਸ਼ਵ ਸੰਮੇਲਨ ਵਿਚ, ਇਕ ਪਹਿਲੇ ਸਪਸ਼ਟ ਹੋ ਚੁਕੀ ਗੱਲ ਵਧੇਰੇ ਸਪਸ਼ਟ ਹੋ ਕੇ ਨਿਕਲੀ : ਮਸਲਾ ਭਾਵੇਂ ਸਾਹਿਤ ਦਾ ਹੋਵੇ, ਸਭਿਆਚਾਰ ਦਾ ਹੋਵੇ ਜਾਂ ਆਲੋਚਨਾ ਦਾ, ਮਾਰਕਸਵਾਦ ਤੋਂ ਪੱਲਾ ਛੁਡਾਇਆ ਨਹੀਂ ਜਾ ਸਕਦਾ । ਇਹ ਜ਼ਰੂਰ ਹੱਕ ਵਿਚ ਜਾਂ ਖਿਲਾਫ ਦਖਲ ਦੇਂਦਾ ਹੈ । ਸੋਸ਼ਲਿਸਟ ਕਮਿਊਨਿਸਟ ਦੁਨੀਆਂ ਤੋਂ ਤੁਸੀਂ ਬੇਸ਼ਕ ਅੱਖਾਂ ਮੀਟੀ ਰਖੋ, ਬਾਕੀ ਰਹਿੰਦੀ ਢਹਿ-ਰਹੀ ਸਰਮਾਏ-ਦਾਰੀ ਦੁਨੀਆਂ ਨੂੰ ਜਿਨਾਂ ਮਰਜ਼ੀ ਹੈ ਸਿਰ 'ਤੇ ਚੁਕੀ ਰਖੋ, ਮਾਰਕਸਵਾਦ ਅਜ ਦੁਨੀਆਂ ਵਿਚ ਏਨਾ ਛਾ ਗਿਆ ਹੈ ਕਿ ਇਹ ਤੁਹਾਡਾ ਪਿੱਛਾ ਹਰ ਖੇਤਰ ਵਿਚ ਕਰੇਗਾ ! ਅਤੇ ਇਸ ਦੇ ਵਿਰੋਧੀਆਂ ਤੇ ਹਾਮੀਆਂ ਵਿਚ ਟੱਕਰ ਜ਼ਰੂਰ ਲਗੇਗੀ, ਜਿਸ ਵਿਚ ਵਿਰੋਧੀਆਂ ਨੂੰ ਝਰੀਟਾਂ ਵਧੇਰੇ ਲੱਗਣਗੀਆਂ !

ਏਹੋ ਹਾਲ ਵਿਸ਼ਵ ਸੰਮੇਲਨ ਵਿਚ ਹੋਇਆ ! ਇਸ ਬਹਿਸ ਦੇ ਨਤੀਜੇ ਵਜੋਂ ਡਾਕਟਰ ਹਰਿਭਜਨ ਸਿੰਘ ਦਾ ਵਿਚਾਰ-ਧਾਰਕ ਝੰਡਾ-ਬਰਦਾਰ ਪ੍ਰੋ: ਸਤਿੰਦਰ ਸਿੰਘ ਨੂਰ ਏਨਾ ਯਰਕ ਗਿਆ ਕਿ ਉਹਦੇ ਮੂੰਹੋਂ ਭਾਸ਼ਾ-ਵਿਗਿਆਨ ਦੇ ਸ਼ਬਦ ਜਿਹੜੇ ਉਹ ਕਈ ਵਾਰ ਦੁਹਰਾ ਚੁਕਾ ਸੀ—ਵੀ ਚੰਗੀ ਤਰ੍ਹਾਂ ਨਾ ਨਿਕਲ ਸਕੇ ।

ਡਾਕਟਰ ਸਾਹਿਬ ਨੇ ਆਪਣਾ ਪਰਚਾ ਕਮਿਊਨਿਸਟ ਮਿੱਤਰਾਂ ਦੀ ਨਜ਼ਰ ਕੀਤਾ ਸੀ । ਮੈਂ ਇਹ ਲੇਖ ਸੰਰਚਨਾਵਾਦੀਆਂ ਦੀ ਨਜ਼ਰ ਕਰਦਾ ਹੋਇਆ ਇਕ ਮਿੱਤਰ ਦੀ ਹੈਸੀਅਤ ਵਿਚ ਕਹਿੰਦਾ ਹਾਂ :

"ਸੰਰਚਨਾਵਾਦ...ਇਕ ਭੰਬਲਭੂਸਾਵਾਦ ਫਿਲਾਸਫੀ ਹੈ ।"

"ਹਰਿਭਜਨ ਸਿੰਘ ਜੀ, ਤੁਸੀਂ ਕਾਗਤਾਂ ਦੀ ਬੇੜੀ ਦੇ ਮਲਾਹ ਬਣ ਗਏ ਹੋ; ਇਹ ਬੇੜੀ ਅਜ ਵੀ ਡੁੱਬੀ ਤੇ ਕਲ੍ਹ ਵੀ ਡੁੱਬੀ । ਤੁਸੀਂ ਆਪਣੇ ਸਵਾਰਾਂ ਸਮੇਤ ਇਸ ਵਿਚੋਂ ਉਤਰ ਜਾਓ । ਮੇਰੀ ਆਪਣੀ ਜ਼ਿੰਦਗੀ ਵਿਚ, ਪਹਿਲੋਂ ਵੀ ਕਈ ਬੰਦੇ ਏਹੋ ਜਿਹੀਆਂ ਘਾਹ ਫੂਸ ਦੀਆਂ ਬੇੜੀਆਂ ਵਿਚ ਚੜ੍ਹ ਕੇ ਡੁੱਬੇ ਹਨ । ਮੇਰਾ ਪਿਛਲੇ ਸੱਠਾਂ ਸਾਲਾਂ ਦੀ ਰਾਜਨੀਤੀ ਦਾ ਤਜਰਬਾ ਦਸਦਾ ਹੈ ਕਿ ਤੁਸੀਂ ਵੀ ਸਰਪਰ ਡੁਬੋਗੇ । ਇਕ ਮਿੱਤਰ ਦੀ ਹੈਸੀਅਤ ਵਿਚ ਮੇਰਾ ਤੁਹਾਨੂੰ ਮਸ਼ਵਰਾ ਇਹ ਹੈ ਕਿ ਤੁਸੀਂ ਡੁੱਬਣ ਦਾ ਰਾਹ ਛੱਡ ਦਿਓ ਅਤੇ ਆਪਣੇ ਚਿੰਤਨ ਨੂੰ ਕਿਸੇ ਚੰਗੇ ਪਾਸੇ ਜੋੜੋ । ਪਾਣੀ ਦੀ ਗੋਦ ਵਿਚ ਕਬਰ ਬਣਾਨ ਦੇ ਰਾਹ 'ਤੇ ਨਾ ਤੁਰੋ ।"

ਸੂਚਨਾ : ਅਕਤੂਬਰ ਤੇ ਨਵੰਬਰ ਅੰਕਾਂ ਵਿਚ ਪੜ੍ਹੋ—

* ਡਾ: ਹਰਜੀਤ ਸਿੰਘ ਗਿੱਲ ਦਾ ਆਪਣੇ ਬਹੁਚਰਚਿਤ "ਜੈਪੁਰ ਲੈਕਚਰ" ਦਾ ਪੰਜਾਬੀ ਵਿਚ ਕੀਤਾ ਆਪਣਾ ਅਨੁਵਾਦ;
* ਸੰਰਚਨਾਵਾਦ ਬਾਰੇ ਭੁਪਿੰਦਰ ਸਿੰਘ ਖਹਿਰਾ ਦੀ ਲੇਖ-ਲੜੀ ਦੀਆਂ ਅਗਲੀਆਂ ਕਿਸ਼ਤਾਂ;
* ਡਾ: ਹਰਿਭਜਨ ਸਿੰਘ ਹੋਰਾਂ ਵਲੋਂ ਸੰਰਚਨਾਵਾਦ ਬਾਰੇ ਲੇਖ ਅਤੇ ਕੁਝ ਤਿੱਖੇ ਸਪਸ਼ਟੀਕਰਨ;
* ਹਰਭਜਨ ਹਲਵਾਰਵੀ ਦੇ "ਘੁੰਤਰ ਤੋਂ ਘੁੰਤਰ ਤਕ ਦੇ ਸਫ਼ਰ" ਦਾ ਹਾਲ ।



# ਭਾਸ਼ਾ ਦੀ ਪ੍ਰਭਾਸ਼ਾ

ਡਾ: ਹਰਜੀਤ ਸਿੰਘ ਗਿੱਲ

ਭਾਸ਼ਾ ਦੀ ਪ੍ਰਭਾਸ਼ਾ ਦਾ ਆਧਾਰ ਉਸ ਦੇ ਪੰਜ "ਉਚਾਰਨਾਂ" ਦੀ ਜੁਗਤ 'ਤੇ ਹੈ । ਸ਼ਬਦ ਤੇ ਵਾਕ ਅਨੁਸ਼ਾਸਨ ਨੂੰ ਪਹਿਲਾ "ਉਚਾਰਨ" ਕਿਹਾ ਜਾ ਸਕਦਾ ਏ ਤੇ ਧੁਨੀ ਖੇਤ੍ਰ ਦੀ ਜੁਗਤ ਨੂੰ ਦੂਸਰਾ "ਉਚਾਰਨ" ।

ਤੀਸਰਾ "ਉਚਾਰਨ" ਪਹਿਲੇ ਨਾਲ ਸੰਬੰਧ ਰੱਖਦਾ ਏ । ਸ਼ਬਦ ਜਾਂ ਵਾਕ ਜੁਗਤ ਦਾ ਆਧਾਰ ਸਾਧਾਰਨ ਕ੍ਰਿਆ ਰੂਪ ਨਹੀਂ ਹੁੰਦੇ । ਹਰ ਬੋਲੀ ਦੀ ਆਪਣੀ ਭਾਵ ਜੁਗਤ ਹੁੰਦੀ ਏ ਤੇ ਉਸ ਦੇ ਆਧਾਰ 'ਤੇ ਕਾਲ ਤੇ ਕ੍ਰਿਯਾ ਦਾ ਮੇਲ ਜਾਂ ਵਿਰੋਧ ਹੁੰਦਾ ਏ ।

ਚੌਥਾ "ਉਚਾਰਨ" ਸਭਿਆਚਾਰਿਕ ਸਥਿਤੀ ਤੋਂ ਉਜਾਗਰ ਹੁੰਦਾ ਏ । ਕਈ ਸ਼ਬਦ ਜਾਂ ਵਾਕ ਐਸੇ ਹੁੰਦੇ ਨੇ ਜਿਨ੍ਹਾਂ ਦਾ ਅਨੁਵਾਦ ਕਦੀ ਵੀ ਕਿਸੇ ਹੋਰ ਬੋਲੀ ਵਿਚ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਐਸੇ ਸੰਦਾਂ ਜਾਂ ਸਾਧਨਾਂ ਨਾਲ ਸੰਬੰਧਿਤ ਹੁੰਦੇ ਨੇ ਜਿਹੜੇ ਹੋਰ ਕਿਸੇ ਸਭਿਆਚਾਰ ਵਿਚ ਨਹੀਂ ਮਿਲਦੇ ।

ਪੰਜਵਾਂ "ਉਚਾਰਨ" ਧਾਰਮਿਕ, ਇਤਿਹਾਸਕ ਤੇ ਸਾਹਿਤਕ ਪ੍ਰਣਾਲੀਆਂ ਨਾਲ ਜੁੜਦਾ ਏ । ਇਹ ਪ੍ਰਣਾਲੀਆਂ ਸ਼ਬਦਾਂ ਦੇ ਭਾਵ-ਖੇਤ੍ਰ ਨੀਯਤ ਕਰਦੀਆਂ ਨੇ ਤੇ ਜਿਹੜੇ ਵਿਆਕਰਣ ਜਾਂ ਜਿਹੜੇ ਕੋਸ਼ ਇਸ "ਉਚਾਰਨ" ਨੂੰ ਨਹੀਂ ਵਿਚਾਰਦੇ, ਉਹਨਾਂ ਦਾ ਸਥਾਨਿਕ ਭਾਸ਼ਾ ਨਾਲ ਬਹੁਤਾ ਮੇਲ ਨਹੀਂ ਹੁੰਦਾ ।

ਪੰਜਾਬੀ ਯੂਨੀਵਰਸਿਟੀ ਦੇ ਭਾਸ਼ਾ ਵਿਗਿਆਨ ਵਿਭਾਗ ਵਿਚ ਇਹਨਾਂ ਪੰਜਾਂ "ਉਚਾਰਨਾਂ" ਨੂੰ ਮੁੱਖ ਰੱਖ ਕੇ ਕੁਝ ਮੁੱਢਲੇ ਯਤਨ ਕੀਤੇ ਗਏ । ਸਭ ਤੋਂ ਪਹਿਲੋਂ 1968 ਵਿਚ ਭਾਸ਼ਾ ਐਟਲਸ ਬਨਾਉਣ ਦੀ ਯੋਜਨਾ ਬਣਾਈ ਗਈ । ਦੋ ਸਾਲ ਦੇ ਪੰਜਾਬੀ ਪਿੰਡਾਂ ਵਿਚ ਕੀਤੇ ਕੰਮ ਪਿੱਛੋਂ 1970 ਵਿਚ ਉਪ-ਭਾਸ਼ਾ ਵਿਗਿਆਨ 'ਤੇ ਇਕ ਸੈਮੀਨਾਰ ਹੋਇਆ ਜਿਸ ਵਿਚ ਵਿਸਥਾਰ ਨਾਲ ਸਾਰੀ ਯੋਜਨਾ 'ਤੇ ਵਿਚਾਰ ਕੀਤੀ ਗਈ । ਐਟਲਸ ਦੇ ਦੋ ਮੂਲ ਆਸ਼ੇ ਸਨ । ਪਹਿਲਾ ਤੇ ਇਹ ਸੀ ਕਿ ਗ੍ਰੀਅਰਸਨ ਦੇ ਭਾਸ਼ਾ ਸਰਵੇ ਦੇ ਆਧਾਰ 'ਤੇ ਨਿਯਤ ਕੀਤੀਆਂ ਉਪਭਾਸ਼ਾਵਾਂ ਦੀ ਵਿਗਿਆਨਿਕ ਸਥਿਤੀ ਨੂੰ ਵਾਚਣਾ; ਦੂਸਰਾ ਸੀ ਪੰਜਾਬੀ ਭਾਸ਼ਾ ਤੇ ਪੰਜਾਬੀ ਸਭਿਆਚਾਰ ਬਾਰੇ ਨਵੀਆਂ ਲੀਹਾਂ 'ਤੇ ਕੰਮ ਸ਼ੁਰੂ ਕਰਨਾ । 1973 ਵਿਚ ਇਸ ਵਿਭਾਗ ਨੇ ਭਾਰਤ ਦੀ ਪਹਿਲੀ ਭਾਸ਼ਾ ਐਟਲਸ ਪ੍ਰਕਾਸ਼ਿਤ ਕੀਤੀ ਜਿਸ ਵਿਚ ਆਮ ਪੱਛਮੀ ਯੂਰਪ ਦੀਆਂ ਐਟਲਸਾਂ ਵਾਂਗ ਕੇਵਲ ਭਾਸ਼ਾ ਨਕਸ਼ੇ ਈ ਨਹੀਂ ਸਨ ਸਗੋਂ ਪੰਜਾਬੀ ਧੁਨੀ ਜੁਗਤ, ਗੁਰਮੁਖੀ ਲਿੱਪੀ ਤੇ ਪੰਜਾਬੀ ਉਚਾਰਨ ਦਾ ਸੰਬੰਧ, ਪੰਜਾਬੀ ਵਿਆਕਰਣ ਤੇ ਪੰਜਾਬੀ ਸਭਿਆਚਾਰ ਬਾਰੇ ਵਿਸਥਾਰ ਨਾਲ ਲੇਖ ਦਿੱਤੇ ਗਏ ।[1]

ਇਸ ਭਾਸ਼ਾ ਸਰਵੇ ਤੋਂ ਕਈ ਨਵੀਆਂ ਲੀਹਾਂ ਤੁਰੀਆਂ । ਪਹਿਲੀ ਗੱਲ ਤੇ ਇਹ ਸੀ ਕਿ ਹਰ ਪਿੰਡ ਵਿਚ ਧੁਨੀ ਜੁਗਤ ਅਨੁਸਾਰ ਕਈ ਉਚਾਰਨ ਸਨ । ਐਟਲਸ ਵਿਚ ਇਕ ਉਚਾਰਨ ਨੂੰ ਵਿਸ਼ੇਸ਼ਤਾ ਦਿੱਤੀ ਪਰ ਇਹ ਸਾਫ਼ ਜ਼ਾਹਿਰ ਸੀ ਕਿ ਪੰਜਾਬੀ ਧੁਨੀ ਜੁਗਤ ਨੂੰ ਸਮਝਣ ਲਈ

ਇਹ ਕਾਫੀ ਨਹੀਂ ਸੀ। ਇਸ ਦੇ ਆਧਾਰ 'ਤੇ ਇਕ ਖੋਜ-ਪੱਤ੍ਰ **Linguistic Investigation**[2] ਲਿਖਿਆ ਗਿਆ ਤੇ ਏਸੇ ਦੇ ਆਧਾਰ 'ਤੇ ਆਤਮ ਸਿੰਘ ਨੇ ਆਪਣਾ ਐਮ. ਲਿਟ. ਦਾ ਥੀਸਸ **Conflicting Phonological Structures in Puadhi** ਲਿਖਿਆ। (ਉਹ ਹੁਣ ਏਸੇ ਈ ਸਮੱਸਿਆ ਤੇ ਆਪਣਾ ਪੀ. ਐਚ. ਡੀ. ਦਾ ਥੀਸਸ ਲਿਖ ਰਹੇ ਨੇ) ਮੁਖਤਿਆਰ ਸਿੰਘ ਗਿੱਲ ਨੇ ਵੀ ਆਪਣਾ ਐਮ. ਲਿਟ, ਦਾ ਥੀਸਸ ਮਲਵਈ ਫੋਨੋਲੋਜੀ 'ਤੇ ਪੂਰਾ ਕੀਤਾ ਤੇ ਹੁਣ ਉਹ ਵਿਆਕਰਣ ਦਾ ਪੱਖ ਵੀ ਆਪਣੇ ਪੀ. ਐਚ. ਡੀ. ਦੇ ਥੀਸਸ ਵਿਚ ਲਿਆ ਰਹੇ ਨੇ। ਮਨਜੀਤ ਸਿੰਘ ਨੇ ਬੰਗੋਆਂ ਦੀ ਬੋਲੀ ਦੀ ਧੁਨੀ ਜੁਗਤ 'ਤੇ ਐਮ. ਲਿਟ. ਦਾ ਥੀਸਸ ਲਿਖਿਆ। ਸ਼ਿਵ ਸ਼ਰਮਾ ਜੋਸ਼ੀ ਨੇ ਦੁਆਬੀ ਧੁਨੀਆਂ 'ਤੇ ਆਪਣਾ ਪੀ. ਐਚ. ਡੀ. ਦਾ ਥੀਸਸ ਪਿਛਲੇ ਸਾਲ ਪੂਰਾ ਕੀਤਾ।

ਪੰਜਾਂ "ਉਚਾਰਨਾਂ" ਨੂੰ ਮੁਖ ਰਖਦਿਆਂ ਅਸੀਂ ਕੇਵਲ ਸਾਧਾਰਨ ਧੁਨੀ ਜਾਂ ਸ਼ਬਦ ਜੁਗਤ ਦੀ ਗੱਲ ਨਹੀਂ ਸੀ ਕਰ ਸਕਦੇ। ਭਾਵੇਂ ਅਸੀਂ ਭਾਸ਼ਾ ਦੀ ਕਿਸੇ ਵਿਸ਼ੇਸ਼ ਧੁਨੀ ਨੂੰ ਵਿਚਾਰੀਏ ਤੇ ਭਾਵੇਂ

"ਪੰਜਾਬੀ ਵਿਆਕਰਨ ਲਿਖਣ ਦਾ ਭਾਵ ਇਹ ਨਹੀਂ ਕਿ
ਜੋ ਅੰਗ੍ਰੇਜ਼ੀ ਵਿਚ ਏ, ਉਸ ਦੀ ਪੰਜਾਬੀ ਬਣਾ ਦਿਓ।"

ਕਿਸੇ ਵਿਸ਼ੇਸ਼ ਸ਼ਬਦ ਜੁਗਤ ਨੂੰ, ਅਸੀਂ ਉਸ ਦੇ ਧੁਨੀ ਖੇਤ੍ਰ ਜਾਂ ਭਾਵ ਖੇਤ੍ਰ ਨੂੰ ਅਖੀਓਂ ਓਹਲੇ ਨਹੀਂ ਕਰ ਸਕਦੇ। ਧੁਨੀ ਤੇ ਭਾਵ ਖੇਤ੍ਰ ਇਕ ਵਿਸ਼ੇਸ਼ ਮੇਲ ਤੇ ਵਿਰੋਧ ਦੇ ਚੱਕਰ ਵਿਚ ਬੱਝੇ ਹੁੰਦੇ ਨੇ। ਇਸ ਦੀ ਸਮਝ ਸਾਨੂੰ ਆਮ ਤੌਰ 'ਤੇ ਦੂਸਰੀਆਂ ਬੋਲੀਆਂ ਦੇ ਸੰਪਰਕ ਨਾਲ ਆਉਂਦੀ ਏ।

ਮੈ (ਨੂੰ) ਸਿਰ ਦਰਦ (ਹੁੰਦੀ ਏ) ਤੇ (I) **have headache** ਕੇਵਲ ਇੱਕੋ ਭਾਵ ਨੂੰ ਪ੍ਰਗਟਾਉਣ ਦੇ ਦੋ ਰੂਪ ਨਹੀਂ। ਕਿਸੇ (ਕੋਲ) ਸਿਰ ਦਰਦ ਦਾ (ਹੋਣਾ) ਤੇ ਕਿਸੇ (ਨੂੰ) ਸਿਰ ਦਰਦ (ਹੋਣੀ) ਦੀ ਜੁਗਤ ਨੂੰ ਭਾਸ਼ਾ ਦੇ **arbitrary** ਸੁਭਾ ਦੀ ਨੁਕਰ ਵਿਚ ਨਹੀਂ ਸੁੱਟਿਆ ਜਾ ਸਕਦਾ ਜਿਵੇਂ ਕਿ ਭਾਸ਼ਾ ਵਿਗਿਆਨ ਵਿਚ ਪਿਛਲੇ ਸੱਠਾਂ ਸਾਲਾਂ ਤੋਂ ਹੋ ਰਿਹਾ ਏ। ਇਹ "ਅਚੇਤ" ਸੁਭਾ ਕਿਸੇ ਡੂੰਘੀ "ਅਲੋਕ ਚੇਤੰਨ ਡੂੰਘਾਈ" ਦੀ ਸਾਖੀ ਭਰਦੇ ਨੇ। ਭਾਸ਼ਾ ਤੇ ਸਭਿਆਚਾਰ ਨੂੰ ਜੋੜਦੇ ਨੇ। ਰੂਪ ਤੇ ਭਾਵ ਜੁਗਤ ਦੇ ਸਦੀਵੀ "ਵਿਰੋਧ" ਵਲ ਸੰਕੇਤ ਕਰਦੇ ਨੇ। ਵੱਡਾ ਪ੍ਰਸ਼ਨ ਸਾਡੇ ਸਾਹਮਣੇ ਇਹ ਹੈ ਕਿ "ਭਾਸ਼ਾ" ਕੀ ਏ ਤੇ ਇਹ ਸਭਿਆਚਾਰ ਦੇ "ਅਚੇਤ ਸੰਬੰਧ" ਵਿਚ ਕਿਵੇਂ ਜੁੜੀ ਹੋਈ ਏ? ਇਸ ਪ੍ਰਸ਼ਨ ਦਾ ਉੱਤਰ ਵਿਆਕਰਣ ਦੀ ਪੁਰਾਣੀ ਸਾਰੀ ਪ੍ਰੀਭਾਸ਼ਾ ਬਦਲ ਦੇਵੇਗਾ। ਅੱਜ ਤਾਈਂ ਕਿਸੇ ਭਾਸ਼ਾ ਵਿਗਿਆਨੀ ਨੇ ਇਹ ਨਹੀਂ ਸੋਚਿਆ ਕਿ ਭਾਰਤੀ ਬੋਲੀਆਂ ਵਿਚ "**bave**" ਦਾ ਜੁੜਦਾ ਸ਼ਬਦ ਕਿਉਂ ਨਹੀਂ ਮਿਲਦਾ।

ਜੇ ਅਸੀਂ ਪੰਜਾਬੀ ਸ਼ਬਦ 'ਚੰਗਾ' ਤੇ 'ਮਾੜਾ' ਦੇ ਵਿਰੋਧ ਨੂੰ ਸਮਝਣਾ ਹੋਵੇ ਤਾਂ ਅੰਗਰੇਜ਼ੀ ਦਾ ਸੰਪਰਕ ਦੱਸੇਗਾ ਕਿ ਸਮੱਸਿਆ ਕਿੰਨੀ ਗੁੰਝਲਦਾਰ ਏ। ਇਕ ਪਾਸੇ ਸਾਡੇ ਕੋਲ 'ਚੰਗਾ, ਭਲਾ, ਸੁਹਣਾ' ਆਦਿ ਦਾ ਭੰਡਾਰ ਏ ਤੇ ਦੂਸਰੇ ਪਾਸੇ 'ਮਾੜਾ, ਭੈੜਾ, ਬੁਰਾ, ਕੁਹਜਾ' ਆਦਿ ਦਾ। ਜੇ ਅਸੀਂ ਇਹਨਾਂ ਦਾ ਅਨੁਵਾਦ ਅੰਗਰੇਜ਼ੀ ਵਿਚ ਕਰਨ ਲਗੀਏ ਤਾਂ ਪਤਾ ਲਗਦਾ ਏ ਕਿ ਇਹਨਾਂ ਦੇ ਭਾਵ-ਖੇਤ੍ਰ ਕਿੰਨੇ ਵਿਲੱਖਣ ਨੇ। 'ਚੰਗਾ, ਮੈਂ ਆਇਆ।' 'ਉਹ ਮੁੰਡਾ ਚੰਗਾ ਏ'। 'ਉਹ ਚੰਗਾ ਭਲਾ ਏ'। 'ਚੰਗਾ ਸੁਹਣਾ ਸੀ' ਆਦਿ ਕਈ ਵਾਕ-ਜੁਗਤਾਂ ਐਸੀਆਂ ਨੇ ਜਿੱਥੇ ਹਰ ਵਾਰੀਂ "ਚੰਗਾ"



ਆਪਣਾ ਭਾਵਰੂਪ ਬਦਲਦਾ ਏ।

ਪੰਜਾਬੀ ਸ਼ਬਦਾਂ ਦੇ ਕੋਸ਼ ਬਣਾਉਣ ਦਾ ਆਸ਼ਾ ਪੰਜਾਬੀ ਦੀ ਭਾਵ ਜੁਗਤ ਨੂੰ ਉਜਾਗਰ ਕਰਨ ਦਾ ਹੁੰਦਾ ਏ, ਨਾ ਕਿ ਜਿਵੇਂ ਅਸੀਂ ਆਮ ਕਰ ਰਹੇ ਹਾਂ ਕਿ ਇਕ ਸ਼ਬਦ ਲਿਆ ਤੇ ਉਸ ਦੇ ਅੱਗੇ ਜੁੜਦੇ ਅਣਜੁੜਦੇ ਸਭ ਅਰਥ ਦੇ ਦਿੱਤੇ।

ਧੁਨੀ ਜੁਗਤ ਵਿਚ ਇਸ ਮਨੋਰਥ ਨੂੰ ਸਾਹਮਣੇ ਰੱਖ ਕੇ ਬਲਦੇਵ ਰਾਜ ਗੁਪਤਾ ਨੇ ਪੰਜਾਬੀ ਤੇ ਤਾਮਿਲ ਧੁਨੀ ਵਿਉਂਤ 'ਤੇ ਪੀ. ਐਚ. ਡੀ. ਦਾ ਥੀਸਸ ਲਿਖਿਆ ਤੇ ਸ਼ਬਦ ਜੁਗਤ ਨੂੰ ਉਜਾਗਰ ਕਰਨ ਲਈ ਇਸ ਸਮੇਂ ਜੀ. ਐਸ. ਸੇਖੋਂ ਪੰਜਾਬੀ ਤੇ ਅੰਗਰੇਜ਼ੀ ਦੀ ਨਿਵੇਕਲੀ ਕ੍ਰਿਯਾ-ਕਾਲ ਦੀ ਜੁਗਤ 'ਤੇ ਆਪਣਾ ਪੀ. ਐਚ. ਡੀ. ਦਾ ਥੀਸਸ ਲਿਖ ਰਹੇ ਨੇ।

ਵਿਆਕਰਣਿਕ ਜੁਗਤ ਦੀ ਸਮੱਸਿਆ ਵੀ ਇਹੋ ਹੀ ਏ। ਅਸੀਂ ਉਦਾਹਰਣ ਵਜੋਂ ਇਕ ਕ੍ਰਿਯਾ "ਜਾਣਾ" ਲੈਂਦੇ ਆਂ। ਸਾਡੇ ਸਾਹਮਣੇ ਕੁਝ ਐਸੇ ਵਾਕ ਨੇ ਜਿਵੇਂ: (ਜਾ) ਨੀਂ (ਜਾ), ਉਹ ਕਿਉਂ (ਜਾਂਦੀ), ਉਹ (ਜਾਵੇ) ਕਿਵੇਂ; ਉਹ (ਜਾਂਦੀ) ਈ ਨਹੀਂ; ਉਹ (ਜਾਵੇ) ਤੇ ਸਹੀ; ਉਹਨੇ ਨਹੀਂ (ਜਾਣਾ); ਉਹ (ਜਾ) ਈ ਨਹੀਂ ਸਕਦੀ; ਉਹ (ਜਾਂਦੀ) ਕਿਵੇਂ; ਉਹ (ਜਾਣ) ਤੇ (ਦੇਵੇ); ਉਹਨੇ (ਜਾਂਦਿਆਂ ਜਾਂਦਿਆਂ) ਮੈਨੂੰ ਕਿਹਾ; ਉਹਨੇ (ਜਾਂਦਿਆਂ ਜਾਂਦਿਆਂ) ਚਾਰ ਵਜਾ ਦਿੱਤੇ, ਇਤਿ ਆਦਿ...

ਜਦੋਂ ਅਸੀਂ ਇਹਨਾਂ ਵਾਕ ਬਣਤਰਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਦੇ ਆਂ ਤਾਂ ਪਤਾ ਲਗਦਾ ਏ ਕਿ ਹਰ ਪੰਜਾਬੀ ਕ੍ਰਿਯਾ-ਰੂਪ ਲਈ ਵਖਰਾ ਅੰਗਰੇਜ਼ੀ ਕ੍ਰਿਯਾ-ਰੂਪ ਭਾਲਣਾ ਪੈਂਦਾ ਏ। ਕਾਲ ਤੇ ਕ੍ਰਿਯਾ ਦਾ ਸੰਬੰਧ ਹਰ ਭਾਸ਼ਾ ਦਾ ਆਪਣਾ ਨਿਵੇਕਲਾ ਹੁੰਦਾ ਏ। ਆਮ ਤੌਰ 'ਤੇ ਵਿਆਕਰਣਾਂ ਵਿਚ "ਜਾਣਾ, ਜਾਂਦਾ, ਗਿਆ, ਜਾਏਗਾ" ਆਦਿ ਦੀ ਗਰਦਾਨ ਕੀਤੀ ਹੁੰਦੀ ਏ। ਇਹ ਕੇਵਲ ਭਾਰਤ ਦਿਆਂ ਵਿਆਕਰਣਾਂ ਵਿਚ ਈ ਨਹੀਂ, ਕੋਈ ਵੀ ਪੱਛਮ ਜਾਂ ਪੂਰਬ ਦਾ ਐਸਾ ਵਿਆਕਰਣ ਨਹੀਂ ਜਿਸ ਵਿਚ ਕ੍ਰਿਯਾ ਤੇ ਕਾਲ ਦੇ ਅੰਤ੍ਰੀਵ ਵਿਰੋਧ ਨੂੰ ਉਜਾਗਰ ਕੀਤਾ ਗਿਆ

> "ਸਾਡਾ ਮੰਤਵ ਕੋਈ "ਸੌਖਾ" ਜਾਂ "ਸਾਧਾਰਨ" ਵਿਆ-
> ਕਰਣ ਲਿਖਣਾ ਨਹੀਂ। ਸਭ ਤੋਂ ਪਹਿਲਾਂ ਵਿਆਕਰਣਿਕ-
> ਜੁਗਤ ਦਾ ਅਧਿਅਨ ਕਰਨਾ ਏ।"

ਹੋਵੇ। ਜਗਿੰਦਰ ਸਿੰਘ ਪੁਆਰ ਨੇ ਪਿਛਲੇ ਸਾਲ ਇਸ ਸੰਬੰਧ ਵਿਚ ਆਪਣਾ ਪੀ. ਐਚ. ਡੀ. ਦਾ ਥੀਸਸ ਲਿਖਿਆ ਸੀ। ਇਹ ਇਕ ਮੁੱਢਲਾ ਯਤਨ ਸੀ ਜਿਸ ਨੂੰ ਅੱਗੇ ਤੋਰਨਾ ਜ਼ਰੂਰੀ ਏ। ਕ੍ਰਿਆ-ਕਾਲ ਦੇ ਵਿਰੋਧ ਦੀ ਰੂਪ-ਜੁਗਤ ਨੂੰ ਉਸ ਦੀ ਭਾਵ ਜੁਗਤ ਵਿਚ ਹਾਲੀ ਬਦਲਨਾ ਏ।

ਪੰਜਾਬੀ ਵਿਆਕਰਣ ਲਿਖਣ ਦਾ ਭਾਵ ਇਹ ਨਹੀਂ ਕਿ ਜੋ ਅੰਗਰੇਜ਼ੀ ਵਿਚ ਏ ਉਸ ਦੀ ਪੰਜਾਬੀ ਬਣਾ ਦਿਓ। ਜੇ ਇਹੋ ਮੰਤਵ ਹੁੰਦਾ ਤਾਂ ਮੈਂ ਕਦੋ ਦਾ ਇਹ ਵਿਆਕਰਣ ਲਿਖ ਦੇਂਦਾ। ਅੰਗਰੇਜ਼ੀ ਤੋਂ ਪੰਜਾਬੀ ਇਕ ਮਹੀਨੇ ਵਿਚ ਹੋ ਜਾਂਦੀ ਏ। ਪਰ ਮੇਰਾ ਵਿਆਕਰਣ ਅਠਾਰਾਂ ਸਾਲ ਪਹਿਲੋਂ ਲਿਖਿਆ ਗਿਆ ਸੀ ਤੇ ਉਸ ਵਿਚ ਵੀ ਕਾਲ ਤੇ ਕ੍ਰਿਯਾ ਦੀ ਭਾਵ ਜੁਗਤ ਨੂੰ ਨਹੀਂ ਸੀ ਘੋਖਿਆ ਗਿਆ।

ਪਹਿਲੇ ਦੋ "ਉਚਾਰਨਾਂ" ਨੂੰ ਮੁੱਖ ਰੱਖ ਕੇ ਲਿਖੇ ਗਏ ਵਿਆਕਰਣ ਭਾਸ਼ਾ ਨੂੰ ਭਾਸ਼ਾ ਦੇ ਮੁੱਖ

"ਵਿਆਕਰਣਿਕ ਰੂਪ ''ਕਿਵੇਂ'' ਦਾ ਉਤਰ ਦੇਂਦੇ ਨੇ,
''ਕਿਉਂ'' ਦਾ ਨਹੀਂ। ''ਕਿਉਂ'' ਦੇ ਉਤਰ ਲਈ ਅਸਾਂ
ਭਾਵ-ਜੁਗਤ ਦਾ ਅਧਿਅਨ ਕਰਨਾ ਏ।"

ਆਸ਼ੇ, ਸੰਚਾਰ ਨਾਲੋਂ ਤੋੜ ਦੇਂਦੇ ਨੇ। ਸ਼ਬਦਾਂ ਤੇ ਵਾਕਾਂ ਨੂੰ ਉਹਨਾਂ ਦੀ ਭਾਵ ਜੁਗਤ ਦੇ ਖੇਤ੍ਰ ਨਾਲੋਂ ਵੱਖ ਕਰ ਕੇ ਭਾਸ਼ਾ ਨੂੰ ਇਕ ਖੋਖਲਾ ਰੂਪ ਦੇਂਦੇ ਨੇ, ਜਿਸ ਦਾ ਸਭਿਆਚਾਰ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਹ ਅਰਥਹੀਣ ਭਾਸ਼ਾ ਰੂਪ, ਭਾਸ਼ਾ ਦੀ ਰੂਪ ਜੁਗਤ ਨੂੰ ਵੀ ਨਹੀਂ ਪ੍ਰਗਟਾ ਸਕਦੇ ਕਿਉਂਕਿ ਜਿਸ ਰੂਪ ਦਾ ਭਾਵ ਨਾਲ ਮੇਲ-ਵਿਰੋਧ ਨਾ ਕੀਤਾ ਜਾਵੇ ਤੇ ਜਿਨ੍ਹਾਂ ਮੇਲਾਂ-ਵਿਰੋਧਾਂ ਦੀ ਅੰਤ੍ਰੀਵ ਵਿਉਂਤ ਨੂੰ ਨਾ ਉਲੀਕਿਆ ਜਾਵੇ, ਉਹ ਰੂਪ ਭਾਸ਼ਾ ਦੀ ਪ੍ਰਤੀਨਿਧਤਾ ਨਹੀਂ ਕਰ ਸਕਦੇ।

ਸਾਡਾ ਮੰਤਵ ਕੋਈ ''ਸੌਖਾ'' ਜਾਂ ''ਸਾਧਾਰਨ'' ਵਿਆਕਰਣ ਲਿਖਣਾ ਨਹੀਂ। ਸਭ ਤੋਂ ਪਹਿਲਾਂ ਵਿਆਕਰਣਿਕ-ਜੁਗਤ ਦਾ ਅਧਿਅਨ ਕਰਨਾ ਏ। ਇਸ ਤੋਂ ਹਾਲੀਂ ਅਸੀਂ ਬਹੁਤ ਦੂਰ ਆਂ। ਸਾਨੂੰ ਤੇ ਕੇਵਲ ਇਹ ਪਤਾ ਏ ਕਿ ਸਮੱਸਿਆ ਕੀ ਏ ਪਰ ਹਾਲੀਂ ਅਸੀਂ ਇਸ ਭਾਵ-ਜੁਗਤ ਨੂੰ ਨਿਯਮ-ਬੱਧ ਕਰਨ ਦੀ ਵਿਧੀ ਨਹੀਂ ਬਣਾਈ। ਇਸ ਵੇਲੇ ਜਿੰਨੀਆਂ ਵੀ ਭਾਵ-ਜੁਗਤ ਦੀਆਂ ਪ੍ਰਣਾਲੀਆਂ ਨੇ, ਉਹਨਾਂ ਵਿਚੋਂ ਇਕ ਵੀ ਇਹ ਮੰਤਵ ਨਹੀਂ ਪੂਰਾ ਕਰਦੀ। ਸਕੂਲਾਂ, ਕਾਲਜਾਂ ਦੇ ਵਿਆਕਰਣ ਲਿਖਣ ਲਈ ਹੋਰ ਅਦਾਰੇ ਨੇ। ਸਰਕਾਰ ਨੇ ਸਕੂਲ ਬੋਰਡ, ਭਾਸ਼ਾ ਵਿਭਾਗ ਤੇ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਏਸੇ ਲਈ ਬਣਾਏ ਹੋਏ ਨੇ। ਉਹਨਾਂ ਦੇ ਕੰਮ ਵਿਚ ਦਖ਼ਲ ਦੇਣਾ ਕੋਈ ਸਿਆਣਪ ਵਾਲੀ ਗੱਲ ਨਹੀਂ।

ਅਨੁਵਾਦ ਦੀ ਵਿਧੀ ਦੋ ਭਾਵ ਜੁਗਤਾਂ ਦੇ ਮੇਲ ਤੇ ਵਿਰੋਧ ਨੂੰ ਉਜਾਗਰ ਕਰਦੀ ਏ। ਆਮ ਕਹਾਵਤ ਏ, ਘਰੋਂ ਬਾਹਰ ਨਿਕਲਿਆਂ ਈ ਪਤਾ ਲਗਦਾ ਏ ਕਿ ਅਸੀਂ ਕੀ ਆਂ। ਦੋ ਭਾਸ਼ਾਵਾਂ ਦੀਆਂ ਵਿਲੱਖਣ ਜੁਗਤਾਂ ਦੋ ਭਾਵ-ਸੰਸਾਰਾਂ ਦੀਆਂ ਸਾਖੀ ਹੁੰਦੀਆਂ ਨੇ। ਭਾਵੇਂ ਅਸੀਂ ਅਚੇਤ ਤੌਰ 'ਤੇ ਤੇ ਭਾਵੇਂ ਸੁਚੇਤ ਤੌਰ 'ਤੇ ਜੁਗਤਾਂ ਦਾ ਮੇਲ ਕਰੀਏ, ਸ਼ਬਦਾਰਥ ਵਿਉਂਤ ਆਪਣੇ ਸੀਮਤ ਖੇਤ੍ਰ ਵਿਚ ਈ ਰਹੇਗੀ ਤੇ ਕੋਈ ਵੀ ਇਕ ਵਿਸ਼ੇਸ਼ ਖੇਤ੍ਰ ਦੂਸਰੇ ਵਿਸ਼ੇਸ਼ ਖੇਤ੍ਰ ਨਾਲ ਮੇਲ ਨਹੀਂ ਖਾਏਗਾ। ਇਹ ਸਮਸਿਆ ਵਿਆਕਰਣ ਦੀ ਵੀ ਏ ਤੇ ਸਭਿਆਚਾਰ ਦੀ ਵੀ ਪਰ ਚੂੰਕਿ ਭਾਸ਼ਾ ਸਭਿਆਚਾਰ ਦਾ ਸੰਚਾਰ ਕਰਦੀ ਏ, ਭਾਸ਼ਾ ਜੁਗਤ ਸਭਿਆਚਾਰ ਜੁਗਤ ਬਿਨਾਂ ਨਿਯਮਬੱਧ ਨਹੀਂ ਕੀਤੀ ਜਾ ਸਕਦੀ। ਪੰਜਾਬੀ ਵਿਚ ਅਸੀਂ ਕਹਿੰਦੇ ਆਂ ''ਮੇਰੀ ਉਮਰ ਅਠਾਰਾਂ ਸਾਲ ਏ ਜਾਂ ਮੈਂ ਅਠਾਰਾਂ ਸਾਲ ਦਾ ਆਂ।'' ਅੰਗਰੇਜ਼ੀ ਵਿਚ ਏਸ ਅਨੁਭਵ ਨੂੰ ਨਿਭਾਉਣ ਲਈ ਸਾਨੂੰ ਕਹਿਣਾ ਪੈਂਦਾ ਏ, **''I am eighteen years ''old''**. (ਅਠਾਰਾਂ ਸਾਲ ''ਪੁਰਾਣਾ'') ਤੇ ਫਰਾਂਸੀਸੀ ਵਿਚ ਕਿਹਾ ਜਾਂਦਾ ਏ **''J (ai) 18 ans''** ਜਿਸ ਦਾ ਅੰਗਰੇਜ਼ੀ ਵਿਚ ਸ਼ਬਦ ਅਨੁਵਾਦ ਏ **''I (have) 18 years''**. ਕਿਸੇ ਦੀ ਉਮਰ ਦੱਸਣ ਦੇ ਇਹ ਤਿੰਨ ਤਰੀਕੇ ਈ ਨਹੀਂ, ਇਹ ਤਾਂ ਮਨੁੱਖੀ ਜੀਵਨ ਦੇ ਤਿੰਨ ਵੱਖੋ ਵੱਖ ਦ੍ਰਿਸ਼ਟੀਕੋਨ ਨੇ। ਵਿਆਕਰਣਿਕ ਰੂਪ ''ਕਿਵੇਂ'' ਦਾ ਉੱਤਰ ਦੇਂਦੇ ਨੇ, ''ਕਿਉਂ'' ਦਾ ਨਹੀਂ। ''ਕਿਉਂ'' ਦੇ ਉੱਤਰ ਲਈ ਅਸਾਂ ਭਾਵ ਜੁਗਤ ਦਾ ਅਧਿਅਨ ਕਰਨਾ ਏ। ਪਿਛਲੇ ਤਿੰਨ ਹਜ਼ਾਰ ਸਾਲ ਤੋਂ ਅਸੀਂ ''ਕਿਵੇਂ'' ਦੇ ਚੱਕਰ ਵਿਚ ਫਸੇ ਹੋਏ ਆਂ। ਭਾਰਤ ਦੇ ਮਹਾਨ ਭਾਸ਼ਾ ਵਿਗਿਆਨੀ ਪਾਨਿਣੀ ਨੇ ਵੀ ਭਾਸ਼ਾ ਦੇ ਉਚਾਰਨ ਦੇ ''ਕਿਵੇਂ'' ਤੇ ਈ ਜ਼ੋਰ ਦਿੱਤਾ। ਭਾਸ਼ਾ ਨੂੰ ਸਭਿਆਚਾਰ ਨਾਲ ਜੋੜਣ ਦੇ ਬਹੁਤ ਘਟ ਯਤਨ ਹੋਏ ਨੇ। ਸਾਡੇ ਲਈ ਇਹ ਸਾਰੇ ਮੇਲ-ਵਿਰੋਧ



ਅੰਤ੍ਰੀਵ ਚਕਰਾਂ ਵਿਚ ਵੀ ਆ ਸਕਦੇ ਨੇ ਜਿਵੇਂ ਕਿ ਕਿਸੇ ਭਾਸ਼ਾ ਦਾ ਅਧਿਅਨ ਉਸੇ ਭਾਸ਼ਾ ਵਿਚ ਹੋਵੇ ਜਾਂ ਦੂਸਰੀ ਭਾਸ਼ਾ ਦੇ ਸੰਪਰਕ ਵਿਚ ਪਰ ਇਸ ਸਮੱਸਿਆ ਤੋਂ ਚੇਤੰਨ ਹੋਣ ਦਾ ਇਕੋ ਇਕ ਹੀ ਸਾਧਨ ਏ। ਉਹ ਏ ਕਿਸੇ ਨਾ ਕਿਸੇ ਰੂਪ ਵਿਚ, ਅਨੁਵਾਦ ਦੀ ਸਮੱਸਿਆ ਨਾਲ ਸੰਬੰਧ ਰਖਣਾ ਤਾਕਿ ਵਿਰੋਧ ਵੱਧ ਤੋਂ ਵੱਧ ਤੀਬਰ ਰੂਪ ਵਿਚ ਉਜਾਗਰ ਹੋਣ ਤੇ ਅਧਿਅਨ ਦੀ ਵਿਲੱਖਣਤਾ ਹੋਰ ਵਧੇ। ਹਰ ਭਾਸ਼ਾ ਦੀ ਭਾਵ ਜੁਗਤ ਆਪਣੀ ਏ, ਵਿਆਕਰਣ ਆਪਣਾ ਏ, ਪਰ ਇਸ ਨੂੰ ਪ੍ਰਗਟਾਉਣ ਲਈ ਵਿਗਿਆਨਿਕ ਸਾਧਨ ਤਿੱਖੇ ਤੇ ਇਕਸਾਰ ਹੋਣੇ ਚਾਹੀਦੇ ਨੇ। ਅਧਿਅਨ ਦੇ ਨਿਯਮਾਂ ਦੀ ਰਲਾ ਮਿਲਾ ਕੇ ਖਿਚੜੀ ਨਹੀਂ ਬਣਾਈ ਜਾ ਸਕਦੀ। ਇਕ ''ਭਾਸ਼ਾ ਵਿਗਿਆਨੀ'' ਨੇ ਬੜੇ ਮਾਣ ਨਾਲ ਆਪਣੀ ਪੁਸਤਕ ਦੇ ਸ਼ੁਰੂ ਵਿਚ ਲਿਖਿਆ ਏ : '**This course has made full use of all the methods so far evolved in teaching or learning a secondary language—comparative, contrastive, structural, transformational, situational-cum-analytical, and pedagogical.**''[3] ਇਹ ਵਿਦਵਾਨ ਸੱਜਨ ਇਸ ਗੱਲ ਤੋਂ ਅਨਜਾਣ ਨੇ ਕਿ ਇਹ ਸਾਰੀਆਂ ਵਿਗਿਆਨਿਕ ਵਿਧੀਆਂ ਇਕ ਦੂਜੀ ਦਾ ਵਿਰੋਧ ਨੇ। ਇਹਨਾਂ ਸਾਰਿਆਂ ਨੂੰ ਇਕੱਠਿਆਂ ਵਰਤਣਾ ਸਾਰਿਆਂ ਦਾ ਗੜਬੜਾ ਬਣਾਉਣਾ ਏ।

ਇਸ ਤਰ੍ਹਾਂ ਦੀ ਵਿਗਿਆਨਿਕ ਕੜ੍ਹੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਭਾਸ਼ਾ ਵਿਗਿਆਨ ਵਿਭਾਗ ਵਿਚ ਨਹੀਂ ਘੋਲੀ ਜਾਵੇਗੀ।

(''ਭਾਸ਼ਾ ਦੀ ਪ੍ਰੀਭਾਸ਼ਾ ਤੇ ਭਾਸ਼ਾ ਵਿਗਿਆਨ ਵਿਭਾਗ'' ਲੇਖ ਦਾ ਸੰਖੇਪ ਰੂਪ)

---

1. ''Though The Linguistic Atlas of the Punjab has a total of one hundred and twenty one maps with which to justify its title, it is important to note that it also contains fourteen short articles attractively printed in Roman Gothic, phonetic, and Gurumukhi founts, by way of introduction, ranging from an account of Linguistics at Patiala to studies in dialectology, cultural semiology, tonal phonology, grammar and Gurumukhi script, and a short text 'based on the story of Puran Bhagat' in each of twenty five dialects drawn from places as far apart as Rawalpindi, Shujabad, Kulu and Rohtak. Twenty one of the maps cover 36 places in greater Panjab including Padyal, Dera Ismail Khan, Bahawalpur, Kulu and Gurgaon; a furher 101 maps give corresponding forms in 203 villages within Indian Panjab.

This comprehensive volume is nearer to being a Punjabi-language thesaurus than a dialect atlas.'' R.K. Sprigg, University of London

2. Manjit Bassi, Atam Singh, H.S. Gill.

3. Hardev Bahri, Teach yourself Panjabi, Patiala, 1973, p. xv.

# ਪੰਜਾਬੀ ਵਿਆਕਰਨ : ਭੂਮਿਕਾ ਅਤੇ ਰੂਪ-ਰੇਖਾ

ਡਾ. ਜੁਗਿੰਦਰ ਸਿੰਘ ਪੁਆਰ

**ਵਿਆਕਰਨ** ਕੀ ਹੈ ? ਇਸ ਬਾਰੇ ਵਖ ਵਖ ਵਿਚਾਰ ਪ੍ਰਚਲਤ ਰਹੇ ਹਨ। ਕੁਝ ਇਕ ਦਾ ਇਹ ਵਿਚਾਰ ਸੀ ਕਿ ਵਿਆਕਰਨ ਸਿਰਫ ਲਿਖਤੀ ਭਾਸ਼ਾ ਦੀ ਹੀ ਹੁੰਦੀ ਹੈ, ਬੋਲ ਚਾਲ ਦੀ ਭਾਸ਼ਾ ਦੀ ਨਹੀਂ। ਇਹ ਵਿਚਾਰ ਆਪਾ ਵਿਰੋਧੀ ਹੈ, ਇਸ ਲਈ ਦਰੁਸਤ ਨਹੀਂ । ਕਈਆਂ ਦੇ ਵਿਚਾਰ ਅਨੁਸਾਰ ਕੁਝ ਇਕ ਭਾਸ਼ਾਵਾਂ ਵਿਚ ਵਧੇਰੇ ਵਿਆਕਰਨ ਹੁੰਦੀ ਹੈ ਅਤੇ ਕੁਝ ਇਕ ਵਿਆਕਰਨ-ਰਹਿਤ ਜਾਂ ਘਟ ਵਿਆਕਰਨ ਵਾਲੀਆਂ ਭਾਸ਼ਾਵਾਂ ਹੁੰਦੀਆਂ ਨੇ। ਇਸ ਧਾਰਨਾ ਦਾ ਵੀ ਕੋਈ ਸਿਰ ਪੈਰ ਨਹੀਂ। ਕਈ ਇੰਜ ਵੀ ਸੋਚਦੇ ਨੇ ਕਿ ਕੁਝ ਲੋਕੀਂ ਆਪਣੀ ਮਾਤ-ਭਾਸ਼ਾ ਦੀ ਵਿਆਕਰਨ ਤੋਂ ਵਧੇਰੇ ਜਾਣੂ ਹੁੰਦੇ ਨੇ ਅਤੇ ਕੁਝ ਇਕ ਨੂੰ ਇਸ ਦਾ ਗਿਆਨ ਨਹੀਂ ਹੁੰਦਾ। ਇਸ ਤੱਥ ਵਿਚ ਵੀ ਬਹੁਤ ਸੱਚਾਈ ਨਹੀਂ। ਹਰ ਵਿਅੱਕਤੀ ਵਲੋਂ ਆਪਣੀ ਮਾਤ-ਭਾਸ਼ਾ ਦਾ ਠੀਕ ਪਰਯੋਗ ਇਸ ਗੱਲ ਦਾ ਪ੍ਰਤੀਕ ਹੈ ਕਿ ਉਹ ਆਪਣੀ ਮਾਤ ਭਾਸ਼ਾ ਦੀ ਬਣਤਰ ਦੀ ਤਹਿ ਥੱਲੇ ਕੰਮ ਕਰ ਰਹੇ ਨਿਯਮਾਂ ਦੀ ਭਲੀ ਭਾਂਤ ਵਰਤੋਂ ਕਰ ਸਕਦਾ ਹੈ। ਅਸਲ ਵਿਚ ਹਰ ਵਿਅੱਕਤੀ ਉਹ ਅਨਪੜ੍ਹ ਹੋਵੇ ਜਾਂ ਪੜ੍ਹਿਆ ਲਿਖਿਆ, ਆਪਣੀ ਮਾਤ ਭਾਸ਼ਾ ਦੇ ਨਿਯਮਾਂ ਤੋਂ ਅਚੇਤ ਤੌਰ 'ਤੇ ਹੀ ਜਾਣੂ ਹੁੰਦਾ ਹੈ। ਕੋਈ ਵੀ ਵਿਅੱਕਤੀ ਆਪਣੀ ਮਾਤ ਭਾਸ਼ਾ ਦੀ ਵਿਉਂਤ ਸੁਚੇਤ ਤੌਰ 'ਤੇ ਨਹੀਂ ਸਿਖਦਾ ਸਗੋਂ ਉਹ ਇਹਨਾਂ ਨੂੰ ਅਚੇਤ ਤੌਰ 'ਤੇ ਹੀ ਗ੍ਰਹਿਣ ਕਰਦਾ ਹੈ। ਇਹ ਨਿਯਮ ਕਿਸੇ ਇਕ ਭਾਸ਼ਾ ਨੂੰ ਬੋਲਣ ਵਾਲੇ ਸਾਰੇ ਬੁਲਾਰਿਆਂ ਵਿਚ ਸਾਂਝੇ ਹੁੰਦੇ ਨੇ ਅਤੇ ਕਿਸੇ ਇਕ ਬੁਲਾਰੇ ਦੇ ਵਿਅੱਕਤੀਗਤ ਚਰਿੱਤਰ ਦਾ ਨਿੱਜੀ ਭਾਗ ਨਹੀਂ ਹੁੰਦੇ ਸਗੋਂ ਇਹ ਸਮਾਜ ਦਾ ਇਕ ਸਾਂਝਾ ਅੰਗ ਹੁੰਦੇ ਨੇ। ਜਦੋਂ ਇਹਨਾਂ ਨਿਯਮਾਂ ਨੂੰ ਇਕ ਲੜੀ ਵਿਚ ਪਰੋਇਆ ਜਾਵੇ ਤਾਂ ਇਹ ਉਸ ਭਾਸ਼ਾ ਦੀ ਵਿਆਕਰਨ ਦਾ ਰੂਪ ਧਾਰ ਲੈਂਦੇ ਨੇ। ਦੂਜੇ ਸ਼ਬਦਾਂ ਵਿਚ ਇਹਨਾਂ ਨਿਯਮਾਂ ਨੂੰ ਨਿਆਏ-ਪੂਰਵਕ ਢੰਗ ਨਾਲ ਇਕੱਠਿਆਂ ਕਰਨ ਨੂੰ ਹੀ ਵਿਆਕਰਨ ਆਖਿਆ ਜਾਂਦਾ ਹੈ।

ਭਾਸ਼ਾ ਦਾ ਆਪਾ, ਸਬੰਧਤ ਭਾਸ਼ਾਈ ਸਮਾਜ ਨਾਲੋਂ ਵਖਰਿਆਂ ਨਹੀਂ ਹੁੰਦਾ, ਸਗੋਂ ਇਹ ਇਕ ਦੂਜੇ ਦਾ ਰੂਪ ਹੀ ਹੁੰਦੇ ਨੇ । ਸਮਾਜ ਅਤੇ ਭਾਸ਼ਾ ਦਾ ਵਿਕਾਸ ਆਪੋ ਵਿਚ ਬੱਝੇ ਹੁੰਦੇ ਨੇ। ਭਾਸ਼ਾ ਦਾ ਵਿਸ਼ਲੇਸ਼ਨ ਕਰਨ ਲਈ ਜਾਂ ਇਸ ਦੀ ਤਹਿ ਥਲੇ ਕੰਮ ਕਰ ਰਹੇ ਨਿਯਮਾਂ ਨੂੰ ਸਮਝਣ ਲਈ ਮਨੁੱਖੀ ਦਿਮਾਗ ਨੂੰ ਸਮਝਣਾ ਜ਼ਰੂਰੀ ਹੈ ਜੋ ਇਕ ਜ਼ਬਤ ਵਿਚ ਬੱਝ ਕੇ ਵਿਸ਼ੇਸ਼ ਨੇਮਾਂ ਅਨੁਸਾਰ ਭਾਸ਼ਾ ਉਤਪੰਨ ਕਰਦਾ ਹੈ। ਸੋਸਿਊਰ ਨੇ ਭਾਸ਼ਾ ਦੇ ਦੋ ਪੱਖਾਂ ਦਾ ਜ਼ਿਕਰ ਕੀਤਾ ਹੈ — ਇਕ ਉਹ ਪੱਖ ਜੋ ਬੋਲ ਚਾਲ ਦੇ ਰੂਪ ਵਿਚ ਪਰਗਟ ਹੁੰਦਾ ਹੈ ਅਤੇ ਇਸ ਰੂਪ ਦੀ ਤਹਿ ਥੱਲੇ ਕੰਮ ਕਰ ਰਹੀ ਵਿਉਂਤ ਇਸ ਦਾ ਦੂਜਾ ਪੱਖ ਹੈ। ਇਹ ਭਾਸ਼ਾ ਦਾ ਉਹ ਪੱਖ ਹੈ ਜੋ ਮਨੁੱਖ ਨੂੰ ਵਿਰਸੇ ਵਿਚ ਮਿਲਦਾ ਹੈ ਅਤੇ ਇਸ ਦਾ ਪਰਯੋਗ ਇਕ ਭਾਸ਼ਾਈ ਸਮਾਜ ਦੇ ਸਾਰੇ ਬੁਲਾਰਿਆਂ ਵਲੋਂ ਸਮਾਨ ਰੂਪ ਵਿਚ ਕੀਤਾ ਜਾਂਦਾ ਹੈ। ਚੋਮਸਕੀ ਨੇ ਭਾਸ਼ਾ ਦੇ ਇਹਨਾਂ ਪੱਖਾਂ ਨੂੰ ਥੋੜੇ ਜਿਹੇ ਫਰਕ ਨਾਲ ਇਕ ਵਖਰੀ



ਸ਼ਬਦਾਵਲੀ ਭਾਸ਼ਾਈ ਪ੍ਰਤਿਭਾ (Competence) ਅਤੇ ਭਾਸ਼ਾਈ ਪਰਯੋਗ (performance) ਕਹਿ ਕੇ ਵਿਚਾਰਿਆ ਹੈ। ਹਰ ਬੁਲਾਰਾ ਆਪਣੀ ਮਾਤ ਭਾਸ਼ਾ ਦੀ ਵਰਤੋਂ ਹਰ ਸਥਿਤੀ ਵਿਚ ਕਰਦਾ ਹੈ ਅਤੇ ਉਸ ਦਾ ਇਹ ਭਾਸ਼ਾਈ ਪਰਯੋਗ ਉਸ ਮਨੁੱਖ ਦੀ ਭਾਸ਼ਾਈ ਪ੍ਰਤਿਭਾ 'ਤੇ ਆਧਾਰਤ ਹੁੰਦਾ ਹੈ। ਵਿਆਕਰਨ ਦੀ ਤਿਆਰੀ ਸਮੇਂ ਭਾਸ਼ਾ ਵਿਗਿਆਨੀ ਨੇ ਬੁਲਾਰੇ ਦੀ ਭਾਸ਼ਾਈ ਪ੍ਰਤਿਭਾ ਨੂੰ ਆਧਾਰ ਬਣਾਉਣਾ ਹੁੰਦਾ ਹੈ ਨਾ ਕਿ ਉਸ ਦੇ ਭਾਸ਼ਾਈ ਪਰਯੋਗ ਨੂੰ। ਭਾਸ਼ਾ ਵਿਗਿਆਨੀ ਨੇ ਭਾਸ਼ਾ ਵਿਸ਼ਲੇਸ਼ਨ ਕਰਨ ਲਈ ਸਥੂਲ ਸਥਿਤੀਆਂ ਵਿਚ ਵਰਤੀ ਜਾਣ ਵਾਲੀ ਬੋਲੀ ਤੋਂ

> "(ਭਾਸ਼ਾਈ ਤਹਿ ਥਲੇ ਕੰਮ ਕਰ ਰਹੇ) ਨਿਯਮਾਂ ਨੂੰ ਨਿਆਏ-ਪੂਰਵਕ ਢੰਗ ਨਾਲ ਇਕੱਠਿਆਂ ਕਰਨ ਨੂੰ ਹੀ ਵਿਆਕਰਨ ਆਖਿਆ ਜਾਂਦਾ ਹੈ।"

ਸ਼ੁਰੂ ਕਰ ਕੇ, ਜਾਂ ਇਉਂ ਕਹੋ ਕਿ ਉਸ ਨੂੰ ਆਧਾਰ ਬਣਾ ਕੇ, ਬੁਲਾਰੇ ਦੇ ਦਿਮਾਗ ਵਿਚ ਪਏ ਭਾਸ਼ਾਈ ਗਿਆਨ ਅਤੇ ਸੂਖਮ ਨਿਯਮਾਂ ਨੂੰ, ਜੋ ਕਿਸੇ ਹੋਰ ਸਿੱਧੇ ਢੰਗ ਨਾਲ ਜਾਣੇ ਨਹੀਂ ਜਾ ਸਕਦੇ, ਨਿਯਮਬੱਧ ਕਰਨਾ ਹੁੰਦਾ ਹੈ। ਇਸ ਮੰਤਵ ਦੀ ਪੂਰਤੀ ਲਈ ਵਿਆਕਰਨ ਦੀ ਸਿਰਜਣਾ ਕੀਤੀ ਜਾਂਦੀ ਹੈ। ਅਜਿਹੀ ਵਿਆਕਰਨ ਵਕਤਾ ਦੇ ਉਚਾਰਨ ਨੂੰ ਆਧਾਰ ਬਣਾ ਕੇ ਉਸ ਦੇ ਭਾਸ਼ਾਈ ਗਿਆਨ ਨੂੰ ਨਿਯਮਬੱਧ ਕਰਦੀ ਹੈ । ਇਹ ਨਿਯਮ ਬੁਲਾਰੇ ਦੇ ਭਾਸ਼ਾ ਸੰਬੰਧੀ ਅਚੇਤ ਭਾਸ਼ਾਈ ਗਿਆਨ ਜਾਂ ਦਿਮਾਗ ਵਿਚ ਸਾਂਭੇ ਹੋਏ ਵਿਆਕਰਨਕ ਨਿਯਮਾਂ ਦਾ ਇਨ ਬਿਨ ਰੂਪ ਨਹੀਂ ਹੁੰਦੇ ਸਗੋਂ ਉਹਨਾਂ ਦਾ ਕੁਝ ਕੁ ਸਾਮਾਨ ਜਿਹਾ ਰੂਪ ਹੁੰਦੇ ਨੇ।

ਵਿਆਕਰਨ ਦੀ ਅਜਿਹੀ ਵਿਉਂਤ-ਬੰਦੀ ਲਈ ਕਈ ਇਕ ਪੜਾਅ ਤੈ ਕਰਨੇ ਪੈਂਦੇ ਨੇ ਜਿਨ੍ਹਾਂ ਵਿਚ (1) ਭਾਸ਼ਾ ਸਮੱਗਰੀ ਇਕੱਠੀ ਕਰਨੀ, (2) ਇਕੱਠੀ ਕੀਤੀ ਭਾਸ਼ਾ ਸਮੱਗਰੀ ਦੇ ਸਾਂਚੇ ਜਾਂ ਬਣਾਵਟ ਨੂੰ ਨੀਝ ਅਤੇ ਸੂਝ ਨਾਲ ਵਾਚਣਾ, (3) ਇਸ ਸੂਝ ਦੇ ਆਧਾਰ 'ਤੇ ਨਿਯਮ ਘੜਨੇ ਅਤੇ (4) ਇਹਨਾਂ ਘੜੇ ਹੋਏ ਨਿਯਮਾਂ ਦੀ ਪੜਤਾਲ ਕਰਨੀ। ਨਿਯਮਾਂ ਦੀ ਪੜਤਾਲ ਇਕ ਬਾਹਰ-ਮੁਖੀ ਕਦਮ ਹੈ । ਡੂੰਘੀ ਨੀਝ ਅਤੇ ਸੂਝ ਦੇ ਆਧਾਰ 'ਤੇ ਘੜੇ ਗਏ ਵਿਆਕਰਨਕ ਨਿਯਮਾਂ ਨੂੰ ਤਕਨੀਕੀ ਢੰਗ ਨਾਲ ਪੜਤਾਲਿਆ ਜਾਂਦਾ ਹੈ । ਅਜਿਹੀ ਪੜਤਾਲ ਸਮੇਂ ਇਸ ਗੱਲ ਵਲ ਪੂਰਾ ਧਿਆਨ ਦਿਤਾ ਜਾਂਦਾ ਹੈ ਕਿ ਇਹ ਵਿਗਿਆਨਕ ਢੰਗ ਨਾਲ ਪ੍ਰਾਪਤ ਨਿਯਮ ਅੰਦਰ-ਮੁਖੀ ਸੋਚ ਤੋਂ ਮੁਕਤ ਹੋਣ। ਇਸ ਦੇ ਨਾਲ ਹੀ ਇਹਨਾਂ ਨਿਯਮਾਂ ਨੂੰ ਜਦੋਂ ਕੋਈ ਹੋਰ ਭਾਸ਼ਾ ਵਿਗਿਆਨੀ ਉਸੇ ਭਾਸ਼ਾ ਸਮੱਗਰੀ 'ਤੇ ਲਾਗੂ ਕਰੇ, ਜਿਸ ਦੇ ਆਧਾਰ 'ਤੇ ਇਹ ਨਿਯਮ ਘੜੇ ਗਏ ਹੋਣ, ਤਾਂ ਉਹ ਵੀ ਇਨ ਬਿਨ ਉਹਨਾਂ ਹੀ ਸਿਟਿਆਂ 'ਤੇ ਪੁਜੇ।

ਪਿਛਲੇ ਕੁਝ ਕੁ ਦਹਾਕਿਆਂ ਤੋਂ ਇਹ ਸਮਝਿਆ ਜਾਣ ਲੱਗ ਗਿਆ ਹੈ ਕਿ ਵਿਆਕਰਨ ਦਾ ਅਧਿਐਨ, ਭਾਵੇਂ ਉਹ ਕਿਸੇ ਢੰਗ ਨਾਲ ਹੀ ਕਿਉਂ ਨਾ ਕਰਵਾਇਆ ਜਾਵੇ, ਕੋਈ ਵਿਸ਼ੇਸ਼ ਲਾਭਦਾਇਕ ਸਾਬਤ ਨਹੀਂ ਹੋ ਸਕਦਾ। ਮੇਰਾ ਵਿਚਾਰ ਇਹ ਹੈ ਕਿ ਵਿਆਕਰਨ ਦਾ ਅਧਿਐਨ, ਜੇ ਉਹ ਠੀਕ ਢੰਗ ਨਾਲ ਕੀਤਾ ਜਾਵੇ ਜਾਂ ਜੇ ਵਿਦਿਆਰਥੀਆਂ ਨੂੰ ਕਿਸੇ ਭਾਸ਼ਾ ਦੇ ਵਿਆਕਰਨਕ ਨਿਯਮਾਂ ਤੋਂ ਭਲੀ ਭਾਂਤ ਜਾਣੂ ਕਰਵਾਇਆ ਜਾਵੇ, ਤਾਂ ਭਾਸ਼ਾ ਸਿਖਣ ਜਾਂ ਭਾਸ਼ਾ ਨਾਲ ਸਬੰਧਤ ਬਹੁਤ ਸਾਰੀਆਂ ਸਮੱਸਿਆਵਾਂ ਅਤੇ ਔਕੜਾਂ ਦਾ ਹਲ ਕਢਿਆ ਜਾ ਸਕਦਾ ਹੈ। ਇਸ ਦੇ ਨਾਲ ਹੀ

ਕਿਸੇ ਵੀ ਵਿਅੱਕਤੀ ਦਾ ਵਿਆਕਰਨਕ ਨਿਯਮਾਂ ਤੋਂ ਵਾਕਫ ਹੋਣਾ ਆਪਣੇ ਆਪ ਵਿਚ ਇਸ ਗੱਲ ਦੀ ਕੋਈ ਜ਼ਮਾਨਤ ਨਹੀਂ ਕਿ ਉਹ ਇਹਨਾਂ ਨਿਯਮਾਂ ਦੀ ਵਾਕਫੀਅਤ ਦੇ ਆਧਾਰ 'ਤੇ ਭਾਸ਼ਾ ਦਾ ਸਹੀ ਪਰਯੋਗ ਕਰ ਸਕੇ, ਜੇ ਉਹ ਆਪਣੇ ਵਿਆਕਰਨਕ ਗਿਆਨ ਅਤੇ ਆਪਣੀ ਲਿਖਤ ਅਤੇ ਬੋਲ ਚਾਲ ਵਿਚਕਾਰ ਯੋਗ ਸੰਪਰਕ ਪੈਦਾ ਨਹੀਂ ਕਰਦਾ। ਇਸ ਮੰਤਵ ਦੀ ਪੂਰਤੀ ਲਈ ਦੋ ਗੱਲਾਂ ਨੂੰ

> "ਵਿਆਕਰਨ ਦੀ ਤਿਆਰੀ ਸਮੇਂ ਭਾਸ਼ਾ ਵਿਗਿਆਨੀ ਨੇ ਬੁਲਾਰੇ ਦੀ ਭਾਸ਼ਾਈ ਪ੍ਰਤਿਭਾ ਨੂੰ ਆਧਾਰ ਬਣਾਉਣਾ ਹੁੰਦਾ ਹੈ ਨਾ ਕਿ ਉਸ ਦੇ ਭਾਸ਼ਾਈ ਪਰਯੋਗ ਨੂੰ।"

ਧਿਆਨ ਵਿਚ ਰਖਣਾ ਜ਼ਰੂਰੀ ਸਮਝਿਆ ਜਾਂਦਾ ਹੈ : (i) ਵਿਆਕਰਨ ਦੇ ਅਧਿਐਨ ਅਤੇ ਭਾਸ਼ਾ ਲਿਖਣ ਜਾਂ ਬੋਲਣ ਦੇ ਅਭਿਆਸ ਇਕ ਦੂਜੇ ਤੋਂ ਵਖ ਨਹੀਂ ਹੁੰਦੇ ਅਤੇ (ii) ਵਿਆਕਰਨ ਸਬੰਧੀ ਗਿਆਨ ਵਿਦਿਆਰਥੀਆਂ ਨੂੰ ਪ੍ਰਾਪਤ ਭਾਸ਼ਾ ਸਮੱਗਰੀ ਦੀ ਬਣਤਰ ਜਾਂ ਉਸ ਦੇ ਆਧਾਰ 'ਤੇ ਕੀਤੇ ਵਿਸ਼ਲੇਸ਼ਣ ਰਾਹੀਂ ਪ੍ਰਾਪਤ ਹੋਣਾ ਚਾਹੀਦਾ ਹੈ ਨਾ ਕਿ ਕਿਸੇ ਬਣੇ ਬਣਾਏ ਮਸਾਲੇ ਰਾਹੀਂ।

ਕਿਸੇ ਵੀ ਭਾਸ਼ਾ ਦੇ ਸੰਪੂਰਨ ਵਿਆਕਰਨਕ ਵਿਸ਼ਲੇਸ਼ਨ ਲਈ ਵਿਆਕਰਨ ਦੇ ਮੁਖ ਅੰਗਾਂ — ਧੁਨੀ-ਵਿਉਂਤ, ਵਾਕ-ਵਿਉਂਤ ਅਤੇ ਅਰਥ-ਵਿਉਂਤ ਆਦਿ ਬਾਰੇ ਵਿਚਾਰ ਕਰਨੀ ਜ਼ਰੂਰੀ ਹੁੰਦੀ ਹੈ। ਅਜਿਹੇ ਵਿਸ਼ਲੇਸ਼ਨ ਵਿਚ ਵਾਕ-ਵਿਉਂਤ ਨੂੰ ਆਮ ਕਰਕੇ ਕੇਂਦਰੀ ਸਥਾਨ ਪ੍ਰਾਪਤ ਹੁੰਦਾ ਹੈ। ਵਿਆਕਰਨਕ ਪੱਧਰ 'ਤੇ ਭਾਵੇਂ ਰੂਪਾਂਸ਼ ਨੂੰ ਹੀ ਛੋਟੀ ਤੋਂ ਛੋਟੀ ਇਕਾਈ ਮੰਨਿਆ ਜਾਂਦਾ ਹੈ ਪਰ ਵਿਆਕਰਨਕ ਵਿਸ਼ਲੇਸ਼ਨ ਲਈ ਆਮ ਕਰਕੇ ਸ਼ਬਦ ਹੀ ਮੁਢਲੀ ਇਕਾਈ ਦਾ ਕੰਮ ਦਿੰਦਾ ਹੈ। ਹਰ ਵਿਆਕਰਨਕ ਇਕਾਈ ਨੂੰ ਤਿੰਨ ਪੱਖਾਂ ਤੋਂ ਘੋਖਿਆ ਜਾਂਦਾ ਹੈ : (1) ਉਹ ਇਕਾਈ ਕਿਸ ਸ਼ਬਦ ਸ਼੍ਰੇਣੀ ਨਾਲ ਸਬੰਧਤ ਹੈ, (2) ਵਾਕ ਵਿਚ ਉਸ ਦਾ ਕਾਰਜ ਕੀ ਹੈ ਅਤੇ, (3) ਉਸ ਦਾ ਵਾਕ ਵਿਚਲੀਆਂ ਇਕਾਈਆਂ ਨਾਲ ਕੀ ਸਬੰਧ ਹੈ। ਦੂਜੇ ਸ਼ਬਦਾਂ ਵਿਚ ਵਿਆਕਰਨ ਵਖ ਵਖ ਉਚਾਰਨਾਂ ਵਿਚ ਸ਼ਬਦਾਂ ਨੂੰ ਉਹਨਾਂ ਦੇ ਰੂਪ, ਸਥਾਨ, ਵਰਤੋਂ ਅਤੇ ਉਹਨਾਂ ਦੇ ਆਪੋ ਵਿਚਲੇ ਸਬੰਧਾਂ ਦੇ ਆਧਾਰ 'ਤੇ ਇਕ ਤਾਂ ਉਹਨਾਂ ਨੂੰ ਵਖ ਵਖ ਵਾਕਾਂਸ਼ਾਂ ਵਿਚ ਇਕੱਠਿਆਂ ਕਰਦੀ ਹੈ ਅਤੇ ਦੂਜੇ ਉਹਨਾਂ ਦਾ ਵਰਗੀਕਰਨ ਵੀ ਕਰਦੀ ਹੈ। ਭਾਸ਼ਾ ਸਮੱਗਰੀ ਵਿਚ ਮੌਜੂਦ ਸਾਰੇ ਤੱਤਾਂ ਵਿਚ ਦੋ ਭਾਂਤ ਦੇ ਸਬੰਧ ਹੁੰਦੇ ਹਨ। ਇਕ ਤਾਂ ਕਿਸੇ ਵਾਕ, ਉਪਵਾਕ ਜਾਂ ਵਾਕਾਂਸ਼ ਵਿਚ ਮੌਜੂਦ ਸਾਰੇ ਸ਼ਬਦ ਆਪੋ ਵਿਚ ਲੜੀਵਾਰ ਸਬੰਧਤ ਹੁੰਦੇ ਨੇ ਅਤੇ ਦੂਜੇ ਅਜਿਹੀ ਲੜੀ ਦਾ ਹਰ ਸ਼ਬਦ ਲੜੀ ਤੋਂ ਬਾਹਰ ਭਾਸ਼ਾ ਦੇ ਸ਼ਬਦ ਭੰਡਾਰ ਵਿਚ ਪਏ ਆਪਣੀ ਹੀ ਵਿਆਕਰਨਕ ਸ਼੍ਰੇਣੀ ਦੇ ਉਹਨਾਂ ਸਾਰੇ ਸ਼ਬਦਾਂ ਨਾਲ ਵੀ ਸਬੰਧਤ ਹੁੰਦਾ ਹੈ ਜੋ ਉਸ ਲੜੀ ਵਿਚ ਉਸ ਸ਼ਬਦ ਦੀ ਥਾਂ ਸਾਂਭ ਸਕਦੇ ਹੋਣ। ਇਸ ਤਰ੍ਹਾਂ ਇਕ ਪਾਸੇ ਵਿਆਕਰਨ ਵੱਖ ਵੱਖ ਉਚਾਰਨਾਂ ਦਾ ਵਿਆਕਰਨਕ ਵਿਸ਼ਲੇਸ਼ਨ ਕਰਨ ਲਈ ਉਚਾਰੇ ਗਏ ਵਾਕਾਂ ਦੀ ਤਹਿ ਥੱਲੇ ਵਿਚਰ ਰਹੇ ਨਿਯਮਾਂ ਨੂੰ ਸੂਤਰਬੱਧ ਵੀ ਕਰਦੀ ਹੈ ਅਤੇ ਦੂਜੇ ਇਹ ਇਹਨਾਂ ਨਿਯਮਾਂ ਦੇ ਆਧਾਰ 'ਤੇ ਅਣਗਿਣਤ ਨਵੇਂ ਉਚਾਰਨ ਉਤਪੰਨ ਕਰਨ ਦੀ ਸਮਰੱਥਾ ਵੀ ਰੱਖਦੀ ਹੈ।

ਭਾਵੇਂ ਹਰ ਭਾਸ਼ਾ ਵਿਚ ਅਣਗਿਣਤ ਉਚਾਰਨ ਹੁੰਦੇ ਨੇ ਪਰ ਇਹ ਸਾਰੇ ਗਿਣਤੀ ਦੇ ਕੁਝ ਇਕ ਸਾਂਚਿਆਂ (**patterns**) 'ਤੇ ਆਧਾਰਤ ਹੁੰਦੇ ਨੇ। ਇਹਨਾਂ ਸਾਂਚਿਆਂ ਦਾ ਵਿਸ਼ਲੇਸ਼ਨ ਜਾਂ ਗਠਨ ਕੁਝ ਇਕ ਪ੍ਰਚਲਤ ਵਿਧੀਆਂ ਦੀ ਸਹਾਇਤਾ ਨਾਲ ਕੀਤਾ ਜਾਂਦਾ ਹੈ। ਸ਼ਬਦਾਂ, ਵਾਕਾਂਸ਼ਾਂ ਅਤੇ



ਉਪਵਾਕਾਂ ਦੇ ਅੰਦਰੂਨੀ ਗਠਨ ਅਤੇ ਬਾਹਰੀ ਸਬੰਧਾਂ ਦੀ ਵਿਆਖਿਆ ਹੀ ਵਿਆਕਰਨ ਲਈ ਸਮੱਗਰੀ ਪਰਦਾਨ ਕਰਦਾ ਹੈ।

ਅੱਜ ਕਲ ਜਿਸ ਭਾਂਤ ਦੀਆਂ ਵਿਆਕਰਨਾਂ ਅਸੀਂ ਆਪਣੇ ਸਕੂਲਾਂ ਵਿਚ ਪੜ੍ਹਾ ਰਹੇ ਹਾਂ (ਉਹਨਾਂ ਵਿਚੋਂ ਕੁਝ ਇਕ ਦਾ ਜ਼ਿਕਰ ਮੈਂ ਆਪਣੇ ਇਕ ਪਰਚੇ "ਪੰਜਾਬੀ ਵਿਆਕਰਨ, ਸਥਿਤੀ ਅਤੇ

> "(ਉਚ) ਪੱਧਰ ਦੀਆਂ ਵਿਆਕਰਨਾਂ ਤਿਆਰ ਕਰਨ ਲਈ ਜ਼ਰੂਰੀ ਹੈ ਕਿ ਕਿਸੇ ਹੋਰ ਭਾਸ਼ਾ ਦਾ ਵਿਆਕਰਨਕ ਢਾਂਚਾ ਪੰਜਾਬੀ ਭਾਸ਼ਾ ਉਪਰ ਨਾ ਠੋਸਿਆ ਜਾਵੇ, ਸਗੋਂ ਪੰਜਾਬੀ ਵਿਆਕਰਨ ਭਾਸ਼ਾ-ਸਮੱਗਰੀ ਦੇ ਵਿਸ਼ਲੇਸ਼ਨ 'ਤੇ ਆਧਾਰਤ ਹੋਣੀ ਚਾਹੀਦੀ ਹੈ।"

ਸਮੱਸਿਆਵਾਂ" ਵਿਚ ਕੀਤਾ ਸੀ) ਉਹ ਮੁਖ ਤੌਰ 'ਤੇ ਦੋ ਕਮਜ਼ੋਰੀਆਂ ਦਾ ਸ਼ਿਕਾਰ ਨੇ : ਇਕ ਤਾਂ ਉਹਨਾਂ ਵਿਚ ਵਿਆਕਰਨਕ ਇਕਾਈਆਂ ਅਤੇ ਵਿਆਕਰਨਕ ਸ਼ਬਦ ਸ਼੍ਰੇਣੀਆਂ ਦੀ ਸਥਾਪਨਾ ਅਰਥ-ਆਧਾਰਤ ਹੈ ਅਤੇ ਦੂਜੇ ਉਹ ਜਾਂ ਤਾਂ ਅੰਗ੍ਰੇਜ਼ੀ ਭਾਸ਼ਾ 'ਤੇ ਜਾਂ ਫਿਰ ਸੰਸਕ੍ਰਿਤ ਭਾਸ਼ਾ ਦੀਆਂ ਵਿਆਕਰਨਾਂ 'ਤੇ ਆਧਾਰਤ ਨੇ। ਭਾਵੇਂ ਪੰਜਾਬੀ ਵਿਚ ਰਚੀਆਂ ਗਈਆਂ ਕੁਝ ਵਿਆਕਰਨਾਂ ਸੰਸਕ੍ਰਿਤ ਵਿਆਕਰਨ 'ਤੇ ਹੀ ਆਧਾਰਤ ਨੇ ਪਰ ਸੰਸਕ੍ਰਿਤ ਵਿਦਵਾਨਾਂ ਵਲੋਂ ਰਚੀਆਂ ਗਈਆਂ ਸੰਸਕ੍ਰਿਤ ਵਿਆਕਰਨਾਂ ਵਿਸਥਾਰ ਅਤੇ ਪੂਰਨਤਾ ਦੇ ਪੱਖ ਤੋਂ ਆਪਣੀ ਮਿਸਾਲ ਆਪ ਹੀ ਨੇ। ਉਸ ਪੱਧਰ ਦੀਆਂ ਵਿਆਕਰਨਾਂ ਤਿਆਰ ਕਰਨ ਲਈ ਜ਼ਰੂਰੀ ਹੈ ਕਿ ਕਿਸੇ ਹੋਰ ਭਾਸ਼ਾ ਦਾ ਵਿਆਕਰਨਕ ਢਾਂਚਾ ਪੰਜਾਬੀ ਭਾਸ਼ਾ ਉਪਰ ਨਾ ਠੋਸਿਆ ਜਾਵੇ, ਸਗੋਂ ਪੰਜਾਬੀ ਵਿਆਕਰਨ ਭਾਸ਼ਾ-ਸਮੱਗਰੀ ਦੇ ਵਿਸ਼ਲੇਸ਼ਨ 'ਤੇ ਆਧਾਰਤ ਹੋਣੀ ਚਾਹੀਦੀ ਹੈ। ਅਜਿਹੀ ਵਿਆਕਰਨ ਹੀ ਪੰਜਾਬੀ ਵਿਆਕਰਨ ਦਾ ਪ੍ਰਤੀਨਿਧੀ ਰੂਪ ਹੋ ਸਕਦੀ ਹੈ।

ਪੰਜਾਬੀ ਵਿਆਕਰਨਾਂ ਵਿਚ ਵਿਆਕਰਨ ਨੂੰ ਦੋ ਭਾਗਾਂ ਵਿਚ ਹੀ ਵੰਡਿਆ ਮਿਲਦਾ ਹੈ — **ਸ਼ਬਦ ਵਿਉਂਤ** ਅਤੇ **ਵਾਕ ਵਿਉਂਤ**। ਦੁਨੀ ਚੰਦ ਅਨੁਸਾਰ 'ਪਦਾਂ ਦੁਆਰਾ ਪਰਗਟ ਕੀਤੇ ਗਏ ਪੂਰੇ ਵਿਚਾਰ ਨੂੰ ਵਾਕ ਆਖਦੇ ਹਨ। (1964, 195)। ਇਹ ਪ੍ਰੀਭਾਸ਼ਾ ਅਰਥ-ਆਧਾਰਤ ਹੈ ਜੋ ਪੰਜਾਬੀ ਵਿਆਕਰਨ ਦੀ ਇਕ ਵੱਡੀ ਕਮਜ਼ੋਰੀ ਹੈ। ਆਮ ਤੌਰ 'ਤੇ 'ਵਿਆਕਰਨਕ ਵਿਸ਼ਲੇਸ਼ਨ ਦੀ ਵਡੀ ਤੋਂ ਵਡੀ ਭਾਸ਼ਾਈ ਇਕਾਈ ਨੂੰ ਵਾਕ ਕਿਹਾ ਜਾਂਦਾ ਹੈ'। ਪੰਜਾਬੀ ਵਿਆਕਰਨ ਵਿਚ ਇਸ ਆਧਾਰ 'ਤੇ ਕਿਸੇ ਨੇ ਵੀ ਵਾਕ ਇਕਾਈ ਦੀ ਸਥਾਪਨਾ ਨਹੀਂ ਕੀਤੀ। ਅਸਲ ਵਿਚ ਸਾਨੂੰ ਸ਼ੁਰੂ ਵਿਚ ਪ੍ਰਾਪਤ ਭਾਸ਼ਾਈ ਸਮੱਗਰੀ ਵਿਚੋਂ ਪੂਰਨ ਉਚਾਰ ਵੱਖ ਵੱਖ ਉਚਾਰ-ਤਾਨਾਂ (**intonation**) ਦੇ ਆਧਾਰ 'ਤੇ ਵਖ ਕਰਨੇ ਚਾਹੀਦੇ ਨੇ। ਅਜਿਹੇ ਵਰਗੀਕਰਨ ਸਮੇਂ ਧੁਨੀਆਤਮਕ ਕਸੌਟੀ ਦੇ ਨਾਲ ਪਹਿਲ ਵਿਆਕਰਨਕ ਕਸੌਟੀ ਨੂੰ ਦਿਤੀ ਜਾਣੀ ਚਾਹੀਦੀ ਹੈ। ਵਾਕ ਤਾਂ ਭਾਸ਼ਾ ਵਿਚ ਅਣਗਿਣਤ ਹੀ ਹੋਣਗੇ, ਪਰ ਇਹਨਾਂ ਵਾਕਾਂ ਦੀ ਤਹਿ ਥੱਲੇ ਕੰਮ ਕਰ ਰਹੀ ਵਿਉਂਤ ਨੂੰ ਘੋਖਿਆਂ ਪਤਾ ਲਗੇਗਾ ਕਿ ਇਹ ਅਣਗਿਣਤ ਵਾਕ ਕੁਝ ਇਕ ਵਾਕ ਸਾਂਚਿਆਂ (**Sentence pattern**) ਤਕ ਹੀ ਸੀਮਤ ਨੇ। ਵਿਆਕਰਨੀ ਦਾ ਕੰਮ ਵਾਕਾਂ ਦੀ ਵਿਉਂਤ ਅਤੇ ਸੰਬੰਧਤ ਸਾਂਚਿਆਂ ਨੂੰ ਉਲੀਕਣਾ ਹੁੰਦਾ ਹੈ। ਡਾਕਟਰ ਗਿੱਲ ਦੀ 'ਰੈਫ਼ਰੈਂਸ ਗਰਾਮਰ' ਨੂੰ ਛੱਡ ਕੇ ਸ਼ਾਇਦ ਹੀ ਕੋਈ ਹੋਰ ਅਜਿਹੀ ਪੰਜਾਬੀ ਵਿਆਕਰਨ ਹੋਵੇਗੀ ਜਿਸ ਵਿਚ ਵਾਕ-ਵਿਉਂਤ ਅਤੇ ਵਾਕ-ਸਾਂਚਿਆਂ

ਦਾ ਜ਼ਿਕਰ ਹੋਵੇ।

ਪੰਜਾਬੀ ਵਾਕ ਬਣਤਰ ਦੇ ਵਿਸ਼ਲੇਸ਼ਨ ਲਈ ਵਾਕ ਅਤੇ ਸ਼ਬਦ ਵਿਚਕਾਰ ਦੋ ਹੋਰ ਵਿਆਕਰਨਕ ਇਕਾਈਆਂ, ਉਪਵਾਕ ਅਤੇ ਵਾਕਾਂਸ਼ ਸਥਾਪਤ ਕੀਤੀਆਂ ਜਾਣੀਆਂ ਜ਼ਰੂਰੀ ਨੇ। ਅਜਿਹੀ ਹਰ ਇਕਾਈ ਦੀ ਪ੍ਰੀਭਾਸ਼ਾ ਉਸ ਤੋਂ ਛੋਟੀ ਅਤੇ ਵੱਡੀ ਇਕਾਈ ਦੇ ਹਵਾਲੇ ਨਾਲ ਕੀਤੀ ਜਾਂਦੀ ਹੈ ਅਤੇ ਹਰ ਇਕਾਈ ਦਾ ਆਪਣਾ ਵੀ ਵਿਆਕਰਨ ਪਧਰ ਹੁੰਦਾ ਹੈ। ਪੰਜਾਬੀ ਵਾਕ ਬਣਤਰ ਨੂੰ ਵਧੇਰੇ ਨੀਝ ਨਾਲ ਵੇਖਣ ਵਾਲਾ ਹਰ ਵਿਅੱਕਤੀ ਵਾਕ ਨੂੰ ਛੋਟੀਆਂ ਭਾਸ਼ਾਈ ਇਕਾਈਆਂ ਵਿਚ

> "ਲੋੜ ਇਸ ਗਲ ਦੀ ਹੈ ਕਿ ਭਾਸ਼ਾਈ ਸਮੱਗਰੀ ਦੇ ਆਧਾਰ 'ਤੇ
> ਪੰਜਾਬੀ ਵਿਆਕਰਨ ਵਿਚ ਮੁਖੀ ਰੂਪਾਂ ਦਾ ਵਰਨਣ ਕੀਤਾ ਜਾਵੇ।"

ਵੰਡ ਸਕਦਾ ਹੈ। ਪੰਜਾਬੀ ਦਾ ਹਰ ਮਿਸ਼ਰਤ ਵਾਕ ਜੋ ਨਾਲ ਲਗਦੀਆਂ ਛੋਟੀਆਂ ਭਾਸ਼ਾਈ ਇਕਾਈਆਂ ਜਾਂ ਜਿਨ੍ਹਾਂ ਉਪਵਾਕਾਂ ਵਿਚ ਵੰਡਿਆ ਜਾ ਸਕਦਾ ਹੈ ਉਹਨਾਂ ਵਿਚੋਂ ਕਈਆਂ ਦੀ ਬਣਤਰ ਸਾਧਾਰਨ ਵਾਕ ਦੀ ਬਣਤਰ ਦੇ ਸਾਮਾਨ ਹੁੰਦੀ ਹੈ ਅਤੇ ਕੁਝ ਇਕ ਇਕਾਈਆਂ ਦੀ ਬਣਤਰ ਇਸ ਭਾਂਤ ਦੀ ਹੁੰਦੀ ਹੈ ਕਿ ਉਹ ਕਿਸੇ ਵਾਕ ਦਾ ਭਾਗ ਤਾਂ ਬਣ ਸਕਦੀਆਂ ਨੇ ਪਰ ਸਵਾਧੀਨ ਵਾਕ ਨਹੀਂ ਉਸਾਰ ਸਕਦੀਆਂ। ਅਜਿਹੇ ਸਵਾਧੀਨ ਅਤੇ ਪਰਾਧੀਨ ਉਪਵਾਕਾਂ ਦੀ ਪਛਾਣ, ਸਥਾਪਨਾ ਅਤੇ ਵਰਗੀਕਰਨ ਉਹਨਾਂ ਦੇ ਰੂਪ, ਬਣਤਰ ਅਤੇ ਉਹਨਾਂ ਦੇ ਕਾਰਜ ਦੇ ਆਧਾਰ 'ਤੇ ਕੀਤੀ ਜਾਣੀ ਚਾਹੀਦੀ ਹੈ। ਪੰਜਾਬੀ ਵਿਆਕਰਨਾਂ ਵਿਚ ਇਸ ਪੱਖ ਦੀ ਘਾਟ ਹੈ।

ਸ਼ਬਦ ਅਤੇ ਉਪ-ਵਾਕ ਦੇ ਵਿਚਕਾਰ ਵਿਚਰਨ ਵਾਲੀ ਭਾਸ਼ਾਈ ਇਕਾਈ ਨੂੰ ਆਮ ਤੌਰ 'ਤੇ ਵਾਕਾਂਸ਼ ਹੀ ਕਿਹਾ ਗਿਆ ਹੈ। ਪੰਜਾਬੀ ਵਿਆਕਰਨਾਂ ਵਿਚ ਅਜਿਹੀ ਭਾਸ਼ਾਈ ਇਕਾਈ ਦਾ ਜਾਂ ਤਾਂ ਵਰਨਣ ਹੀ ਨਹੀਂ ਕੀਤਾ ਗਿਆ ਅਤੇ ਜੇ ਕਿਤੇ ਕੁਝ ਕਿਹਾ ਵੀ ਗਿਆ ਹੈ ਤਾਂ ਉਹ ਨਾਂ-ਮਾਤਰ ਹੀ ਹੈ। ਵੱਖ ਵੱਖ ਵਾਕਾਸ਼ਾਂ ਜਿਵੇਂ ਕਿ ਨਾਉਂ ਵਾਕਾਂਸ਼, ਕਿਰਿਆ ਵਾਕਾਂਸ਼, ਸਬੰਧਤੀ ਵਾਕਾਂਸ਼ ਆਦਿ ਭਾਸ਼ਾਈ ਇਕਾਈਆਂ ਨੂੰ ਠੀਕ ਭਾਂਤ ਸਮਝੇ ਬਿਨਾਂ ਪੰਜਾਬੀ ਵਾਕ ਬਣਤਰ ਨੂੰ ਠੀਕ ਤਰ੍ਹਾਂ ਸਮਝਿਆ ਜਾਂ ਸਮਝਾਇਆ ਨਹੀਂ ਜਾ ਸਕਦਾ। ਪੰਜਾਬੀ ਨਾਉਂ ਵਾਕਾਂਸ਼ ਵਿਚ ਇਕ ਜਾਂ ਇਕ ਤੋਂ ਵਧ ਨਾਉਂ ਜਾਂ ਇਸ ਨਾਲ ਸੰਬੰਧਤ ਹੋਰ ਸ਼ਬਦ ਸ਼ਾਮਲ ਕੀਤੇ ਜਾ ਸਕਦੇ ਨੇ। ਨਾਉਂ ਵਾਕਾਂਸ਼ ਵਿਚ ਮੁਖ ਸ਼ਬਦ ਤੋਂ ਪਹਿਲੋਂ ਆਉਣ ਵਾਲੇ ਸ਼ਬਦਾਂ ਦੀ ਕੀ ਤਰਤੀਬ ਹੋਵੇਗੀ—ਇਸ ਦਾ ਵਿਸਥਾਰ-ਸਹਿਤ ਜ਼ਿਕਰ ਕਿਸੇ ਵਿਆਕਰਨ ਵਿਚ ਨਹੀਂ ਕੀਤਾ ਗਿਆ। ਭਾਵੇਂ ਡਾਕਟਰ ਗਿੱਲ ਨੇ 'ਰੇਫਰੈਂਸ ਗਰਾਮਰ' ਵਿਚ ਇਸ ਤਰਤੀਬ ਬਾਰੇ ਵਿਚਾਰ ਤਾਂ ਕੀਤੀ ਹੈ ਪਰ ਉਹ ਆਪਣੇ ਆਪ ਵਿਚ ਕਾਫੀ ਨਹੀਂ। ਪੰਜਾਬੀ ਨਾਉਂ ਵਾਕਾਂਸ਼ ਵਿਚ ਭਾਵੇਂ ਸਹਾਇਕ ਸ਼ਬਦਾਂ ਦੀ ਕੋਈ ਪੱਕੀ ਤਰਤੀਬ ਤਾਂ ਨਹੀਂ ਪਰ ਤਾਂ ਵੀ ਇਸ ਬਾਰੇ ਵਿਚਾਰ ਕਰਨੀ ਜਾਂ ਨਿਯਮ ਘੜੇ ਜਾਣੇ ਜ਼ਰੂਰੀ ਨੇ। ਮਿਸਾਲ ਵਜੋਂ ਕੀ 'ਤਿੰਨ ਬਹੁਤ ਕਮਜ਼ੋਰ ਬੀਮਾਰ ਬੁਢੀਆਂ ਤੀਵੀਆਂ' 'ਤਿੰਨ ਕਮਜ਼ੋਰ ਬਹੁਤ ਬੀਮਾਰ ਬੁਢੀਆਂ ਤੀਵੀਂਆਂ' 'ਤਿੰਨ ਬਹੁਤ ਬੀਮਾਰ ਬੁਢੀਆਂ' 'ਤਿੰਨ ਕਮਜ਼ੋਰ ਤੀਵੀਂਆਂ' ਵਾਕਾਂਸ਼ ਇਕਾਈਆਂ ਦਾ ਅਰਥ ਇਕੋ ਹੀ ਹੈ? ਇੰਜ ਹੀ 'ਸਾਡੀ ਕਾਲੀ ਮਾਰਖੰਡੀ ਫੰਡਰ ਜਰਸੀ ਗਾਂ' ਭਾਸ਼ਾਈ ਇਕਾਈ ਵਿਚ ਸ਼ਬਦਾਂ ਦੀ ਵਧੇਰੇ ਪਰਚਲਤ ਅਤੇ ਪਰਵਾਨਿਤ ਤਰਤੀਬ ਕਿਹੜੀ ਹੈ? ਪੰਜਾਬੀ ਵਿਆਕਰਨ ਵਿਚ ਇਸ ਭਾਂਤ ਦਾ ਵਿਸ਼ਲੇਸ਼ਨ ਕਰਨ ਤੋਂ ਬਿਲਕੁਲ ਸੰਕੋਚ ਕੀਤਾ ਗਿਆ ਹੈ। ਲੋੜ ਇਸ ਗੱਲ ਦੀ ਹੈ



ਕਿ ਭਾਸ਼ਾਈ ਸਮੱਗਰੀ ਦੇ ਆਧਾਰ 'ਤੇ ਪੰਜਾਬੀ ਵਿਆਕਰਨ ਵਿਚ ਮੁਖੀ ਰੂਪਾਂ ਦਾ ਵਰਨਣ ਕੀਤਾ ਜਾਵੇ।

'ਤੂੰ ਆ ਜਾ', 'ਉਹ ਬੈਠ ਗਿਆ', 'ਸੱਪ ਨੂੰ ਮਾਰ ਕੇ ਦਬ ਦਿਤਾ ਜਾਂਦਾ ਹੈ', 'ਮੈਂ ਜਾ ਸਕਦਾ ਹਾਂ' ਆਦਿ ਵਾਕਾਂ ਵਿਚ ਕਿਰਿਆ ਵਾਕਾਂਸ਼ ਵਿਚ ਆਏ ਕੁਝ ਸ਼ਬਦ ਜਿਵੇਂ 'ਆ ਜਾ' 'ਬੈਠ ਗਿਆ' ਆਦਿ ਅਰਥਾਂ ਦੇ ਪੱਖ ਤੋਂ ਵਿਰੋਧੀ ਨੇ। ਜੇ ਇਹ ਸਮਝਿਆ ਜਾਵੇ ਕਿ ਅਜਿਹੀ ਹਰ ਇਕਾਈ ਦਾ ਅਰਥ ਇਸ ਵਿਚ ਆਏ ਸਾਰੇ ਕਿਰਿਆ ਸ਼ਬਦਾਂ ਦੇ ਅਰਥਾਂ ਦੇ ਕੁਲ ਜੋੜ ਦੇ ਬਰਾਬਰ ਹੈ ਤਾਂ ਇਹ ਠੀਕ ਨਹੀਂ। ਹਰ ਵਕਤਾ ਆਪਣੀ ਮਾਤ ਭਾਸ਼ਾ ਬਾਰੇ ਅਚੇਤ ਤੌਰ 'ਤੇ ਸ਼ਾਇਦ ਇੰਜ ਹੀ ਸੋਚਦਾ ਹੋਵੇ ਪਰ ਸੁਚੇਤ ਤੌਰ 'ਤੇ ਦੇਖਿਆਂ ਇਹ ਠੀਕ ਨਹੀਂ। ਪੰਜਾਬੀ ਬੋਲਣ ਵਾਲਾ ਹਰ ਵਿਅੱਕਤੀ ਇਹ ਜਾਣਦਾ ਹੈ ਕਿ 'ਬੈਠ ਜਾ' 'ਆ ਜਾ' ਵਿਚ ਕਿਸੇ ਨੂੰ ਬੈਠਣ ਜਾਂ ਆਉਣ ਲਈ ਕਿਹਾ ਗਿਆ ਹੈ। ਜੇ ਇਹ ਇੰਜ ਹੀ ਹੈ ਤਾਂ ਫਿਰ ਇਹਨਾਂ ਇਕਾਈਆਂ ਵਿਚ 'ਜਾ' ਦਾ ਕੀ ਕਾਰਜ ਹੈ? ਇਹ ਪੰਜਾਬੀ ਭਾਸ਼ਾ ਦਾ ਹੀ ਖਾਸਾ ਨਹੀਂ ਸਗੋਂ ਹਿੰਦੀ ਅਤੇ ਉਰਦੂ ਵਿਚ ਵੀ ਅਜਿਹੀ ਸਥਿਤੀ ਵੇਖਣ ਵਿਚ ਆਉਂਦੀ ਹੈ। 'ਆ ਜਾ' ਅਤੇ 'ਬੈਠ ਜਾ' ਵਿਚ ਅਰਥ-ਵਿਰੋਧੀ ਸ਼ਬਦਾਂ ਦੀ ਹੋਂਦ ਦੇ ਬਾਵਜੂਦ ਇਹ ਇਕ ਇਕਾਈ ਦੇ ਰੂਪ ਵਿਚ ਕੰਮ ਕਰਦੇ ਨੇ। ਅਜਿਹੀ ਸਥਿਤੀ ਦੀ ਵਿਆਖਿਆ ਪੰਜਾਬੀ ਵਿਆਕਰਨਾਂ ਵਿਚੋਂ ਸਹਿਜੇ ਹੀ ਮਿਲਣੀ ਚਾਹੀਦੀ ਹੈ. ਪਰ ਸਾਡੀਆਂ ਵਿਆਕਰਨਾਂ ਵਿਚ ਅਜਿਹੀ ਸਮੱਸਿਆ ਨੂੰ ਛੋਹਿਆ ਨਹੀਂ ਗਿਆ। ਡਾਕਟਰ ਗਿੱਲ ਨੇ 'ਰੇਫਰੈਂਸ ਗਰਾਮਰ' ਵਿਚ ਅਜਿਹੀ ਸਥਿਤੀ ਦਾ ਵਿਸ਼ਲੇਸ਼ਨ ਕੀਤਾ ਹੈ। 'ਬੈਠ ਜਾ' ਅਤੇ 'ਆ ਜਾ' ਆਦਿ ਇਕਾਈਆਂ ਵਿਚ 'ਜਾ' ਅੰਸ਼ ਨੂੰ (reinforcer) ਤਕੜਾਈਏ ਅੰਸ਼ ਆਖਿਆ ਹੈ। ਕਿਰਿਆ ਵਾਕਾਂਸ਼ ਵਿਚ ਵਧ ਤੋਂ ਵਧ ਛੇ ਸ਼ਬਦ ਆ ਸਕਦੇ ਨੇ। ਪਹਿਲੀ ਸ਼ਬਦ ਇਕਾਈ ਨੂੰ ਛਡ ਕੇ ਕੀ ਬਾਕੀ ਸਾਰਿਆਂ ਨੂੰ ਤਕੜਾਈਏ ਹੀ ਕਿਹਾ ਜਾਵੇਗਾ ਜਾਂ ਇਹਨਾਂ ਦਾ ਕਿਸੇ ਹੋਰ ਢੰਗ ਨਾਲ ਵਰਗੀਕਰਨ ਕੀਤਾ ਜਾਣਾ ਚਾਹੀਦਾ ਹੈ? ਅਜਿਹੀ ਹਾਲਤ ਵਿਚ ਸ਼ਬਦਾਂ ਨੂੰ ਜੇ ਤਰਤੀਬ ਦੇ ਆਧਾਰ 'ਤੇ ਵੱਖ ਵੱਖ ਉਪ-ਸ਼੍ਰੇਣੀਆਂ ਵਿਚ ਵੰਡਿਆ ਜਾਵੇ ਤਾਂ ਵਿਸ਼ਲੇਸ਼ਨ ਵਧੇਰੇ ਠੀਕ ਸਾਬਤ ਹੋ ਸਕਦਾ ਹੈ।

ਵਾਕ ਬਣਤਰ ਅਤੇ ਵਾਕ-ਵਿਉਂਤ ਨੂੰ ਸਮਝਣ ਅਤੇ ਉਸ ਦੇ ਵਿਆਕਰਨਕ ਵਿਸ਼ਲੇਸ਼ਨ ਲਈ, ਵਾਕਾਂ ਵਿਚ ਆਏ ਸ਼ਬਦਾਂ ਜਾਂ ਸ਼ਬਦ-ਸਮੂਹਾਂ ਦੇ ਆਪਸੀ ਸੰਬੰਧਾਂ ਦੀ ਸਥਾਪਤੀ ਲਈ ਨਿਕਟ ਅੰਗ ਵਿਉਂਤ ਆਦਿ ਢੰਗਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਛੋਟੇ ਵਾਕਾਂ ਨੂੰ ਲੰਮੇ ਵਾਕਾਂ ਦੇ ਰੂਪ ਵਿਚ ਪਸਾਰ ਸਕਣ ਅਤੇ ਲੰਮੇ ਵਾਕਾਂ ਦੀ ਕਟੌਤੀ ਕਰ ਕੇ ਛੋਟੇ ਵਾਕਾਂ ਦੇ ਰੂਪ ਵਿਚ ਲਿਆ ਸਕਣ ਦਾ ਤੱਥ ਇਹ ਸਿੱਧ ਕਰਦਾ ਹੈ ਕਿ ਵਾਕ ਬਣਤਰ ਵਿਚ ਇਕ ਵਾਕਾਂਸ਼ ਦੀ ਥਾਂ ਇਕ ਸ਼ਬਦ ਅਤੇ ਇਕ ਸ਼ਬਦ ਦੀ ਥਾਂ ਇਕ ਵਾਕਾਂਸ਼ ਲੈ ਸਕਦਾ ਹੈ। ਪੰਜਾਬੀ ਵਿਚ ਵੀ ਕਈ ਹੋਰ ਭਾਸ਼ਾਵਾਂ ਵਾਂਗੂ ਅਜਿਹੇ ਸ਼ਬਦ-ਸਮੂਹਾਂ ਦੀ ਬਣਤਰ ਦੋ ਭਾਂਤ ਦੀ ਮਿਲਦੀ ਹੈ। ਇਹਨਾਂ ਵਿਚੋਂ ਇਕ ਨੂੰ ਅੰਤਰ-ਕੇਂਦਰਤ ਅਤੇ ਦੂਜੀ ਨੂੰ ਬਾਹਰ-ਕੇਂਦਰਤ ਕਿਹਾ ਜਾਂਦਾ ਹੈ। ਜਦੋਂ ਕਿਸੇ ਸ਼ਬਦ-ਸਮੂਹ ਦਾ ਵਿਆਕਰਨਕ ਕਾਰਜ ਉਹ ਹੀ ਹੋਵੇ ਜਿਹੜਾ ਕਿ ਉਸ ਸ਼ਬਦ-ਸਮੂਹ ਦੇ ਮੁਖ ਸ਼ਬਦ ਦਾ ਹੈ, ਤਾਂ ਉਸ ਸ਼ਬਦ ਸਮੂਹ ਦੀ ਬਣਤਰ ਅੰਤਰ-ਕੇਂਦਰਤ ਕਹਾਉਂਦੀ ਹੈ। 'ਅਜਿਹੀ ਹਨੇਰੀ ਰਾਤ ਚੰਗੇ ਭਲੇ ਨੂੰ ਡਰਾ ਸਕਦੀ ਹੈ' ਵਿਚ 'ਅਜਿਹੀ ਹਨੇਰੀ ਰਾਤ' ਅੰਤਰ-ਕੇਂਦਰਤ ਬਣਤਰ ਦੀ ਉਦਾਹਰਨ ਹੈ। 'ਰਾਤ' ਦਾ ਵਿਆਕਰਨਕ ਕਾਰਜ ਇਸ ਵਾਕ ਵਿਚ 'ਅਜਿਹੀ ਹਨੇਰੀ ਰਾਤ' ਵਾਲਾ ਹੀ ਹੈ। ਇਸ ਦੇ ਉਲਟ ਜਿਸ ਸ਼ਬਦ ਸਮੂਹ ਦਾ ਵਿਆਕਰਨਕ ਕਾਰਜ ਉਸ ਸ਼ਬਦ-ਸਮੂਹ ਦੇ ਕਿਸੇ ਇਕ ਸ਼ਬਦ ਵਾਲਾ ਨਾ

ਹੋਵੇ ਤਾਂ ਉਸ ਸ਼ਬਦ-ਸਮੂਹ ਦੀ ਬਣਤਰ ਬਾਹਰ ਕੇਂਦਰਤ ਕਹੀ ਜਾਵੇਗੀ। 'ਜੇ ਮੈਂ ਆਇਆ ਤਾਂ ਤੁਹਾਨੂੰ ਜ਼ਰੂਰ ਮਿਲਾਂਗਾ' ਵਿਚ 'ਜੇ ਮੈਂ ਆਇਆ' ਬਾਹਰ ਕੇਂਦਰਤ ਬਣਤਰ ਦੀ ਇਕ ਉਦਾਹਰਨ ਹੈ। ਅੰਤਰ-ਕੇਂਦਰਤ ਬਣਤਰ ਨੂੰ ਅਗਾਂਹ ਸਾਂਵੀਂ ਅਤੇ ਅਧੀਨ ਭਾਂਤ ਦੀ ਬਣਤਰ ਵਿਚ ਵੰਡਿਆ ਜਾਂਦਾ ਹੈ। ਅਜਿਹੀ ਵੰਡ ਸ਼ਬਦਾਂ ਦੇ ਆਪਸੀ ਸਬੰਧ ਅਤੇ ਉਹਨਾਂ ਦੇ ਕਾਰਜ ਨੂੰ ਉਜਾਗਰ ਕਰਨ ਵਿਚ ਸਹਾਈ ਹੋ ਸਕਦੀ ਹੈ ਅਤੇ ਵਿਦਿਆਰਥੀ ਨੂੰ ਪੰਜਾਬੀ ਭਾਸ਼ਾ ਦੀ ਬਣਤਰ ਜਾਂ ਵਿਉਂਤ ਬਾਰੇ ਵਧੇਰੇ ਵਿਸਥਾਰ ਵਿਚ ਸਮਝਣ ਜਾਂ ਸਮਝਾਉਣ ਵਿਚ ਸਹਾਈ ਹੋ ਸਕਦੀ ਹੈ। ਸਾਡੀਆਂ ਪੰਜਾਬੀ ਵਿਆਕਰਨਾਂ ਵਿਚ ਅਜਿਹੀ ਕਿਸੇ ਵੀ ਵਿਧੀ ਦਾ ਪਰਯੋਗ ਕਰਨੋਂ ਸੰਕੋਚ ਕੀਤਾ ਗਿਆ ਹੈ।

ਅੰਤ ਵਿਚ ਮੈਂ ਪੰਜਾਬੀ ਵਿਆਕਰਨ ਦੀ ਤਿਆਰੀ ਦੀ ਲੋੜ ਸਬੰਧੀ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ। ਪਿਛੇ ਜਿਹੇ ਇਕ ਸਰਵੇਖਣ ਸਮੇਂ ਕੁਝ ਇਕ ਪੰਜਾਬੀ ਅਧਿਆਪਕਾਂ ਤੋਂ 'ਮੁੰਡਾ ਰੋਟੀ ਖਾਂਦਾ ਹੈ' ਅਤੇ 'ਮੁੰਡੇ ਨੇ ਰੋਟੀ ਖਾਧੀ' ਦੀ ਬਣਤਰ ਦੀ ਪੜਚੋਲ ਕਰਨ ਲਈ ਆਖਿਆ ਗਿਆ ਤਾਂ ਉਹ ਇਹ ਦੱਸਣ ਵਿਚ ਬਿਲਕੁਲ ਅਸਫਲ ਰਹੇ ਕਿ ਪਹਿਲੇ ਵਾਕ ਵਿਚ ਸਮਤਾ 'ਮੁੰਡਾ' ਅਤੇ 'ਖਾਂਦਾ ਹੈ' ਵਿਚ ਅਤੇ ਦੂਜੇ ਵਾਕ ਵਿਚ ਅਜਿਹੀ ਸਮਤਾ 'ਰੋਟੀ' ਅਤੇ 'ਖਾਧੀ' ਵਿਚ ਕਿਉਂ ਹੈ ਅਤੇ ਨਾਲ ਹੀ ਨਾਉਂ ਵਾਕਾਂਸ਼ 'ਮੁੰਡੇ ਨੇ' ਵਿਚ ਨਾਉਂ ਦਾ ਰੂਪ ਬਹੁਵਚਨ ਵਾਲਾ ਕਿਉਂ ਹੈ ਜਦੋਂ ਕਿ ਉਸ ਦਾ ਪਰਯੋਗ ਇਕ ਵਚਨ ਦੇ ਅਰਥਾਂ ਵਿਚ ਹੋਇਆ ਹੈ। ਇੰਜ ਹੀ ਉਹ ਭੂਤ, ਵਰਤਮਾਨ ਅਤੇ ਭਵਿਖਤ ਕਾਲ ਕਿਰਿਆ ਰੂਪਾਂ ਦੇ ਕਾਰਜ ਅਤੇ 'ਕਾਲ' ਤੇ 'ਸਮੇਂ' ਦੇ ਸਬੰਧਾਂ ਬਾਰੇ ਵੀ ਕੁਝ ਨਾ ਦਸ ਸਕੇ। ਇਹ ਪੁਛਣ 'ਤੇ ਕਿ 'ਉਸ ਨੇ ਰੋਟੀ ਖਾਧੀ ਹੋਵੇਗੀ' 'ਜੇ ਮੈਂ ਸ਼ਹਿਰ ਗਿਆ' ਅਤੇ 'ਮੈਂ ਕਲ ਜਲੰਧਰ ਜਾ ਰਿਹਾ ਹਾਂ' ਵਿਚ ਕਿਰਿਆ ਵਾਕਾਂਸ਼ ਕਿਹੜੇ 'ਕਾਲ' ਨੂੰ ਪਰਗਟ ਕਰਦੇ ਨੇ ਅਤੇ ਕਿਸ ਸਮੇਂ ਦਾ ਜ਼ਿਕਰ ਹੈ—ਉਹਨਾਂ ਦੇ ਉੱਤਰ ਅਨੁਸਾਰ ਪਹਿਲਾ ਵਾਕ 'ਭੂਤਕਾਲ', ਦੂਜਾ 'ਭਵਿਖਤ ਕਾਲ' ਅਤੇ ਤੀਜ਼ਾ ਵੀ 'ਭਵਿਖਤ ਕਾਲ' ਹੀ ਪਰਗਟ ਕਰਦਾ ਹੈ। ਇੰਜ ਹੀ 'ਟਾਂਗੇ ਵਿਚ ਦੋ ਆਦਮੀ ਬੈਠੇ ਨੇ' ਅਤੇ 'ਟਾਂਗੇ ਵਿਚਲੀਆਂ ਦੋ ਸ਼ਵਾਰੀਆਂ ਦੋ ਆਦਮੀ ਹੀ ਨੇ'—ਵਾਕਾਂ ਵਿਚ 'ਦੋ ਆਦਮੀ' (ਪੁਰਸ਼) ਤੇ ਸਵਾਰੀਆਂ ਇਸਤ੍ਰੀ ਲਿੰਗ ਵਿਚਕਾਰ ਵਿਚ ਕੀ ਸਬੰਧ ਹੈ ? ਦੋ ਆਦਮੀ (ਪੁਲਿੰਗ) ਸਵਾਰੀਆਂ (ਇਸਤ੍ਰੀ ਲਿੰਗ) ਕਿਵੇਂ ਹੋਈਆਂ। ਇਸ ਬਾਰੇ ਦੀ ਉਹ ਕੋਈ ਵਿਆਖਿਆ ਨਾ ਕਰ ਸਕੇ।

ਇਥੇ ਇਹ ਸਾਰਾ ਕੁਝ ਕਹਿਣ ਤੋਂ ਭਾਵ ਇਹ ਹੈ ਕਿ ਅਜਿਹੇ ਪੰਜਾਬੀ ਅਧਿਆਪਕਾਂ ਨੇ ਕਦੇ ਪੰਜਾਬੀ ਭਾਸ਼ਾ ਦੀ ਬਣਤਰ ਨੂੰ ਧਿਆਨ ਨਾਲ ਘੋਖਣ ਦਾ ਯਤਨ ਹੀ ਨਹੀਂ ਕੀਤਾ ਅਤੇ ਦੂਜੇ ਸਾਡੀਆਂ ਪੰਜਾਬੀ ਵਿਆਕਰਨਾਂ ਵਿਚ ਵਿਆਕਰਨਕ ਅੰਗਾਂ ਅਤੇ ਵਿਆਕਰਨ ਤੋਂ ਬਾਹਰਲੇ ਸਮਾਜਕ ਜਾਂ ਹੋਰ ਕੁਦਰਤੀ ਰੂਪਾਂ ਦੇ ਆਪਸੀ ਸਬੰਧਾਂ ਨੂੰ ਕਦੇ ਨਿਖੇੜ ਕੇ ਪੇਸ਼ ਹੀ ਨਹੀਂ ਕੀਤਾ ਗਿਆ। ਮਿਸਾਲ ਵਜੋਂ 'ਕਾਲ' (**Tense**) ਅਤੇ 'ਸਮਾਂ' (**Time**) 'ਪੁਲਿੰਗ' ਅਤੇ 'ਪੁਰਸ਼' ਜਾਂ 'ਇਸਤ੍ਰੀ' ਅਤੇ 'ਇਸਤ੍ਰੀਲਿੰਗ' ਇਕੋ ਹੀ ਚੀਜ਼ ਨਹੀਂ। ਭੂਤ, ਵਰਤਮਾਨ ਅਤੇ ਭਵਿਖਤ ਕਾਲ ਦਾ ਭੂਤ, ਵਰਤਮਾਨ ਅਤੇ ਭਵਿਖਤ ਸਮੇਂ ਨਾਲ ਕੋਈ ਸਿੱਧਾ ਜਾਂ ਕੁਦਰਤੀ ਸਬੰਧ ਨਹੀਂ। ਇਕੋ ਹੀ ਕਿਰਿਆ ਰੂਪ ਵੱਖ ਵੱਖ ਵਾਕਾਂ ਵਿਚ ਵੱਖ ਵੱਖ ਸਮਿਆਂ ਨੂੰ ਪਰਗਟ ਕਰ ਸਕਦੀ ਹੈ। ਪੰਜਾਬੀ ਵਿਆਕਰਨ ਵਿਚ ਅਜਿਹੇ ਸਾਰੇ ਪੱਖ ਉਜਾਗਰ ਹੋਣੇ ਚਾਹੀਦੇ ਨੇ। (ਸੰਖੇਪ ਰੂਪ)



# ਜੱਟਵਾਦ ਦੇ ਅਧਿਅਨ ਬਾਰੇ ਕੁਝ ਗੱਲਾਂ

ਹਿੰਮਤ ਸਿੰਘ ਸੋਢੀ

ਜੱਟ ਪੰਜਾਬ ਜਾਂ ਉਤਰੀ ਭਾਰਤ ਵਿਚ ਕਦੋਂ ਆਏ, ਕਿਧਰੋਂ ਆਏ, ਇਸ ਬਾਰੇ ਇਤਿਹਾਸਕਾਰਾਂ ਵਿਚ ਮਤਭੇਦ ਹੈ। ਗੁੱਜਰਾਂ ਵਾਂਗ ਇਹਨਾਂ ਨੂੰ ਵੀ ਬਾਹਰੋਂ ਆਏ ਦੱਸਿਆ ਜਾਂਦਾ ਹੈ। ਗੁੱਜਰ ਵਧੇਰੇ ਪਸ਼ੂਆਂ ਨਾਲ ਬੱਝੇ ਹੋਏ ਹੁੰਦੇ ਹਨ ਅਤੇ ਜੱਟ ਜ਼ਮੀਨ ਨਾਲ। ਜ਼ਮੀਨ ਦੀ ਭਾਲ ਵਿਚ, ਇਕ ਥਾਂ ਜ਼ਮੀਨ ਦੇ ਘਟ ਜਾਣ ਉਤੇ ਇਹਨਾਂ ਨੂੰ ਨਵੇਂ ਥਾਂ ਜਾ ਕੇ ਜ਼ਮੀਨ ਮਲਣੀ ਪੈਂਦੀ ਹੈ। ਪੰਜਾਬ ਦੇ ਜੱਟ, ਕਿਹਾ ਜਾਂਦਾ ਹੈ ਕਿ ਪਹਿਲੀਆਂ ਈਸਵੀ ਸਦੀਆਂ ਵਿਚ ਬਾਹਰੋਂ ਆਏ ਸਨ। ਕਈ ਇਹਨਾਂ ਨੂੰ ਗੁਜਰਾਤ ਵਲੋਂ ਆਏ ਵੀ ਮੰਨਦੇ ਹਨ। ਇੰਦੂ ਭੂਸ਼ਨ ਬੈਨਰਜੀ ਆਪਣੀ ਪੁਸਤਕ ਵਿਚ ਕਹਿੰਦਾ ਹੈ ਕਿ ਜੱਟ ਭਾਵੇਂ ਧੁਰ ਉਤਰੀ ਪੰਜਾਬ ਦੇ, ਜਾਂ ਪੱਛਮੀ ਤੇ ਪੂਰਬੀ ਭਾਗਾਂ ਦੇ ਅਤੇ ਭਾਵੇਂ ਜਮਨਾ ਨਦੀ ਤੋਂ ਪਾਰ ਦੇ ਹੋਣ, ਉਹਨਾਂ ਦਾ ਮਾਲਵੇ ਮਾਝੇ ਦੇ ਸਿੱਖ ਜੱਟਾਂ ਨਾਲੋਂ ਕੋਈ ਖ਼ਾਸ ਫ਼ਰਕ ਨਹੀਂ ਹੁੰਦਾ, ਸਵਾਏ ਧਰਮ ਦੇ। ਉਸ ਅਨੁਸਾਰ : "ਕਈ ਲੇਖਕਾਂ ਨੇ ਤਾਂ ਇਹ ਗੱਲ ਦੁਹਰਾਈ ਹੈ ਕਿ ਧਰਮ ਬਦਲ ਲੈਣ ਨਾਲ ਵੀ ਇਹਨਾਂ ਲੋਕਾਂ ਦੇ ਚਲਣ ਵਿਚ ਕੋਈ ਫ਼ਰਕ ਨਹੀਂ ਪੈਂਦਾ।" ਵਾਰਸ ਸ਼ਾਹ ਨੇ ਮੁਸਲਮਾਨ ਜੱਟਾਂ ਵਿਚ ਚੱਠੇ, ਸੰਘੇੜੇ, ਚੀਮੇ, ਮਾਨ, ਬਾਜਵੇ, ਸਿਧੂ, ਖੇੜੇ, ਬਾਠ, ਵੜੈਚ, ਗਿੱਲ, ਰਾਂਝੇ ਆਦਿ ਗਿਣੇ ਹਨ, ਜੋ ਕੁਝ ਪੀੜ੍ਹੀਆਂ ਪਹਿਲਾਂ ਕਬੀਲਿਆਂ ਦੇ ਕਬੀਲੇ, ਪਿੰਡਾਂ ਦੇ ਪਿੰਡ ਮੁਸਲਮਾਨ ਹੋ ਗਏ ਸਨ ਅਤੇ ਜਿੰਨ੍ਹਾਂ ਦੀ ਕਈਆਂ ਰਸਮਾਂ-ਰੀਤਾਂ ਦੀ ਮਨੌਤ ਅਜੇ ਵੀ ਪੁਰਾਣੀ (ਹਿੰਦੂਆਂ ਵਾਲੀ) ਸੀ, ਜਿਵੇਂ ਹੀਰ ਦੇ ਵਿਆਹ ਸਮੇਂ ਪਹਿਲਾਂ ਉਸ ਦੇ ਫੇਰੇ ਵੀ ਹੋਏ, ਬ੍ਰਾਹਮਣੀ ਮਰਯਾਦਾ ਅਨੁਸਾਰ, ਅਤੇ ਫੇਰ ਮੁਸਲਮਾਨੀ ਸ਼ਰਹ ਅਨੁਸਾਰ ਨਿਕਾਹ ਵੀ ਪੜ੍ਹਿਆ ਗਿਆ।

ਏਸੇ ਤਰ੍ਹਾਂ ਸਤਾਰ੍ਹਵੀਂ ਅਠਾਰ੍ਹਵੀਂ ਸਦੀ ਵਿਚ ਮਾਝੇ, ਦੁਆਬੇ ਤੇ ਮਾਲਵੇ ਦੇ ਜੱਟ, ਸਿੱਖ ਬਣ ਗਏ, ਜਿਵੇਂ ਤੇਰ੍ਹਵੀਂ ਤੋਂ ਸਤ੍ਹਾਰਵੀਂ ਸਦੀ ਵਿਚ ਉਤਰੀ ਤੇ ਪੱਛਮੀ ਪੰਜਾਬ ਵਿਚ, ਇਕ ਵਖਰੇ ਸਮਾਜਕ-ਇਤਿਹਾਸਕ ਰਾਜਸੀ ਪ੍ਰਸੰਗ ਵਿਚ, ਉਹ ਮੁਸਲਮਾਨ ਬਣੇ ਸਨ। ਉਤਰ ਤੇ ਪੱਛਮੀ ਪੰਜਾਬ ਵਿਚ ਵਧੇਰੇ ਜੱਟ ਕਿਵੇਂ ਤੇ ਕਿਉਂ ਮੁਸਲਮਾਨ ਬਣੇ, ਮਾਝੇ-ਮਾਲਵੇ-ਦੁਆਬੇ ਵਿਚ ਸਿੱਖ ਬਣੇ ਅਤੇ ਹਰਿਆਣੇ ਦੇ ਇਲਾਕੇ ਵਿਚ ਕਿਵੇਂ ਉਹ ਹਿੰਦੂ ਜਾਟ ਹੀ ਰਹਿ ਗਏ, ਇਹ ਸਮਾਜ-ਸ਼ਾਸਤਰ ਦਾ ਪ੍ਰਸ਼ਨ ਹੈ। ਇਹ ਵੀ ਮੁਖ ਤੌਰ 'ਤੇ ਸਮਾਜ ਸ਼ਾਸਤਰ ਦੇ ਅਧਿਅਨ ਤੋਂ ਹੀ ਪਤਾ ਲਗਦਾ ਹੈ ਕਿ ਜੱਟ ਕਿਸੇ ਅੰਦੋਲਨ ਜਾਂ ਲਹਿਰ ਵਿਚ ਕਦ ਆਉਂਦੇ ਹਨ ਤੇ ਕਦ ਤੱਕ ਪਿਛਾਂਹ ਰਹਿੰਦੇ ਹਨ।

ਏਸੇ ਤਰ੍ਹਾਂ ਕਿਸੇ ਖਾਸ ਲਹਿਰ ਦੇ ਚੜ੍ਹਾ ਵਿਚ ਉਹ ਵਹੀਰਾਂ ਘੱਤ ਕੇ ਕਿੰਨ੍ਹਾਂ ਕਾਰਨਾਂ ਤੇ ਕਿੰਨ੍ਹਾਂ ਹਾਲਤਾਂ ਵਿਚ ਕੀ ਹਿੱਸਾ ਪਾਉਂਦੇ ਹਨ, ਉਹ ਵੀ ਸਮਾਜ-ਸ਼ਾਸਤਰੀ ਅਧਿਅਨ ਦਾ ਪ੍ਰਸ਼ਨ ਹੈ।

ਜੱਟ ਸਿੱਖ ਹੋਵੇ ਜਾਂ ਮੁਸਲਮਾਨ, ਜਾਟ ਹੋਵੇ ਜਾਂ ਰਾਜਪੂਤ, ਉਸ ਦਾ ਸੁਭਾ, ਖਾਸਾ, ਜੁੱਸਾ,

ਮਨੋਵਿਰਤੀ, ਕਬੀਲਾ-ਭਾਵਨਾ, ਹੈਂਕੜ, ਆਤਮ-ਅਭਿਮਾਨ, ਮਤਲਬ-ਪ੍ਰਸਤੀ, ਜ਼ਮੀਨ ਦੀ ਭੁਖ ਤੇ ਭੌਂਇ ਨਾਲ ਬੱਝੇ ਰਹਿਣ ਦਾ ਮੋਹ, ਲਗਭਗ ਇਕੋ ਜਿਹਾ ਹੀ ਮਿਲਦਾ ਹੈ। ਹਰੇਕ ਜਾਤ, ਵਰਗ ਦੇ ਬੰਦਿਆਂ ਬਾਰੇ ਸਦੀਆਂ ਤੋਂ ਪਰਚਲਤ ਕਹਾਵਤਾਂ, ਬੋਲ, ਵਿਅੰਗ ਜਾਂ ਸਨੌਤਾਂ ਵੇਹਲੇ ਲੋਕਾਂ ਦੀ ਨਿਕੰਮੀ ਕਾਢ ਨਹੀਂ ਹਨ, ਸਗੋਂ ਜਾਤ ਜਾਂ ਵਰਗ ਵਿਸ਼ੇਸ਼ ਬਾਰੇ ਲੋਕ-ਮੁਹਾਵਰੇ ਰਾਹੀਂ ਇਕ ਸਹੀ ਮੁਲ-ਆਂਕਨ ਹੁੰਦਾ ਹੈ ਅਤੇ ਇਸ ਨੂੰ, ਇਹਨਾਂ ਕਹਾਵਤਾਂ ਤੇ ਬੋਲਾਂ ਨੂੰ "ਸਾਮੰਤੀ ਸਮੇਂ ਦੀ ਰਹਿੰਦ-ਖੂੰਹਦ" ਵੀ ਨਹੀਂ ਕਿਹਾ ਜਾ ਸਕਦਾ। ਮਿਸਾਲ ਦੇ ਤੌਰ 'ਤੇ ਜੱਟਾਂ ਬਾਰੇ ਹੀ ਕੁਝ ਕਹਾਵਤਾਂ :

— ਜੱਟ ਵਗਾੜੇ ਮੁਰਸ਼ਦ ਨਾਲ, ਜਦ ਬੋਲੇ ਤਾਂ ਕਢੇ ਗਾਲ।
— ਜੱਟ ਤੇ ਫੱਟ, ਬਝੇ ਹੀ ਰਾਸ ਆਉਂਦੇ ਨੇ।
— ਜੱਟ ਜੱਟਾਂ ਦੇ ਸਾਲੇ, ਕਰਦੇ ਘਾਲੇ ਮਾਲੇ।
— ਕੁਕੜ, ਕਾਂ, ਕੰਬੋ, ਕਬੀਲਾ ਪਾਲਦੇ,
ਜੱਟ, ਮਹਿਆਂ, ਸੰਸਾਰ, ਕਬੀਲਾ ਗਾਲਦੇ।
— ਜੱਟ ਗ੍ਰਾਸ ਦਏ, ਵਾਸ ਨਾ ਦਏ।
— ਜੱਟ ਗੰਨਾ ਨਹੀਂ ਦਏਗਾ, ਭੇਲੀ ਦਏਗਾ।
— ਜੱਟ ਸਹੇ ਨੂੰ ਨਹੀਂ ਰੋਂਦਾ, ਪਹੇ ਨੂੰ ਰੋਂਦਾ।
— ਜੱਟ ਹੋ ਗਿਆ ਘੇਸਲਾ, ਖ਼ੁਦਾ ਨੂੰ ਲੈ ਗਏ ਚੋਰ।

ਏਸੇ ਤਰ੍ਹਾਂ ਮਹਾਨ ਕਵੀਆਂ ਦਵਾਰਾ ਜਾਤਾਂ ਜਾਂ ਵਰਗਾਂ ਬਾਰੇ ਕਹੇ ਗਏ ਬਚਨ ਅਕਸਰ ਬੜੇ ਢੁਕਵੇਂ ਤੇ ਸਹੀ ਹੁੰਦੇ ਹਨ :

— ਕੁਬੁਧਿ ਡੂਮਣੀ ਕੁਦਇਆ ਕਸਾਇਣ। ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ।
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆਂ ਨਾਲ। (ਗੁਰੂ ਨਾਨਕ : 91)

— ਵਾਰਿਸ ਸ਼ਾਹ ਇਹ ਜੱਟ ਫਕੀਰ ਹੋਇਆ, ਨਹੀਂ ਹੁੰਦੀਆਂ ਗਧੇ ਤੋਂ ਪੀਰੀਆਂ ਨੇ।
— ਅਸੀਂ ਜੱਟ ਹਾਂ ਮਤਲਬੀ ਯਾਰ ਪੂਰੇ, ਦਾਉ ਢੰਗ ਲਾ ਕੇ ਵੇਲਾ ਕਢਦੇ ਹਾਂ।
(ਵਾਰਸ ਸ਼ਾਹ)
— ਕਾਜੀ ਕੂੜ ਬੋਲਿ ਮਲ ਖਾਇ। ਬ੍ਰਾਮਨ ਨਾਇ ਜੀਆ ਘਾਇ। ਜੋਗੀ ਜੁਗਤ ਨ ਜਾਣੈ
ਅੰਧਿ। ਤਿੰਨੇ ਉਜਾੜੇ ਕੇ ਬੰਧ। (ਗੁਰੂ ਨਾਨਕ)

ਜੱਟ ਦੀ ਬਹਾਦਰੀ ਤੇ ਅਣਖ ਦੇ ਕਾਰਨ ਉਸ ਨੂੰ 'ਜਟ ਮਿਰਜ਼ਾ' ('ਓ ਜੱਟਾ ਮਿਰਜ਼ਿਆ!') ਕਿਹਾ ਜਾਂਦਾ ਹੈ। ਉਸ ਦੀ ਬੇਪਰਵਾਹੀ ਅਤੇ ਕੁਦਰਤ ਉਤੇ ਨਿਰਭਰਤਾ ਕਾਰਨ ਉਸ ਨੂੰ ਜੱਟ-ਪਾ'ਸ਼ਾ (ਜਟ ਪਾਤਸ਼ਾਹ) ਵੀ ਕਹਿੰਦੇ ਹਨ, ਕਿਉਂਕਿ ਉਸ ਦੀ ਫਸਲ ਨੂੰ ਤੋਤੇ ਠੂੰਗਦੇ, ਚੂਹੇ ਕੁਤਰਦੇ, ਕਾਂ-ਗਿਦੜ ਖਾਂਦੇ, ਕਮੀਨ-ਕਾਂਦੂ ਹਿੱਸਾ ਵੰਡਾਉਂਦੇ, ਕੁਦਰਤ ਦੀ ਕਰੋਪੀ ਪੈਂਦੀ, ਸ਼ਾਹ ਤੇ ਲਹਿਣੇਦਾਰ ਹੂੰਝਾ ਫੇਰਦੇ ਹਨ। ਸਾਧਾਰਨ ਅਤੇ ਮਾੜੇ ਜੱਟ ਦੀ ਤਾਂ ਜੂਨ ਹੀ ਖ਼ਰਾਬ ਹੁੰਦੀ ਹੈ, ਉਹ ਮਿੱਟੀ ਨਾਲ ਮਿੱਟੀ ਹੋਇਆ, ਪਸ਼ੂਆਂ ਨਾਲ ਪਸ਼ੂ ਬਣਿਆ ਰਹਿੰਦਾ ਹੈ।

ਇਹ ਤਾਂ ਹੋਈ ਜੱਟ ਦੇ ਖਾਸੇ ਦੀ ਗੱਲ। ਥੋੜੀ ਜਿਹੀ ਪਿਛਲੇ ਇਤਿਹਾਸ (ਪੰਜਾਬ ਦੇ ਇਤਿਹਾਸ) ਵਲ ਨਜ਼ਰ ਮਾਰੋ। ਸਕੰਦਰ ਤੋਂ ਲੈ ਕੇ ਮੁਗਲਾਂ ਈਰਾਨੀਆਂ ਤੱਕ, ਜਦ ਵੀ ਬਾਹਰ ਦੇ ਹਮਲੇ ਹੁੰਦੇ ਰਹੇ, ਇਹ ਜੱਟ ਵਧ ਜਾਂ ਘਟ ਮਾਤਰਾ ਵਿਚ ਮੁਕਾਬਲਾ ਕਰਦੇ ਰਹੇ ਹਨ, ਭਾਵੇਂ ਚੋਰੀ-ਛਿਪੇ,



ਜਾਂ ਗੁਰੀਲਾ ਦਸਤੇ ਬਣਾ ਕੇ ਜਾਂ ਵਧੇਰੇ ਜਥੇਬੰਦਕ ਰੂਪ ਵਿਚ। ਇਸ ਦਾ ਜ਼ਿਕਰ ਬਾਬਰ ਅਤੇ ਨਾਦਰਸ਼ਾਹ ਜਿਹੇ ਹਮਲਾਵਰਾਂ ਨੇ ਵੀ ਕੀਤਾ ਹੈ ਕਿ ਕਿਵੇਂ ਉਹ ਪੰਜਾਬ ਵਿਚ ਜੱਟਾਂ ਹਥੋਂ ਪਰੇਸ਼ਾਨ ਹੋਏ। ਸਤਾਰ੍ਹਵੀਂ ਸਦੀ ਵਿਚ, ਛੇਵੇਂ ਗੁਰੂ ਦੇ ਸਮੇਂ ਤੋਂ ਜੱਟ ਸਿੱਖ-ਲਹਿਰ ਵਿਚ ਵੀ ਸਰਗਰਮ ਹੋਏ ਅਤੇ ਡੇਢ ਸੌ ਸਾਲ ਦੇ ਘੋਲ, ਗੁਰੀਲਾ ਜੰਗ ਤੇ ਫੌਜੀ ਟਾਕਰਿਆਂ ਉਪਰੰਤ 1760-65 ਬਾਅਦ ਪੰਜਾਬ ਵਿਚ ਉਹਨਾਂ ਦਾ ਬੋਲ-ਬਾਲਾ ਹੋ ਗਿਆ।

ਜਿਥੋਂ ਤੱਕ ਜੱਟਾਂ ਦੀ ਬੌਧਿਕ ਅਗਵਾਈ ਦਾ ਸੰਬੰਧ ਹੈ, ਇਹ ਗੱਲ ਵੀ ਨਜ਼ਰ-ਅੰਦਾਜ਼ ਨਹੀਂ ਹੁੰਦੀ ਕਿ ਛੁਟ ਧੰਨਾ ਭਗਤ ਦੇ (ਜਿਸ ਨੇ ਆਪਣੇ ਇਕੋ ਇਕ ਸ਼ਬਦ ਰਾਹੀਂ ਰੱਬ ਤੋਂ ਘੋੜੀ, ਮਝ, ਘਰ ਕੀ ਗੀਹਣ ਆਦਿ ਦੀ ਹੀ ਮੰਗ ਕੀਤੀ ਹੈ) ਕੋਈ ਵੀ ਗੁਰੂ-ਕਵੀ, ਭਗਤ ਕਵੀ, ਭੱਟ ਕਵੀ ਜੱਟ ਨਹੀਂ ਸੀ। ਦਸੇ ਗੁਰੂ ਅਤੇ ਭਾਈ ਗੁਰਦਾਸ ਖਤਰੀ ਸਨ, ਭਾਈ ਮਨੀ ਸਿੰਘ, ਲੱਖੀ ਸ਼ਾਹ, ਮੱਖਣ ਸ਼ਾਹ ਲੁਬਾਣਾ, ਬੰਦਾ ਬਹਾਦਰ ਗ਼ੈਰ-ਜੱਟ ਸਨ। ਗੁਰੂਆਂ ਦੇ ਪਹਿਲੇ ਸੇਵਕਾਂ ਵਿਚ ਵਧੇਰੇ ਕਰਕੇ ਗ਼ੈਰ-ਜੱਟ ਹੀ ਮਿਲਦੇ ਹਨ, ਛੁਟ ਬਾਬਾ ਬੁੱਢਾ ਦੇ ਜਿਸ ਦੀ ਵਧੇਰੇ ਪ੍ਰਸਿਧੀ ਸਿੱਖ ਲਹਿਰ ਨੂੰ ਸੈਨਿਕ ਜਥੇਬੰਦੀ ਦਾ ਰੂਪ ਦੇਣ ਵਿਚ ਪੇਸ਼ਰੌ ਹੋਣ ਕਰਕੇ ਹੈ। ਸਿੱਖ ਲਹਿਰ ਦੇ ਵਖ ਵਖ ਦੌਰਾਂ ਵਿਚ ਫੌਜੀ ਕਾਰਵਾਈ ਦੇ ਸਮੇਂ ਜੱਟ ਜਥੇਬੰਦ ਰੂਪ ਵਿਚ ਅਗੇ ਆਉਂਦੇ ਰਹੇ ਹਨ, ਜਾਂ ਮੌਕੇ ਅਨੁਸਾਰ ਪਿਛਾਂਹ ਵੀ ਹਟਦੇ ਰਹੇ ਹਨ, ਜਿਵੇਂ ਛੇਵੇਂ ਗੁਰੂ ਦੇ ਕੀਰਤਪੁਰ ਵਾਸ ਸਮੇਂ, ਗੁਰੂ ਗੋਬਿੰਦ ਸਿੰਘ ਨੂੰ ਬੇਦਾਵਾ ਲਿਖ ਕੇ ਦੇ ਆਉਣ ਸਮੇਂ ਬੰਦਾ ਬਹਾਦਰ ਤੋਂ ਵਖ ਹੋ ਜਾਣ ਉਪਰੰਤ ਅਤੇ ਦੂਜੀ ਐਂਗਲੋ-ਸਿੱਖ ਜੰਗ ਦੇ ਬਾਅਦ। ਜੱਟਾਂ ਵਿਚ ਸਿਆਸਤਦਾਨ ਵੀ ਘੱਟ ਹੀ ਹੋਏ ਹਨ। ਮਹਾਰਾਜਾ ਰਣਜੀਤ ਸਿੰਘ ਨੂੰ ਮਿਸਲਾਂ ਦੀ ਲੰਮੀ ਘਾਲਣਾ ਦੇ ਵਿਰਸੇ ਵਿਚ ਪੰਜਾਬ ਦਾ ਰਾਜ ਮਿਲਿਆ, ਪਰ ਉਹ ਅੰਗ੍ਰੇਜ਼ਾਂ ਤੋਂ ਡਰਦਾ ਹੀ ਰਿਹਾ ਅਤੇ ਦੂਜੇ ਪਾਸੇ, ਘਰ ਵਿਚ ਬ੍ਰਾਹਮਣਾਂ ਤੇ ਡੋਗਰਿਆਂ ਦੀਆਂ ਸ਼ੈਤਾਨੀਆਂ ਨਾ ਤਾੜ ਸਕਿਆ। ਸਿੱਖ ਰਾਜ ਦੇ ਖ਼ਾਤਮੇ ਬਾਅਦ ਸਿੱਖੀ ਦੇ ਪੁਨਰ-ਉਥਾਨ ਲਈ ਜੋ ਨੇਤਾ ਉਠੇ ਉਹ ਵੀ ਆਮ ਤੌਰ 'ਤੇ ਗ਼ੈਰ-ਜੱਟ ਸਨ : ਬਾਬਾ ਰਾਮ ਸਿੰਘ, ਡਾ: ਚਰਨ ਸਿੰਘ, ਭਾਈ ਵੀਰ ਸਿੰਘ, ਭਾਈ ਦਿੱਤ ਸਿੰਘ, ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ ਆਦਿ। ਪਰ ਜਦ ਆਪਣੇ ਗੁਰਦਵਾਰਿਆਂ ਉਤੇ ਆਪਣੇ ਕਬਜ਼ੇ, ਆਪਣੇ ਦੇਸ਼ ਉਤੇ ਆਪਣੇ ਕਬਜ਼ੇ ਲਈ ਲਹਿਰਾਂ ਚਲੀਆਂ, ਜਿਵੇਂ ਅਕਾਲੀ ਲਹਿਰ, ਗਦਰ ਲਹਿਰ, ਕੌਮੀ ਲਹਿਰ, ਕਿਰਤੀ ਲਹਿਰ ਤਾਂ ਜੱਟ ਹੁੰਮ-ਹੁਮਾ ਕੇ ਭਾਗ ਲੈਂਦੇ ਰਹੇ। ਇਹੀ ਪੰਜਾਬੀ ਸੂਬੇ ਤੇ ਇਸਦੀ ਲਹਿਰ ਬਾਰੇ ਕਿਹਾ ਜਾ ਸਕਦਾ ਹੈ। ਪੰਜਾਬੀ ਸੂਬਾ ਲਹਿਰ ਸ਼ੁਰੂ ਕਰਨ ਵਿਚ ਤਾਂ ਸ਼ਹਿਰੀ ਸਿੱਖ ਸ਼ਰਨਾਰਥੀ ਅੱਗੇ ਸਨ, ਪਰ ਪੰਜਾਬੀ ਸੂਬਾ ਬਣਨ ਬਾਅਦ ਜੱਟ-ਸਿੱਖ ਲੀਡਰਸ਼ਿਪ ਸਿੱਖਾਂ ਦੀ ਸਭ ਤੋਂ ਵਡੀ ਪਾਰਟੀ ਉਤੇ ਪੂਰੀ ਤਰ੍ਹਾਂ ਹਾਵੀ ਹੋ ਗਈ।

ਬੋਲੀ ਵਾਲੇ ਸੂਬੇ ਲਈ ਘੋਲ ਭਾਵੇਂ ਬੁਰਜੁਆ ਸਿਆਸਤ ਦਾ ਹੀ ਅੰਗ ਹੈ, ਪਰ ਪੰਜਾਬੀ ਸੂਬੇ ਦੀ ਪ੍ਰਾਪਤੀ ਤੋਂ ਬਾਅਦ ਪੰਜਾਬੀ ਬੋਲੀ ਤੇ ਸਾਹਿਤ ਲਈ ਰਾਜ-ਪ੍ਰਬੰਧ ਅਤੇ ਵਿਦਿਆ ਦੇ ਖੇਤਰ ਵਿਚ ਜੋ ਕੁਝ ਘਟੋ-ਘਟ ਵੀ ਹੋਣਾ ਚਾਹੀਦਾ ਸੀ, ਉਹ ਵੀ ਪੰਦਰਾਂ ਸਾਲ ਤੱਕ ਕਿਉਂ ਨਹੀਂ ਹੋ ਸਕਿਆ? ਜੱਟ ਬੁਰਜੁਆਜ਼ੀ ਨੂੰ ਆਪਣੀ ਚੌਧਰ ਦੇ ਖੁਸ ਜਾਣ ਦੇ ਡਰ ਕਾਰਨ ਹੀ ਪੰਜਾਬ ਤੋਂ ਬਾਹਰ ਰਹਿ ਗਏ ਗ਼ੈਰ-ਸਿੱਖ ਪੰਜਾਬੀ ਇਲਾਕੇ ਵਾਪਸ ਲੈਣ ਦੀ ਵੀ ਕੋਈ ਜਲਦੀ ਜਾਂ ਖਾਸ ਚਿੰਤਾ ਨਹੀਂ ਹੈ। (ਅਸਲ ਵਿਚ ਸਭਿਆਚਾਰ ਦਾ ਝੰਡਾ ਤੀਜੀ ਦੁਨੀਆਂ ਦੇ ਦੇਸਾਂ ਵਿਚ ਹੁਣ ਬੁਰਜੁਆਜ਼ੀ ਚੁਕ ਹੀ ਨਹੀਂ ਸਕਦੀ। ਇਹ ਮਾਰਕਸਵਾਦੀਆਂ ਨੂੰ ਹੀ ਚੁਕਣਾ ਪੈਣਾ ਹੈ।) ਪੰਜਾਬ

ਦੇ ਜੱਟ ਫਸਲਾਂ ਦੇ ਉਚੇਰੇ ਭਾਅ ਹਾਸਲ ਕਰਨ ਲਈ ਹਰਿਆਣੇ ਤੇ ਯੂ: ਪੀ: ਦੇ ਜਾਟਾਂ ਨਾਲ ਮਿਲ ਕੇ ਘੋਲ ਕਰਨਾ ਜ਼ਰੂਰ ਜਾਣਦੇ ਹਨ, ਕਿਉਂਕਿ ਇਸ ਨਾਲ ਉਹਨਾਂ ਦਾ ਆਰਥਕ ਹਿੱਤ ਜੁੜਿਆ ਹੁੰਦਾ ਹੈ। ਏਸੇ ਤਰ੍ਹਾਂ ਨਿੱਜੀ ਆਰਥਕ ਹਿੱਤ ਲਈ ਉਹ ਆਪਸ ਵਿਚ ਦਖਾਵੇ ਦਾ ਘੋਲ ਵੀ ਕਰ ਸਕਦੇ ਹਨ, ਜਿਵੇਂ ਥੀਨ-ਡੈਮ ਦੇ ਪਾਣੀ ਦੇ ਸਵਾਲ ਉਤੇ, ਜਾਂ ਚੰਡੀਗੜ੍ਹ ਜਿਹੇ ਸ਼ਹਿਰ ਦੇ ਸਵਾਲ ਉਤੇ ਜਿਸ ਲਈ ਇਕ ਪਾਸੇ ਪੰਜਾਬ ਵਿਚ 'ਮਾਨ' ਜੱਟ-ਗੋਤਰ ਵਾਲੇ ਦਰਸ਼ਨ ਸਿੰਘ ਫੇਰੂਮਾਨ ਨੇ ਮਰਨ-ਵਰਤ ਰਖਿਆ ਅਤੇ ਉਸ ਦੇ ਮੁਕਾਬਲੇ 'ਤੇ 'ਮਾਨ' ਜਾਟ-ਗੋਤਰ ਦੇ ਹੀ ਹਰਿਆਣਵੀ ਉਦੇ ਸਿੰਘ ਮਾਨ ਨੇ ਵੀ ਮਰਨ-ਵਰਤ ਰਖਿਆ ਸੀ। ਦੋਵੇਂ ਜੱਟ-ਭਰਾ। ਇਕ ਆਪਣੇ ਹਿੱਤ ਲਈ ਸ਼ਹਿਰ ਮੰਗਦਾ ਹੈ, ਦੂਜਾ ਆਪਣੇ ਹਿੱਤ ਲਈ। ਇਹ ਹੈ ਜੱਟ-ਵਾਦ !

ਧਰਮ ਦੀ ਪਕੜ ਅਤੇ ਜਾਤ-ਪਾਤ ਦੀ ਭਾਵਨਾ ਕਿਉਂਕਿ ਅਜੇ ਤੱਕ ਇਸ ਦੇਸ ਵਿਚ ਜ਼ੋਰਾਂ 'ਤੇ ਹੈ, ਇਸ ਲਈ ਸਿੱਖ ਜੱਟਾਂ ਦੇ ਅਮੀਰ ਤਬਕੇ (ਸਿੱਖ ਬੁਰਜੁਆਜ਼ੀ) ਨੂੰ ਆਪਣੀ ਵਖਰੀ ਰਾਜਸੀ-ਧਾਰਮਕ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਆਪਣੇ ਹਿੱਤਾਂ ਲਈ ਕੌਮੀ ਬੁਰਜੁਆਜ਼ੀ ਨਾਲ ਜੁੜਨ ਅਤੇ ਘੋਲ ਕਰਨ ਦਾ ਦੋਹਰਾ ਪਾਰਟ ਅਦਾ ਕਰਨਾ ਪੈਂਦਾ ਹੈ। ਉਧਰ ਕੌਮੀ ਸਰਮਾਏਦਾਰੀ ਤੇ ਇਸ ਦੀ ਸਰਕਾਰ ਨੂੰ ਕਿਉਂਕਿ ਸਾਰੇ ਫਿਰਕਿਆਂ, ਤਬਕਿਆਂ, ਜਾਤਾਂ ਤੇ ਵਰਗਾਂ ਨੂੰ ਧੋਖੇ ਵਿਚ ਰਖਣਾ ਹੁੰਦਾ ਹੈ, ਇਸ ਲਈ ਉਹ ਇਕ ਪਾਸੇ ਸੈਕੂਲਰ ਹੋਣ ਦਾ ਢੋਂਗ ਰਚਦੀ ਹੈ ਤੇ ਦੂਜੇ ਪਾਸੇ ਚੋਣਾਂ ਜਿੱਤਣ ਲਈ ਫਿਰਕੇਦਾਰੀ ਨੂੰ ਸ਼ਹਿ ਦੇਂਦੀ ਹੈ, ਜਿਵੇਂ ਅਛੂਤਾਂ ਤੇ ਗ਼ੈਰ-ਅਛੂਤਾਂ ਨੂੰ ਪਾੜ ਕੇ, ਜਾ ਚੋਣ ਹਲਕਿਆਂ ਵਿਚ ਬਹੁ-ਗਿਣਤੀ ਜਾਤ ਵਾਲਿਆਂ ਵਿਚੋਂ ਹੀ ਆਪਣਾ ਉਮੀਦਵਾਰ ਖੜਾ ਕਰ ਕੇ, ਰਿਜ਼ਰਵ ਹਲਕੇ ਰਾਖਵੇਂ ਕਰ ਕੇ ਆਦਿ। ਅਜਿਹੇ ਵਾਤਾਵਰਨ ਵਿਚ ਸਿੱਖ-ਬੁਰਜੁਆਜ਼ੀ ਦੀ ਪਾਰਟੀ ਨੂੰ ਵੀ ਜੋ ਮੁਖ ਤੌਰ 'ਤੇ ਜੱਟ-ਬੁਰਜੁਆਜ਼ੀ ਹੈ, ਆਪਣੇ ਆਪ ਨੂੰ ਸਾਰੇ ਹੀ ਸਿੱਖਾਂ (ਅਛੂਤ, ਜੱਟ, ਗ਼ੈਰ-ਜੱਟ) ਦੀ ਪ੍ਰਤੀਨਿਧ ਪਾਰਟੀ ਹੋਣ ਦਾ ਵਖਾਵਾ ਕਰਨਾ ਪੈਂਦਾ ਹੈ।

ਪੰਜਾਬ ਵਿਚ ਜੱਟਵਾਦ ਦਾ ਕਿਸ ਹੱਦ ਤੱਕ ਬੋਲ ਬਾਲਾ ਹੈ ਉਸ ਦੀ ਤਾਜ਼ਾ ਮਿਸਾਲ ਜੂਨ 1980 ਵਿਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਉਪਰੰਤ ਕਾਂਗਰਸ ਪਾਰਟੀ ਦਵਾਰਾ ਸਰਕਾਰ ਬਣਾਉਣ ਸਮੇਂ ਪੇਸ਼ ਹੋਈ। ਉਹਨਾਂ ਦੇ ਮੈਂਬਰਾਂ ਵਿਚ ਜੱਟ ਸਿੱਖ ਛੇਵਾਂ ਹਿੱਸਾ ਵੀ ਨਹੀਂ ਸਨ। ਇਸ ਲਈ ਪਹਿਲਾਂ ਇਹ ਫੈਸਲਾ ਹੋਇਆ ਕਿ ਇਕ ਅਛੂਤ ਸਿੱਖ ਨੂੰ ਮੁਖ-ਮੰਤਰੀ ਬਣਾਇਆ ਜਾਵੇ, ਪਰ ਜਦ ਇਸ ਪਦਵੀ ਲਈ ਜੱਟ-ਸਿੱਖ ਉਮੀਦਵਾਰ ਤੇ ਉਸ ਦੇ ਸਾਥੀ ਹਾਈ ਕਮਾਂਡ ਪਾਸ ਪਹੁੰਚ ਗਏ ਤੇ ਉਹਨਾਂ ਡਰਾਵਾ ਦਿੱਤਾ ਕਿ ਜੇ ਜੱਟ-ਸਿੱਖ ਮੁਖ ਮੰਤਰੀ ਨਾ ਬਣਾਇਆ ਅਤੇ ਅਛੂਤ-ਸਿੱਖ ਬਣਾ ਦਿਤਾ ਗਿਆ ਤਾਂ ਕਾਂਗਰਸ ਪਾਰਟੀ ਵਿਚੋਂ ਹੀ ਕੁਝ ਜੱਟ-ਸਿੱਖ ਮੈਂਬਰ ਵਿਰੋਧੀ ਧਿਰ ਵਿਚ ਜਾ ਮਿਲਣਗੇ, ਕਿਉਂਕਿ ਵਿਰੋਧੀ ਧਿਰ ਵਿਚ ਪਹਿਲਾਂ ਹੀ ਸੱਤਰ ਫ਼ੀ ਸਦੀ ਜੱਟ-ਸੱਖ ਹਨ ਜੋ ਬੜੀ ਆਸਾਨੀ ਨਾਲ ਕੁਝ ਕਾਂਗਰਸੀ ਜੱਟ-ਸਿੱਖਾਂ ਨੂੰ ਆਪਣੇ ਵੱਲ ਖਿਸਕਾ ਕੇ ਵਜ਼ਾਰਤ ਬਣਾ ਸਕਦੇ ਹਨ, ਤਾਂ ਰਾਤੋ ਰਾਤ ਹੀ ਹਾਈ-ਕਮਾਨ ਦਾ ਫ਼ੈਸਲਾ ਬਦਲ ਗਿਆ ਅਤੇ **ਟ੍ਰਿਬਿਊਨ** ਜਿਹੇ ਅਖ਼ਬਾਰ ਦਾ ਜਿਥੇ ਪਹਿਲੇ ਦਿਨ ਸਿਰਲੇਖ ਸੀ ਕਿ "**ਮੁਖ ਮੰਤਰੀ ਬੂਟਾ ਸਿੰਘ ਬਣੇਗਾ**", ਅਗਲੇ ਦਿਨ ਇਹ ਮੁਖ ਸਿਰਲੇਖ ਸੀ : "**ਦਰਬਾਰਾ ਸਿੰਘ ਮੁਖ ਮੰਤਰੀ ਬਣ ਗਿਆ।**" ਪਿਛਲੀਆਂ ਚੋਣਾਂ ਵਿਚ ਉਤਰੀ ਭਾਰਤ ਵਿਚ ਜੱਟ ਵੋਟ ਘਟ ਮਿਲਣ ਦੀ ਵਜ੍ਹਾ ਕਰਕੇ ਹੀ ਹਾਕਮ ਜਮਾਤ ਵਲੋਂ ਐਤਕਾਂ ਦੇ ਬੱਜਟ ਵਿਚ ਅਮੀਰ ਜੱਟਾਂ ਨੂੰ ਵਧੇਰੇ ਰਿਆਇਤਾਂ ਦਿਤੀਆਂ ਗਈਆਂ ਹਨ।



## ਪੰਜਾਬੀ ਸਾਹਿਤ ਦਾ ਅੰਤਰ-ਰਾਸ਼ਟਰੀਕਰਨ

ਕਿਰਪਾਲ ਸਿੰਘ ਆਜ਼ਾਦ

ਗੁਰੂ ਨਾਨਕ ਦੇ ਵਿਸ਼ਵ-ਵਿਆਪੀ ਦ੍ਰਿਸ਼ਟੀਕੋਣ ਵਿਚ ਪੰਜਾਬ ਦੀ ਮਿੱਟੀ ਦੀ ਭਾਸ਼ਾਈ ਅਤੇ ਸਭਿਅਕ ਗੰਧ ਸੀ। ਉਸ ਬਾਰੇ ਕਝ ਅਨੂਪਮ ਸਾਖੀਆਂ ਪਰਚੱਲਤ ਹਨ। ਇਕ ਸਾਖੀ ਹੈ : ਕਿਸੇ ਬੁਰੇ ਪਿੰਡ ਤੋਂ ਇੱਟਾਂ ਵੱਟੇ ਖਾ ਕੇ ਕਹਿ ਆਏ ਸਨ "ਵਸਦੇ ਰਹੋ" ਅਤੇ ਭਲੇ ਪਿੰਡ ਦੇ ਪ੍ਰਾਹੁਣਾਚਾਰ ਵਾਸੀਆਂ ਨੂੰ ਉਨ੍ਹਾਂ ਤੁਰਨ ਲਗਿਆਂ ਕਿਹਾ ਸੀ, "ਉਜੜ ਜਾਓ ਤਾ ਕਿ ਤੁਹਾਡੇ ਗੁਣ ਫੈਲਣ।"

ਦੇਸ਼ ਦੀ ਵੰਡ ਨਾਲ ਵੀ ਪੰਜਾਬੀ ਉਜੜੇ ਤੇ ਫੈਲੇ ਹਨ। ਪੰਜਾਂ ਪਾਣੀਆਂ ਨੂੰ ਦੋ ਦੇਸਾਂ ਵਿਚ ਵੰਡ ਕੇ ਵੀ ਪੰਜਾਬ ਕਹਿੰਦੇ ਅਤੇ ਪੰਜਾਬੀ ਅਖਵਾਉਂਦੇ ਹਨ। ਦੋਹਾਂ ਹੀ ਦੇਸਾਂ ਦੇ ਪੰਜਾਬੀ ਵਖ-ਵਖ ਇਲਾਕਿਆਂ ਅਤੇ ਜੀਵਣ-ਖੇਤਰਾਂ ਵਿਚ ਫੈਲੇ ਹਨ, ਮੋਹਰੀ ਬਣੇ ਹਨ। ਅਗੋਂ, ਰੋਟੀ-ਰੋਜ਼ੀ ਲਈ, ਆਪਣਾ ਮੁੱਲ ਪੁਆਉਣ ਲਈ ਦੋਹਾਂ ਹੀ ਪੰਜਾਬਾਂ ਦੇ ਪੰਜਾਬੀ ਉਜੜ ਕੇ ਯੂਰਪੀ ਅਤੇ ਅਮਰੀਕੀ ਮਹਾਂਦੀਪਾਂ ਵਿਚ ਜਾ ਪੁਜੇ ਹਨ।

ਪੂਰਬੀ ਅਫਰੀਕੀ, ਦੂਰ-ਪੂਰਬੀ ਦੇਸਾਂ ਦੀਆਂ ਰਾਜਨੀਤਕ ਅਤੇ ਆਰਥਕ ਹਾਲਤਾਂ ਜੇ ਆਗਿਆ ਦੇਂਦੀਆਂ ਤਾਂ ਉਥੇ ਪਹਿਲਾਂ ਦੇ ਵੱਸੇ ਪੰਜਾਬੀ ਘਟ ਹੋਣ ਦੀ ਥਾਂ ਹੋਰ ਪੱਸਰੇ ਫੈਲੇ ਹੁੰਦੇ।

ਇਸ ਫੈਲਾਓ ਨਾਲ ਪਰਦੇਸਾਂ ਵਿਚੋਂ ਬਦੇਸੀ ਸਿੱਕੇ ਦੀ ਕਮਾਈ ਤੋਂ ਬਿਨਾਂ ਦੇਸ ਦੀ ਫੌਜ, ਖੇਤੀ-ਵਾਹੀ, ਫ਼ਿਲਮਾਂ, ਇਕ ਹਦ ਤਕ ਸਨਅਤ, ਬਿਉਪਾਰ ਤੇ ਟ੍ਰਾਂਸਪੋਰਟ ਵਿਚ ਪੰਜਾਬੀਆਂ ਨੇ ਨਾਮਣਾ ਖੱਟਿਆ ਹੈ। ਪੰਜਾਬੀ ਜਿੰਦ-ਜਾਣ, ਪਹਿਰਾਵੇ ਅਤੇ ਖੇਡਾਂ ਨਾਲ ਮਾਣ ਪਰਾਪਤ ਕੀਤਾ ਹੈ। ਜਿਸ ਹੱਦ ਤਕ ਪਾਇਆਂ ਹੋਈ, ਦੂਰ ਪ੍ਰਾਂਤਾਂ ਤੋਂ ਲੈ ਕੇ ਦੁਰਾਡੇ ਦੇਸਾਂ ਤਕ ਪੰਜਾਬੀ, ਦੇਸੀ ਮਿੱਟੀ ਦੇ ਤੰਦੂਰ ਤੋਂ ਲੈ ਕੇ ਖਾਣ ਅਤੇ ਪੀਣ ਦੀਆਂ ਵਸਤਾਂ-ਆਦਤਾਂ ਆਪਣੇ ਨਾਲ ਲੈ ਗਏ ਹਨ।

ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਹੁਣ ਜਰਮਨੀ ਤੋਂ ਲੈ ਕੇ ਸਕੰਡੇਨੇਵੀਆ ਤਕ ਦੇ ਦੇਸਾਂ ਵਿਚ ਪੰਜਾਬੀਆਂ ਦਾ ਨਹੁੰਆਂ ਤੋਂ ਲੈ ਕੇ ਡੇਰੇ ਜਾ ਜਮਾਉਣਾ ਦਸਦਾ ਹੈ ਕਿ ਵਖਰੇ ਪੌਣ-ਪਾਣੀ ਤੋਂ ਲੈ ਕੇ ਓਪਰੀ ਸਭਿਅਤਾ ਤੇ ਬੋਲੀ ਵਿਚ ਪੰਜਾਬੀਆਂ ਵਾਂਗ ਜਿਉਣਾ ਘਟ ਹੀ ਕਿਸੇ ਨੂੰ ਆਉਂਦਾ ਹੈ।

ਪੰਜਾਬੀ ਜਿਵੇਂ ਵੀ ਉਜੜਿਆ ਜਿਥੇ ਵੀ ਗਿਆ ਹੈ, ਚੁਲ੍ਹੇ-ਚੌਕੇ ਅਤੇ ਆਦਤਾਂ ਤੋਂ ਲੈ ਕੇ ਸੰਸਕਾਰਾਂ ਤਕ ਦਾ ਪੰਜਾਬ ਆਪਣੇ ਨਾਲ ਲੈ ਗਿਆ ਹੈ। ਹਰ ਪ੍ਰਾਂਤ-ਪਰਦੇਸ ਵਿਚ ਸੰਭਾਵਨਾਵਾਂ ਤੇ ਸਮਰਥਾ ਅਨੁਸਾਰ ਲਘੂ-ਪੰਜਾਬ ਸਾਜ ਕੇ ਬਹਿ ਗਿਆ ਹੈ। ਆਪਣੇ ਪਿਛੇ ਨਾਲ ਜੁੜੇ ਰਹਿਣ ਦਾ ਉਪਰਾਲਾ ਦੇਸ ਭਗਤਕ ਵੀ ਹੈ ਅਤੇ ਆਪਣੇ ਆਰਥਕ ਤੋਂ ਲੈ ਕੇ ਸਭਿਅਕ ਹਿੱਤਾਂ ਦੀ ਰਖਵਾਲੀ ਦਾ ਮੋਰਚਾ ਵੀ।

ਪੰਜਾਬੀ ਆਪਣੇ ਨਾਲ ਜੇ ਬਹੁਤ ਘਟ ਕੁਝ ਲੈ ਕੇ ਜਾਂਦਾ ਹੈ ਤਾਂ ਉਹ ਹੈ ਭਾਸ਼ਾਈ ਏਕਤਾ ਅਤੇ ਲਲਿਤ ਪੰਜਾਬੀਅਤ ਦਾ ਅਹਿਸਾਸ। ਜਮਾਲੀਆਤੀ ਇਸ ਅਹਿਸਾਸ ਤੋਂ ਵੀ ਘਟ। ਜੋ ਉਹ ਕੁਝ ਲੈ ਕੇ ਗਿਆ ਹੈ ਤਾਂ ਉਹ ਹੈ ਪੰਜਾਬੀ ਰਹਿੰਦਿਆਂ ਹੋਇਆਂ ਪ੍ਰਵਾਸੀ ਦੇਸ ਦੀ ਲੁਕਾਈ ਤੇ ਸਭਿਅਤਾ ਨੂੰ ਮਨੁਖਵਾਦ ਰਾਹੀਂ ਸਮਝਣ ਚਿਤਰਣ ਦੀ ਲਾਲਸਾ।

ਪੰਜਾਬੀ ਭਾਸ਼ਾ ਅਤੇ ਸਾਹਿਤ ਵਲ ਪੰਜਾਬੀਆਂ ਦੀ ਆਮ ਉਦਾਸੀਨਤਾ ਦੇ ਬਾਵਜੂਦ ਦੋਹਾਂ ਦੇਸਾਂ ਦੇ ਪੰਜਾਬਾਂ, ਪੰਜਾਬੀ ਬੋਲਦੇ ਖਿੱਤਿਆਂ ਅਤੇ ਪ੍ਰਵਾਸੀ ਪੰਜਾਬੀ ਨਖਲਿਸਤਾਨਾਂ ਵਿਚ ਪੰਜਾਬੀ ਭਾਸ਼ਾ ਦੇ ਹੱਕੀ ਸਥਾਨ ਦੀ ਚੇਤਨਾ ਆਈ ਹੈ। ਪੰਜਾਬੀ ਭਾਸ਼ਾ ਨਾਲ ਅਪਣੱਤ ਜਾਗੀ ਹੈ। ਇਸ ਵਿਚਲੀ ਵਿਦਿਅਕ ਅਤੇ ਸਾਹਿਤਕ ਸਮਰਥਾ ਦਾ ਅਹਿਸਾਸ ਵਧਿਆ ਹੈ।

ਪੰਜਾਬੀ ਭਾਸ਼ਾ ਲਈ ਅਪਣੱਤ ਅਤੇ ਇਸ ਨੂੰ ਵਿਦਿਆ, ਵਿਚਾਰ, ਅਨੁਭਵ ਅਤੇ ਵਿਗਿਆਨ ਦਾ ਮਾਧਿਅਮ ਬਨਾਉਣ ਦੇ ਕਾਰਣ ਅਨੂਪਮ ਵੀ ਹਨ ਅਤੇ ਵਿਡੰਬਣਾ ਵਾਲੇ ਵੀ।

**ਪਾਕਿਸਤਾਨ** ਵਿਚ ਪੰਜਾਬੀ ਭਾਸ਼ਾ ਲਈ ਲਗਨ ਅਤੇ ਸਾਹਿਤ-ਰਚਨਾ ਵਲ ਝੁਕਾਅ ਦੇ ਕੁਝ ਕਾਰਣ ਹਨ :

ਪਾਕਿਸਤਾਨ ਦੇ ਹੋਂਦ ਵਿਚ ਆਉਣ ਤੋਂ ਮਗਰੋਂ ਸਾਂਝੇ ਸਭਿਅਕ ਪੰਜਾਬ ਤੋਂ ਵਿਛੋੜੇ ਤੇ ਮਹਾਜਰੀਨ (ਸ਼ਰਨਾਰਥੀਆਂ) ਦੀ ਆਰਥਕ ਤੇ ਸਭਿਅਕ ਰਲ-ਗੱਡਤਾ ਦੇ ਪ੍ਰਤੀਕਰਮ ਵਜੋਂ ਪਾਕਿਸਤਾਨ ਦੇ ਪੰਜਾਬੀਆਂ ਦਾ ਪੰਜਾਬੀ ਭਾਸ਼ਾ ਤੇ ਲੇਖਣੀ ਵਲ ਝੁਕਾਅ ਕੁਦਰਤੀ ਹੋ ਗਿਆ ਹੈ।

ਪਾਕਿਸਤਾਨ ਵਿਚ ਰਹਿ ਗਏ ਪੰਜਾਬੀ ਕਲਾਮ ਕਹਿਣ ਅਤੇ ਕਲਮ ਵਾਹੁਣ ਵਾਲਿਆਂ ਦਾ ਭਾਸ਼ਾਈ ਸਾਮਰਾਜ ਵਿਰੁਧ, ਲੋਕ-ਭਾਸ਼ਾ ਦੇ ਹਿਤੈਸ਼ੀਆਂ ਵਜੋਂ, ਪੰਜਾਬੀ ਸਭਿਅਤਾ, ਭਾਸ਼ਾ ਤੇ ਰਚਨਾ ਲਈ ਸਿਦਕ ਨਹੀਂ ਟੁੱਟਾ।

ਭਾਰਤ ਤੇ ਪਾਕਿਸਤਾਨ ਦੇ ਵਿਚਾਰਧਾਰਕ ਜਾਂ ਰਾਜਨੀਤਕ ਨਿਸ਼ਾਨਿਆਂ ਅਤੇ ਧਿਰ ਜਾਂ ਕੈਂਪ ਮੱਲਣ ਵਾਲੇ ਪੱਖ ਨੂੰ ਛੋਹੇ ਬਿਨਾਂ ਵਾਹਗੇ ਦੇ ਉਰਾਰ ਤੇ ਪਾਰ ਦੀ ਪੰਜਾਬੀ ਭਾਸ਼ਾ ਤੇ ਰਚਨਾ ਨੂੰ ਜੋਖੀਏ-ਜੋਹੀਏ ਤਾਂ ਇਕ ਗਲ ਸਪਸ਼ਟ ਹੁੰਦੀ ਹੈ ਕਿ ਪੂਰੇ ਸਮੇਂ ਵਿਚ ਪੰਜਾਬੀ ਭਾਸ਼ਾ ਨੂੰ ਇਸ ਦਾ ਹੱਕੀ ਥਾਂ ਦੇਣ ਨਾਲੋਂ ਕਿਤੇ ਵਧ ਦੋਹਾਂ ਭਾਰਤ-ਪਾਕ ਜੰਗਾਂ ਦੇ ਕੁਝ ਹੀ ਦਿਨਾਂ ਵਿਚ ਵਰਤਿਆ-ਵਾਹਿਆ ਗਿਆ।

ਬੰਗਲਾ ਦੇਸ ਦੀ ਹੋਂਦ ਤੇ ਪਾਕਿਸਤਾਨ ਨਾਲੋਂ ਵਖ ਹੋਣ ਦਾ ਕਾਰਨ ਜਿਸ ਹੱਦ ਤਕ ਬੰਗਲਾ ਦੇਸ ਬਣ ਜਾਣ ਮਗਰੋਂ ਪਾਕ-ਪੰਜਾਬ ਉਪਰ ਪਹਿਲਾਂ ਨਾਲੋਂ ਵਖ ਜਿਹੜਾ ਪ੍ਰਤੀਕਮ ਹੋਇਆ ਉਹ ਅਜੇ ਤਕ ਚਲੇ ਆ ਰਹੇ ਪੰਜਾਬੀ ਹੋਣ ਦੇ ਗੌਰਵ ਤੇ ਜੁਅਮ ਦੀ ਥਾਂ ਮੁਆਸ਼ਰਤੀ (ਸਭਿਅਕ) ਭਾਂਤ ਦਾ ਸੀ—ਪੰਜਾਬੀ ਜ਼ਬਾਨ ਨਾਲ ਅਪਣੱਤ ਵਾਲਾ ਪ੍ਰਤੀਕਰਮ।

ਬੰਗਲਾ ਦੇਸ ਹੋਂਦ ਵਿਚ ਆਉਣ ਮਗਰੋਂ ਪਾਕਿਸਤਾਨੀ ਪੰਜਾਬ ਵਿਚ ਆਪਣੀ ਬੋਲੀ ਨਾਲ ਪਿਆਰ ਹੀ ਨਹੀਂ ਜਾਗਿਆ ਸਗੋਂ ਆਪਣੇ ਪਿਛੇ ਅਤੇ ਵਿਰਾਸਤ ਵਿਚੋਂ ਪੰਜਾਬੀਅਤ ਨੂੰ ਜਾਣਨ ਦੀ ਚੇਤਨਾ ਵੀ ਜਾਗੀ ਹੈ—ਬੜੀ ਨਿੰਮ੍ਹੀ ਤੇ ਕੁਝ ਇਕ ਲਿਖਤਾਂ ਵਿਚ।

ਭਾਰਤੀ ਪੰਜਾਬ ਨਾਲੋਂ ਬਦਤਰ ਰਾਜਨੀਤਕ ਹਾਲਤਾਂ ਅਤੇ ਭਾਸ਼ਾਈ ਉਦਾਸੀਨਤਾ ਵਿਚ ਪਾਕ-ਪੰਜਾਬੀ ਲਈ ਜੋ ਕੁਝ ਹੋ ਚੁਕਾ ਹੈ ਉਹ ਪਾਕਿਸਤਾਨ ਵਿਚ ਆਪਣੀ ਬੋਲੀ ਲਈ ਪਿਆਰ ਤੇ ਸਿਦਕ-ਸਿਰੜ੍ਹ ਦੀ ਮਿਸਾਲ ਹੈ।

ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਬੋਲੀ ਲਈ ਮੁਨਾਸਿਬ ਰਸਮ-ਉਲ-ਖਤ ਦਾ ਮਸਲਾ



ਕਦੇ-ਕਦੇ ਕਵਲ ਰੜਕਦਾ ਹੈ। ਹਰ ਭਖਦੇ ਮਸਲੇ ਸਾਹਮਣੇ ਆ ਰਹੇ ਹਨ, ਕੁਝ ਹੋਰ ਆਉਣੇ ਰਹਿਦੇ ਹਨ। ਜਿਵੇਂ ਭਾਰਤੀ ਪੰਜਾਬੀ ਨਾਲੋਂ ਪਾਕ-ਪੰਜਾਬੀ ਜਿਥੇ ਵਧੇਰੇ ਰਸੀਲੀ ਤੇ ਲੋਕ-ਧਾਰਾ ਦੇ ਨੇੜੇ ਹੋਣ ਦਾ ਪਰਭਾਵ ਦੇਂਦੀ ਹੈ, ਉਥੇ ਇਸ ਨੂੰ ਪੇਸ਼ ਆ ਰਹੀਆਂ ਵਿਦਿਅਕ, ਤਕਨੀਕੀ ਤੇ ਵਿਚਾਰਧਾਰਕ ਲੋੜਾਂ ਨਾਲ ਨਜਿਠਣ ਵਾਲੀ ਸ਼ਬਦਾਵਲੀ ਦੀ ਸਮਸਿਆ ਵੀ ਘਟ ਗੰਭੀਰ ਨਹੀਂ।

ਕੁਝ ਇਕ ਵਿਚਾਰਧਾਰਕ ਲਿਖਤਾਂ ਵਿਚ ਇਸ ਦਾ ਰਾਹ ਇਹ ਕਢਿਆ ਗਿਆ ਹੈ ਕਿ ਅਰਥ-ਭਰਪੂਰਤਾ ਲਈ ਉਪ-ਭਾਸ਼ਾਈ ਸ਼ਬਦਾਵਲੀ ਅਤੇ ਵਾਕ-ਬਣਤਰ ਨੂੰ ਪ੍ਰਤੀਕ ਰੂਪ ਵਿਚ ਵਰਤ ਕੇ ਗ਼ਲਬੇ ਤੇ ਸੈਂਸਰ ਦੀ ਕੌੜੀ ਨਜ਼ਰ ਤੋਂ ਬਚਾ ਕਰਨ ਵਾਲਾ ਅਸਲੂਬ (ਸ਼ੈਲੀ) ਪ੍ਰਚਲੱਤ ਕਰ ਲਿਆ ਜਾਏ। ਇਸ ਨਾਲ ਵਿਚਾਰ, ਜੇ ਸਰਕਾਰੀ ਗ੍ਰਿਫ਼ਤ ਤੋਂ ਬਚਦੇ ਹਨ ਤਾਂ ਜਨਤਕ ਪਕੜ ਵਿਚ ਵੀ ਘਟ ਹੀ ਆਉਂਦੇ ਹਨ।

ਪੰਜਾਬੀ ਲਈ ਇਹ ਚੇਤਨਾ ਕੱਲੀ-ਕਾਰੀ ਨਹੀਂ। ਸਿੱਧੇ ਜਾਂ ਅਸਿੱਧੇ ਰੂਪ ਵਿਚ ਸਿੰਧੀ, ਪਸ਼ਤੋ ਤੇ ਬਲੋਚੀ ਸਭਿਅਕ-ਚੇਤਨਾਵਾਂ ਦੀ ਇਹ ਚੇਤਨਾ ਸਮਾਨਾਂਤਰ ਵੀ ਹੈ ਤੇ ਉਨ੍ਹਾਂ ਤੋਂ ਪ੍ਰਤੀਕਰਮਤ ਵੀ। ਇਸ ਚੇਤਨਾ ਅਧੀਨ ਉਰਦੂ ਵਿਚ ਲਿਖਣ ਵਾਲੇ ਪਾਕ-ਪੰਜਾਬੀ ਜਦ ਪੰਜਾਬੀ ਲੇਖਣੀ ਵਿਚ ਉਤਰਦੇ ਹਨ ਤਾਂ ਉਹ ਸੁਰਖਰੂਈ ਤੋਂ ਬਿਨਾਂ ਇਹ ਵੀ ਮਹਿਸੂਸ ਕਰਦੇ ਹਨ ਜਿਵੇਂ ਮਾਂ-ਬੋਲੀ ਤੋਂ ਪਰੇ ਰਹਿ ਕੇ ਮੂਲੋਂ ਹੀ ਖੁੰਝ ਗਏ ਸਨ, ਪਿਛੇ ਰਹਿ ਗਏ ਸਨ।

ਪਾਕਿਸਤਾਨੀ ਪੰਜਾਬ ਦੀ ਹੀ ਗੱਲ ਨਹੀਂ; ਪੰਜਾਬੀ ਭਾਸ਼ਾ ਲਈ ਲਿਪੀ ਗੁਰਮੁਖੀ ਹੋਵੇ—ਇਹ ਪ੍ਰਸ਼ਨ ਕਰਨ ਸੁਣਨ ਤੋਂ ਪਹਿਲਾਂ ਭਾਰਤੀ ਪੰਜਾਬ ਵਿਚ ਫਿਰਕਾਪ੍ਰਸਤ ਹੋਣ ਦਾ ਕਾਂਬਾ ਛਿੜ ਜਾਂਦਾ ਹੈ। 'ਬੈਲਟ ਬਕਸ' ਦਾ ਡਰ ਤਾਂ ਪੰਜਾਬੀ ਭਾਸ਼ਾ ਦੇ ਹੱਕੀ ਸਥਾਨ ਬਾਰੇ ਵੀ ਖੁਲ੍ਹ ਕੇ ਕੁਝ ਕਹਿਣ ਨਹੀਂ ਦੇਂਦਾ।

ਪਾਕਿਸਤਾਨੀ ਪੰਜਾਬੀ ਲਿਖਤਾਂ ਵਿਚ ਪੰਜਾਬੀਅਤ ਦੀ ਟੋਹ ਅਤੇ ਸ਼ੋਖ-ਸਰਲਤਾ ਦੇਖ ਕੇ ਭਾਰਤੀ ਪੰਜਾਬ ਦੇ ਕੁਝ ਲੇਖਕਾਂ ਨੂੰ ਭਰਮ-ਭੁਲੇਖੇ ਪਏ ਹਨ।

ਪਾਕ-ਪੰਜਾਬੀ ਲੇਖਣੀ ਵਿਚ ਉਰਦੂ ਦੇ ਭਾਸ਼ਾਈ ਗ਼ਲਬੇ ਦਾ ਝਾਉਲਾ ਵੀ ਉਸੇ ਤਰ੍ਹਾਂ ਪਿਆ ਹੋਵੇਗਾ ਜਿਵੇਂ ਭਾਰਤੀ ਪੰਜਾਬ ਦੀ ਪੰਜਾਬੀ ਵਿਚ ਹਿੰਦੀ-ਸਾਮਰਾਜ ਅਤੇ ਸੰਸਕ੍ਰਿਤ ਬੋਲ-ਵਿਗਾੜ ਦਾ ਪਰਛਾਵਾਂ ਪਿਆ ਸੀ। ਬੋਲੀ ਦੀ ਸਰਲਤਾ—ਸੁਖੈਣਤਾ ਰਚਨਾਤਮਕ ਸਾਹਿਤ ਨੂੰ ਤਾਂ ਖੂਬ ਮੁਆਫ਼ਿਕ ਆਉਂਦੀ ਹੈ, ਪਰ ਜਿਉਂ ਜਿਉਂ ਉਚ-ਵਿਦਿਅਕ, ਵਿਚਾਰਧਾਰਕ, ਤਕਨੀਕੀ ਸਾਹਿਤ ਲਿਖਣ ਦੀ ਲੋੜ ਪਈ, ਪਾਕਿਸਤਾਨੀ ਪੰਜਾਬੀ ਸਾਹਮਣੇ ਲੱਸਾਨੀ (ਭਾਸ਼ਾਈ) ਮਸਲੇ ਜ਼ਰੂਰ ਉਭਰਨਗੇ।

ਆਦਿ-ਪੰਜਾਬੀਅਤ ਜਾਂ ਪੰਜਾਬੀ ਪਿਛੇ ਨੂੰ ਜਾਣਨ ਦਾ ਇਕ ਹੋਰ ਕਾਰਨ ਵੀ ਸਮਝ ਆਉਂਦਾ ਹੈ।

ਫ੍ਰਾਂਜ਼ ਕਾਫਕਾ ਦੀਆਂ ਲਿਖਤਾਂ ਉਦੋਂ ਵੀ ਅਸਪਸ਼ਟ ਤੇ ਉਲਝੀਆਂ ਹੋਈਆਂ ਸਨ ਜਦ ਉਹ ਲਿਖ ਰਿਹਾ ਸੀ ਅਤੇ ਉਹ ਅਜ ਵੀ ਇੰਜ ਹੀ ਲਗਦੀਆਂ ਹਨ। ਉਸ ਦਾ ਆਪਣੀ ਲਿਖਤ ਦੇ ਫਜ਼ੂਲ ਹੋਣ, ਆਪਣੀ ਲਿਖਤ ਦੇ ਪਰਕਾਸ਼ਣ ਹੀ ਨਹੀਂ, ਹੋਂਦ ਤੋਂ ਵੀ ਉਦਾਸੀਨ ਹੋਣ ਦਾ ਵਡਾ ਕਾਰਨ ਨਾਜ਼ੀਵਾਦ ਦੀ ਉਹ ਚੜ੍ਹਤਲ ਹੈ ਜਿਸ ਵਿਚ ਉਸ ਜਿਹੇ ਕਿਸੇ ਵੀ ਯਹੂਦੀ ਅਤੇ ਵਿਰੋਧੀ ਦਾ ਸੋਚਣਾ, ਉਭਾਸਰਨਾ ਤੇ ਜਿਉਣਾ ਫਜ਼ੂਲ ਹੁੰਦਾ ਜਾ ਰਿਹਾ ਸੀ। ਕਾਫਕਾ ਨੂੰ ਚੀਨ ਬਾਰੇ ਉਸ ਦਾ ਇਤਿਹਾਸ ਅਤੇ ਇਤਿਹਾਸਕ ਵਿਸ਼ਲੇਸ਼ਣ ਲਿਖਣ ਨਾਲ ਕੀ ਸਰੋਕਾਰ ਹੋ ਸਕਦਾ ਸੀ ? ਪਰ ਉਹ 'ਚੀਨ ਦੀ ਦੀਵਾਰ' ਵਰਗੀ ਲਿਖਤ ਵਿਚ ਚੀਨ ਦੇ ਪੁਰਾਤਨ ਸਮਾਜ, ਉਸ ਦੀ ਰਾਜ ਸੱਤਾ ਦਾ ਜ਼ਿਕਰ ਕਰਦਾ ਹੈ, ਜਿਸ ਨੂੰ ਹੁਣ ਉਸ ਪਾਸਿਉਂ ਹਮਲਿਆਂ ਦਾ ਵੀ ਫਿਕਰ ਨਹੀਂ ਜਿਸ ਸਰਹੱਦ

'ਤੇ ਦੁਨੀਆਂ ਦੀ ਸਭ ਤੋਂ ਵਡੀ ਫਸੀਲ ਖੜੀ ਕੀਤੀ ਜਾ ਰਹੀ ਹੈ । ਉਹ ਬੜੇ ਵੇਰਵੇ ਨਾਲ ਚੀਨੀ-ਰਾਜ-ਸੱਤਾ ਦੇ ਉਸ ਫਿਕਰ ਦਾ, ਮਾਨਸਿਕ ਬਣਤਰ ਦਾ ਜ਼ਿਕਰ ਕਰਦਾ ਹੈ ਜਿਸ ਅਨੁਸਾਰ ਆਦਿ—ਕਾਲੀ ਚੀਨੀ ਜਨਤਾ ਨੂੰ ਉਸਾਰੀ ਦੇ ਇਕ-ਇਕ ਕੰਮ-ਕਿੱਤੇ ਅਨੁਸਾਰ ਸ਼੍ਰੇਣੀਆਂ, ਜਾਤਾਂ ਤੇ ਗੋਤਾਂ ਵਿਚ ਵੰਡਿਆ ਜਾ ਰਿਹਾ ਸੀ ਅਤੇ ਨਿਰਮੂਲ ਕੌਮੀ ਗੌਰਵ ਦੇ ਨਾਂ ਉਪਰ ਬੇ-ਮੌਤ ਮਾਰਿਆ ਜਾ ਰਿਹਾ ਸੀ ।

ਕੀ ਕਾਫਕਾ ਇਸ ਇਤਿਹਾਸਕ ਦਿਸਦੀ ਕਹਾਣੀ ਰਾਹੀਂ ਇਤਿਹਾਸਕ ਵਿਸ਼ਲੇਸ਼ਣ ਦੇ ਨਾਲ-ਨਾਲ ਆਪਣੇ ਸਮਕਾਲੀ 'ਨੇਸ਼ਨਲ ਸੋਸ਼ਲਿਸਟ' (ਨਾਜ਼ੀਵਾਦ) ਦੇ ਬੇਤਰਸ ਵਿਕਾਸ-ਕਾਰਜਾਂ ਵਲ ਤਾਂ ਇਸ਼ਾਰਾ ਨਹੀਂ ਸੀ ਕਰ ਰਿਹਾ, ਜਿਥੇ ਹਰ ਯਹੂਦੀ ਅਤੇ ਹਰ ਵਿਚਾਰੇ ਨੂੰ ਪੰਜਾਲੀ ਪਾ ਕੇ ਪਸ਼ੂ ਦੀ ਮੌਤ ਮਾਰਿਆ ਜਾ ਰਿਹਾ ਸੀ ?

ਇਸ ਸਮੇਂ ਪਾਕ-ਪੰਜਾਬੀ ਕਲਮਕਾਰਾਂ ਵਲੋਂ ਆਪ ਤੇ ਅਸਲੇ ਦੀ ਭਾਲ ਅਤੇ ਅੱਜ ਦੀਆਂ ਪੰਜਾਬੀ ਸਾਂਝਾਂ ਨੂੰ ਲਿਖਤਾਂ ਵਿਚ ਪ੍ਰਗਟਾਉਣਾ ਤੇ ਸਾਂਝਾ ਕਰਨਾ ਕੌਮਾਂਤਰੀ ਪੰਜਾਬੀਅਤ ਵਲ ਵਧਣਾ ਹੀ ਕਿਹਾ ਜਾਏਗਾ ।

**ਭਾਰਤੀ ਪੰਜਾਬੀ ਲਿਖਤਾਂ** ਰਾਹੀਂ ਪੰਜਾਬੀ ਭਾਸ਼ਾ, ਬਿਬੇਕ ਅਤੇ ਸੁਭਾਅ ਨੂੰ ਕੌਮਾਂਤਰੀ ਪਿੜ ਵਿਚ ਲਿਜਾਣ ਲਈ ਕੁਝ ਰਚਨਾ ਕਾਰਜ ਹੋਏ ਹਨ :

ਪੰਜਾਬੀਅਤ ਸੰਬੰਧੀ ਲੇਖਣੀ ਵਿਚੋਂ ਅੰਤਰ-ਰਾਸ਼ਟਰੀ ਜਗਿਆਸਾ ਤੇ ਅਧਿਅਨ ਲਈ ਇਕ ਰੋਚਕ ਪੱਖ ਹੈ, ਲੋਕ-ਧਾਰਾ ਜਾਂ ਲੋਕ-ਯਾਨ । ਇਸ ਵਿਚ ਸਮੇਂ-ਸਮੇਂ ਛਪਦੇ ਲੇਖਾਂ ਦੇ ਰੂਪ ਵਿਚ ਸਮੂਹਿਕ ਯਤਨ ਵੀ ਹੋਇਆ ਹੈ ਅਤੇ ਪਹਿਲ-ਪਲੇਠਾ ਵਿਸ਼ਵਕੋਸ਼ੀ ਯਤਨ ਵੀ । ਲੋਕ-ਯਾਨ ਦੇ ਕਈ ਪੱਖ ਅਜੇ ਅਨ-ਛੋਹੇ ਪਏ ਹਨ । ਜੇ ਸਰਕਾਰੀ ਤੇ ਗੈਰ-ਸਰਕਾਰੀ ਪਰਚਿਆਂ ਦਾ ਢਿੱਡ ਭਰਨ ਦੀ ਰੱਟ ਤੋਂ ਬਚ ਕੇ ਜਾਂ ਯੂਨੀਵਰਸਟੀਆਂ ਦੇ ਸੁਝਾਏ ਸ਼ੋਧਕਾਰਜ 'ਤੇ ਅਕਾਦਮਿਕਤਾ ਭਾਰੂ ਨਾ ਹੋ ਗਈ ਤਾਂ ਪੰਜਾਬ ਬਾਰੇ ਲੋਕ-ਯਾਨੀ ਸਟੀਕਕਾਰੀ ਤੇ ਖੋਜ, ਅੰਤਰ-ਰਾਸ਼ਟਰੀ ਲੋਕ-ਯਾਨੀ ਅਧਿਅਨ ਵਿਚ ਪੂਰਕ ਹਿੱਸਾ ਪਾ ਸਕਣਗੀਆਂ ।

ਗੁਰਬਾਣੀ ਅਤੇ ਸਿੱਖ ਧਰਮ ਨੂੰ ਦਾਰਸ਼ਨਿਕ, ਧਰਮ ਸ਼ਾਸਤਰੀ ਅਤੇ ਸਮਾਜਕ ਪੱਖਾਂ ਤੋਂ ਅੰਤਰ-ਰਾਸ਼ਟਰੀ ਪਾਠਕਾਂ ਤੇ ਵਿਚਾਰ-ਖੇਤਰਾਂ ਤਕ ਪੁਚਾਉਣ ਵਾਲੀਆਂ ਰਚਨਾਵਾਂ ਪੰਜਾਬੀ ਲੇਖਣੀ ਵਿਚ ਆਈਆਂ ਹਨ । ਅੰਤਰਰਾਸ਼ਟਰੀ ਖੇਤਰ ਵਲੋਂ ਵਿਲਹੈਲਮ ਫੋਨ ਹਮਬਲਟ, ਮੈਕਸਮਿਊਲਰ ਜਿਹੇ ਭਾਸ਼ਾ ਵਿਗਿਆਨੀ, ਧਰਮ ਸ਼ਾਸਤਰੀ ਅਤੇ ਭਾਰਤ ਵਿਗਿਆਨੀਆਂ ਤੋਂ ਲੈ ਕੇ ਟਰੰਪ ਤੇ ਮੈਕਾਲਿਫ਼ ਜਿਹੇ ਸਿੱਖ ਧਰਮ ਦੇ ਰੀਕਾਰਡ ਤੇ ਇਤਿਹਾਸ ਲਿਖਾਰੀਆਂ ਤਕ ਨੇ ਹੁੰਗਾਰਾ ਭਰਿਆ ਸੀ । ਪਿਛਲੀ ਸਦੀ ਦੇ ਅੰਤ ਵਿਚ ਹੋਏ ਇਸ ਮੋਹ-ਭੰਗ ਨੂੰ ਗੁਰੂ ਨਾਨਕ ਦੀ ਪੰਜਵੀਂ ਜਨਮ ਸ਼ਤਾਬਦੀ ਸਮੇਂ ਸੋਵੀਅਤ ਯੂਨੀਅਨ ਦੇ ਕੁਝ ਭਾਰਤ-ਵਿਗਿਆਨੀਆਂ ਨੇ, ਗੁਰੂ ਨਾਨਕ ਦੀ ਬਾਣੀ, ਉਸ ਦੇ ਸਮਾਜਕ ਹਾਲਾਤ ਅਤੇ ਮਨੁਖੀ ਸਰੂਪ ਬਾਰੇ ਮੁਢਲੇ ਅਤੇ ਬਾਹਰਮੁਖੀ ਵਿਸ਼ਲੇਸ਼ਣ ਲਿਖ ਕੇ ਭਾਰਤ-ਸ਼ਾਸਤਰ ਵਿਚੋਂ ਸਿੱਖ ਅਧਿਅਨ ਦਾ ਮੁਢ ਬੰਨ੍ਹਿਆ ਹੈ ।

ਦੂਰ ਪੂਰਬ (ਜੋ ਯੂਰਪ ਨੂੰ ਦੂਰ ਲਗਦਾ ਹੈ ਪਰ ਭਾਰਤ ਲਈ ਨੇੜਲਾ ਪੂਰਬ ਹੈ) ਦੱਖਣੀ ਤੇ ਪੂਰਬੀ ਅਫ਼ਰੀਕਾ ਅਤੇ ਹੁਣ ਮੱਧ-ਪੂਰਬੀ ਦੇਸਾਂ ਵਿਚ ਹੁਣ ਦੀ ਸਦੀ ਦੇ ਅੱਧ ਤੋਂ ਮਗਰੋਂ ਸੁਤੰਤਰਤਾ ਸੰਗਰਾਮ ਛਿੜੇ ਹਨ । ਮਾਨਵਵਾਦੀ ਤੇ ਚੇਤੰਨ ਪੰਜਾਬ ਵਿਚ ਅਤੇ ਪੰਜਾਬੋਂ ਬਾਹਰ ਬਹਿ ਕੇ, ਇਨ੍ਹਾਂ ਸੰਘਰਸ਼ਾਂ ਨੂੰ ਬਿਆਨਿਆ ਤੇ ਸਲਾਹਿਆ ਗਿਆ ਹੈ ।



ਕੌਮਾਂਤਰੀ ਦਾਰਸ਼ਨਿਕ ਧਾਰਾਵਾਂ ਤੇ ਧਰਮ-ਸ਼ਾਸਤਰੀ ਵਿਧਾਨਾਂ ਨਾਲ ਤੁਲਨਾ ਕੀਤੇ ਬਿਨਾਂ, ਕੇਵਲ ਸਤਿਕਾਰ ਤੇ ਸੰਸਕਾਰਾਂ ਅਧੀਨ ਗੁਰਬਾਣੀ ਨੂੰ ਵਿਆਖਣਾ ਇਸ ਅਨੂਪਮ ਪੰਜਾਬੀ ਲੇਖਣੀ ਦਾ ਕੌਮਾਂਤਰੀ ਕਿਸੇ ਭਾਸ਼ਾ ਵਿਚ ਨਿਰਾ ਅਨੁਵਾਦ ਕਰਨਾ ਹੈ, ਲਿਪੀਅੰਤਰ ਕਰਨਾ ਹੈ, ਅੰਤਰ-ਰਾਸ਼ਟਰੀ ਵਿਚਾਰ-ਖੇਤਰਾਂ ਨੂੰ ਦਰਸਾਉਣਾ—ਉਕਸਾਉਣਾ ਨਹੀਂ । ਇੰਜ ਹੀ ਗੁਰਬਾਣੀ ਨੂੰ ਪੰਜਾਬੀ ਲੋਕਾਂ ਅਤੇ ਸਮਾਜ ਦੀ ਕਾਇਆਂ ਪਲਟਦਿਆਂ ਤਾਂ ਦਿਖਾਇਆ ਗਿਆ ਹੈ ਪਰ ਪੰਜਾਬ ਦੀ ਮਿੱਟੀ ਅਤੇ ਸੁਭਾਅ ਨੂੰ ਗੁਰਬਾਣੀ ਦੇ ਪਰਸਪਰ-ਕਰਮ ਵਿਚ ਬਹੁਤ ਘਟ ਦੇਖਿਆ ਗਿਆ ਹੈ ।

ਲਗਪਗ ਇਹੋ ਹਾਲ ਪੰਜਾਬੀ ਵਿਚ ਅੰਤਰ-ਰਾਸ਼ਟਰੀ ਸੰਘਰਸ਼ਾਂ ਤੇ ਸਮਸਿਆਵਾਂ ਬਾਰੇ ਲਿਖੀਆਂ—ਕੁਝ ਸੁੰਦਰ ਕਵਿਤਾਵਾਂ-ਕਹਾਣੀਆਂ ਸਮੇਤ—ਲਿਖਤਾਂ ਦਾ ਹੈ । ਇਹ ਲਿਖਤਾਂ ਪੰਜਾਬੀ ਪਾਠਕਾਂ ਲਈ ਚਿਤਵੀਆਂ-ਲਿਖੀਆਂ ਸੁਹਿਰਦ ਇਕ-ਮੁਠਤਾ ਲਿਖਤਾਂ (**Solidarity Writings**) ਤਾਂ ਹੋ ਸਕਦੀਆਂ ਹਨ ਪਰ ਜਿਨ੍ਹਾਂ ਲੋਕਾਂ ਤੇ ਧਰਤੀਆਂ ਬਾਰੇ ਉਹ ਲਿਖੀਆਂ ਗਈਆਂ ਹਨ ਉਨ੍ਹਾਂ ਦੇ ਅਨੁਭਵਾਂ ਤੇ ਸਮਸਿਆਵਾਂ ਨਾਲ ਇਨ੍ਹਾਂ ਲਿਖਤਾਂ ਦਾ ਅਜਿਹਾ ਨੇੜਲਾ ਸੰਬੰਧ ਨਹੀਂ ਕਿ ਇਹ ਅੰਤਰਰਾਸ਼ਟਰੀ ਸਾਹਿਤ ਵਜੋਂ ਟਿਕ ਸਕਣ ।

ਹਾਂ ਧਰਤੀ, ਪਾਤਰਾਂ, ਘਟਨਾਵਾਂ ਅਤੇ ਅਨੁਭਵਾਂ ਵਿਚ ਆਪਣੀ ਪੰਜਾਬੀਅਤ ਕਾਰਨ ਕੁਝ ਕੁ ਕਹਾਣੀ ਤੇ ਭੋਰਾ ਕੁ ਨਾਵਲ ਜ਼ਰੂਰ ਅੰਤਰਰਾਸ਼ਟਰੀ ਪਿੜਾਂ ਵਿਚ ਅਨੁਵਾਦ ਰਾਹੀਂ ਪੁਜੇ ਹਨ ।

ਪੰਜਾਬ ਵਿਚ ਬਹਿ ਕੇ ਪੰਜਾਬੀਅਤ ਦੇ ਪਿਛੇ ਤੇ ਲੱਛਣਾਂ ਨੂੰ ਪਛਾਣਨ ਅਤੇ ਇਸ ਦੀ ਚੇਤਨਾ ਜਗਾਉਣ ਵਾਲੇ ਕੁਝ ਪ੍ਰਸ਼ਨ ਵੀ ਛਪੇ ਹਨ । ਅਜਿਹੀਆਂ ਲਿਖਤਾਂ ਜੇ ਤੱਥਾਂ ਤੋਂ ਸਿੱਟੇ ਕਢਣ ਦੀ ਥਾਂ ਪੰਜਾਬ ਦੀ ਵਰਤਮਾਨ ਹੀ ਨਹੀਂ ਸੰਭਾਵੀ ਵਜ਼ਾਰਤ ਅਤੇ ਵਡੀਆਂ ਪਾਰਟੀਆਂ ਦੇ ਗਾਂਢਿਆਂ-ਸਾਂਢਿਆਂ ਨੂੰ ਮੁਖ ਰਖ ਕੇ ਲਿਖੀਆਂ ਜਾਣ ਤਾਂ ਇਹ ਪੂਰਬ ਨਿਸਚਿਤ ਨੀਤੀ ਤੇ ਨੀਯਤ ਅਨੁਸਾਰ ਤੱਥਾਂ ਨੂੰ ਸਬੂਤ ਵਜੋਂ ਪੇਸ਼ ਕਰਨਾ ਹੋਵੇਗਾ ।

**ਪ੍ਰਵਾਸੀ ਪੰਜਾਬੀ ਸਾਹਿਤ** : ਦੂਜੀ ਜੰਗ ਦੇ ਮਾਰੇ-ਭੰਨੇ ਸਭਨਾਂ ਯੂਰਪੀ ਪੂੰਜੀਵਾਦੀ ਦੇਸਾਂ ਨੇ ਜੰਗ ਦੀ ਤੋਟ ਤੇ ਖੱਪੇ ਨੂੰ ਪੂਰਨ ਲਈ ਰਚੀ ਮੁੜ-ਉਸਾਰੀ ਵਿਚ ਆਪਣੀਆਂ ਬਸਤੀਆਂ ਤੇ ਪਰਭਾਵ-ਖੇਤਰ ਦੇ ਕਾਮਿਆਂ ਨੂੰ ਜੋਅ ਲਿਆ । ਇਹ ਕਾਮੇ ਯੂਰਪੀ ਦੇਸਾਂ ਦੇ ਆਪਣੇ ਕਾਮਿਆਂ ਤੋਂ ਸਸਤੇ ਵੀ ਸਨ, ਗੁਲਾਮੀ ਵਿਚੋਂ ਆ ਕੇ ਪਰਵਾਸੀ ਹੋਣ ਕਾਰਨ ਹੀਣੇ ਤੇ ਦਬੇਲ ਵੀ । ਸਸਤੇ ਤੇ ਦਬੇਲ ਹੋਣ ਕਾਰਨ ਸਾਡੇ ਪਰਵਾਸੀ ਪੰਜਾਬੀ, ਵਸਨੀਕ ਕਾਮਿਆਂ ਦੀ ਘਿਰਣਾ ਦੇ ਪਾਤਰ ਚਿਰਾਂ ਤੋਂ ਰਹੇ ਹਨ । ਪਹਿਲਾਂ ਸਾਮਰਾਜੀ ਬਸਤੀਆਂ ਤੇ ਹੁਣ ਤੀਜੀ ਦੁਨੀਆਂ ਦੇ ਦੇਸਾਂ ਵਾਂਗ ਭਾਰਤ ਤੇ ਪੰਜਾਬ ਵਿਚ, ਦੂਜੀ ਜੰਗ ਤੋਂ ਮਗਰੋਂ ਆਰਥਕ ਹਾਲਾਤ ਸੁਧਰੇ ਨਹੀਂ । ਅਸਥਿਰ ਤੇ ਨਿਘਰਦੀ ਆਰਥਕਤਾ ਕਾਰਨ ਜਿਹੜੇ ਪੰਜਾਬੀ ਇਕ ਵਾਰ ਪਰਵਾਸੀ ਕਾਮੇ ਬਣ ਕੇ ਬਾਹਰ ਚਲੇ ਗਏ, ਉਹ ਕਮਾ ਕੇ ਆਪ ਘਰ ਨਹੀਂ ਆਏ । ਕਮਾਈ ਭੇਜੀ ਤੇ ਭਾਈ-ਬੰਦਾਂ ਨੂੰ ਸਦਦੇ-ਵਸਾਉਂਦੇ ਰਹੇ । ਇੰਗਲੈਂਡ ਵਿਚ ਭਾਰਤੀਆਂ-ਪੰਜਾਬੀਆਂ ਦੀ ਵਸੋਂ ਦਸ ਲੱਖ ਦੀ ਆਦਮ-ਰੱਖ ਹੈ । ਇਸ ਆਦਮ-ਜੰਗਲ ਵਿਚ ਇਕ ਵਾਰ ਏਅਰ-ਪੋਰਟ ਜਾਂ ਸਮੁੰਦਰ ਦਾ ਕੰਢਾ ਟੱਪ ਆਏ ਨੂੰ ਲੱਭ ਲੈਣਾ ਪੁਲਿਸ ਤੇ ਸਰਕਾਰ ਲਈ ਸੌਖਾ ਨਹੀਂ । ਅਮਰੀਕਾ-ਕੈਨੇਡਾ ਵਿਚ ਵੀ ਇੰਗਲੈਂਡ ਜਾਂ ਯੂਰਪ ਤੋਂ ਹੁੰਦੇ ਹੋਏ ਜਾਂ ਸਿੱਧੇ ਹੀ, ਪਰਵਾਸੀ ਕਾਮੇ ਬਣ ਕੇ ਪੰਜਾਬੀ ਲੋਕ, ਪੂਰਾਂ-ਦੇ-ਪੂਰ ਜਾਂ ਕਿਰਣਮ-ਕਰ ਜਾ ਪੁਜੇ ਹਨ । ਹਾਲੈਂਡ ਵਿਚ ਬਸਤੀਵਾਦੀ ਸਾਂਝ ਕਾਰਨ ਭਾਰਤੀ ਪਿਛੇ ਵਾਲੇ ਕਾਨੂੰਨੀ ਪਰਵਾਸੀ ਕਾਮਿਆਂ ਨਾਲੋਂ ਇਸ ਸਮੇਂ ਵੀਜ਼ੇ-ਰਹਿਤ ਪੰਜਾਬੀ ਫਿਰਤੂ-ਕਾਮਿਆਂ ਦੀ ਗਿਣਤੀ ਵਧ ਗਈ ਹੈ । ਪਾਕਿਸਤਾਨੀ

ਤੇ ਭਾਰਤੀ ਪੰਜਾਬੀ ਨੌਜੁਆਨ ਆਸਟਰੀਆ, ਜਰਮਨੀ, ਹਾਲੈਂਡ ਵਰਗੀਆਂ ਧਰਤੀਆਂ ਕੱਛਦੇ ਸਕੇਂਡੇਨੇਵੀਅਨ ਸ਼ਹਿਰਾਂ ਤਕ ਜਾ ਪੁਜੇ ਹਨ। ਕੁਝ ਵੀ ਕਰਨ ਲਈ ਘਰੋਂ ਨਿਕਲ ਕੇ, ਕਈ-ਕਈ ਮਹੀਨੇ ਯਖ਼ ਤੇ ਮਹਿੰਗੇ ਦੇਸਾਂ ਵਿਚ ਕੁਝ ਵੀ ਨਾ ਕਰਦੇ ਹੋਏ ਰਹਿ ਰਹੇ ਹਨ।

ਪਹਿਲਾਂ ਦੇ ਪੂਰ ਗ਼ੈਰ-ਮਾਹਰ ਤੇ ਹੇਠਲੇ ਕੰਮਾਂ ਉਪਰ ਜਾ ਲਗੇ ਸਨ। ਮਗਰੋਂ ਭਾਰਤੀ ਡਾਕਟਰ, ਅਧਿਆਪਕ, ਰੀਸਰਚ ਕਾਮੇ ਤੇ 'ਟੈਕਨੋਕਰੇਟ' ਵੀ ਉਥੋਂ ਮੁਤਾਬਿਕ ਸਸਤੇ ਅਤੇ ਇਥੋਂ ਅਨੁਸਾਰ ਪ੍ਰੀਵੀ-ਪਰਸਾਂ ਜਿਹੇ ਦਿਸਦੇ 'ਪੇ-ਪੈਕਟ' ਲੈਣ ਲਗੇ। ਇਨ੍ਹਾਂ ਪੂਰਾਂ ਵਿਚ ਦੇਸ ਵਿਚ ਜਨਮੇ ਕੁਝ ਲੇਖਕ, ਪਰਵਾਸੀ ਕਾਮੇ ਬਣ ਕੇ ਬਦੇਸਾਂ ਵਿਚ ਜਾ ਕੇ ਸਾਹਿਤ ਰਚਨਾ ਕਰਨ ਲਗੇ ਅਤੇ ਕੁਝ ਨੇ ਪਰਵਾਸੀ ਕਾਮਿਆਂ ਵਿਚ ਸਾਹਿਤਕ ਜਨਮ ਲੈ ਕੇ ਪਰਵਾਸੀ ਪੰਜਾਬੀ ਸਾਹਿਤ ਦੀ ਰਚਨਾ ਸ਼ੁਰੂ ਕੀਤੀ।

ਪਰਵਾਸੀ ਪੰਜਾਬੀ ਸਾਹਿਤ ਦੀਆਂ ਕੁਝ ਪਰਕਾਸ਼ਨ-ਸਥਿਤੀਆਂ ਹਨ:

ਬਰਤਾਨੀਆ ਵਿਚ ਕਮਾਇਆ ਇਕ ਪੌਂਡ ਭਾਰਤ ਵਿਚ 18 ਤੋਂ 21 ਰੁਪਏ, ਅਮਰੀਕੀ ਡਾਲਰ 8 ਤੋਂ 10 ਅਤੇ ਜਰਮਨ ਮਾਰਕ 3 ਤੋਂ 5 ਰੁਪਏ ਬਣ ਕੇ ਭਾਰਤ ਪਹੁੰਚਦਾ ਹੈ—ਜੇ ਇਹ ਸਾਧ ਰੂਪ ਵਿਚ ਬੈਂਕ ਰਾਹੀਂ ਆਵੇ। ਇੰਜ ਪੰਜਾਬੀ ਵਿਚ ਏਥੇ ਕਿਤਾਬ ਛਪਵਾਉਣ ਦਾ ਖ਼ਰਚਾ ਤਿਮਾਹੀ ਦੇ ਪਬ ਦੇ ਜਾਂ 'ਪਾਪ ਮਿਊਜ਼ਕ ਡਿਸਕਸ' ਦੇ ਖ਼ਰਚੇ ਜਾਂ ਇਕ ਕੈਸਿਟ ਟੇਪ ਰੀਕਾਰਡਰ ਜਾਂ ਇਕ 'ਟਰਨ-ਟੇਬਲ' ਦੀ ਕੀਮਤ ਜਿੰਨਾ ਬੈਠਦਾ ਹੈ। ਏਨਾ ਕੁ ਖ਼ਰਚਾ ਸਾਹਿਤਕ ਅਤੇ ਸਵੈ-ਪ੍ਰਗਟਾਵੇ ਦੀਆਂ ਰੁਚੀਆਂ ਵਾਲਾ ਪੰਜਾਬੀ ਪਰਵਾਸੀ ਆਰਾਮ ਨਾਲ ਸਹਿ ਗੁਜ਼ਰਦਾ ਹੈ। ਇੰਜ ਪਿਛਲੇ ਵਰ੍ਹਿਆਂ ਤੋਂ ਭਾਰਤ ਦੇ ਪੰਜਾਬੀ ਪ੍ਰਕਾਸ਼ਨਾਂ ਵਿਚ ਪਰਵਾਸੀ ਪੰਜਾਬੀ ਸਾਹਿਤ ਨੇ ਗਿਣਤੀ ਤੇ ਰੰਗ-ਰਸ ਵਲੋਂ ਵਾਧਾ ਕੀਤਾ ਹੈ।

ਭਾਰਤ ਦੇ ਕੁਝ ਪੰਜਾਬੀ ਲੇਖਕਾਂ ਨੂੰ ਇਹ ਪ੍ਰਕਾਸ਼ਣ, ਸੌਖੇ ਤੇ ਬਦੇਸੀ ਕਮਾਏ ਪੈਸੇ ਦੇ ਜ਼ੋਰ ਕੀਤੀ ਸਾਹਿਤਕ-ਘੁਸਪੈਂਠ ਜਾਂ 'ਲਿਟਰੇਰੀ ਇਨਵੈਸਟਮੈਂਟ' ਜਾਪੀ ਹੈ। ਘੁਸਪੈਂਠ ਹੋਵੇ ਜਾਂ 'ਪੂੰਜੀ ਸਫੂਰਤੀ' ਇਹ ਨਾ ਤਾਂ ਕੋਈ ਅਲੋਕਾਰ ਗੱਲ ਹੈ ਤੇ ਨਾ ਨਵੀਂ ਕਾਢ। ਭਾਰਤੀ ਪੰਜਾਬ ਵਿਚ ਕਈ ਪੰਜਾਬੀ ਲੇਖਕਾਂ ਨੇ ਪਾਠ-ਪੁਸਤਕੀ ਪ੍ਰਵਾਨਗੀ, ਯੂਨੀਵਰਸਟੀ ਤੇ ਰੇਡੀਓ ਦੀ ਨੌਕਰੀ ਜਾਂ ਪੇਸ਼ੇ ਤੇ ਪ੍ਰਸਿਧਤਾ ਦੀ ਸਨਦ ਵਜੋਂ, ਆਪ ਪੈਸੇ ਲਾ ਕੇ ਪੁਸਤਕ-ਪ੍ਰਕਾਸ਼ਣ ਦੀ ਪਿਰਤ ਪੰਜਾਹਵਿਆਂ ਤੋਂ ਪਾਈ ਹੋਈ ਹੈ। ਪਾਕਿਸਤਾਨ ਦੇ ਪੰਜਾਬੀ ਅਦੀਬਾਂ ਨੂੰ ਤਾਂ ਪੱਲਿਓਂ ਜ਼ਰ ਲਾ ਕੇ ਵੀ ਪ੍ਰਕਾਸ਼ਕ ਤੇ ਕੁਤਬ ਫਰੋਸ਼ ਨਹੀਂ ਮਿਲਦਾ।

ਪਰਵਾਸੀ ਪੰਜਾਬੀ ਸਾਹਿਤ ਦੇ ਪਰੇਰਨਾ-ਸਰੋਤ ਕੁਝ ਸਾਂਝੇ-ਸਮੁਚੇ ਤੇ ਕੁਝ ਪਰਵਾਸੀ ਜੀਵਨ ਦੀ ਦੇਣ ਹਨ:

ਪਰਵਾਸੀ ਲੇਖਕ ਮੁਖ ਰੂਪ ਵਿਚ ਦੇਸ ਦੀਆਂ ਆਰਥਕ ਸਥਿਤੀਆਂ ਤੋਂ ਮਜਬੂਰ ਹੋ ਕੇ ਤੇ ਇਕ ਹੱਦ ਤਕ ਸਮਾਜਕ ਤੇ ਮਾਨਸਿਕ ਮਜਬੂਰੀਆਂ ਕਾਰਨ ਬਾਹਰ ਗਿਆ ਹੈ। ਉਹ ਇਨ੍ਹਾਂ ਸਥਿਤੀਆਂ/ਮਜਬੂਰੀਆਂ ਤੋਂ ਸੁਚੇਤ ਵੀ ਹੈ ਤੇ ਇਨ੍ਹਾਂ ਦਾ ਆਲੋਚਕ ਵੀ।

ਨਾਲ ਹੀ 'ਪ੍ਰਾਹੁਣੇ ਕਿਰਤੀਆਂ'* ਨੂੰ ਆਪਣੇ ਮੇਜ਼ਬਾਨ ਦੇਸ ਵਿਚ ਆਵਾਸੀ ਕਾਨੂੰਨਾਂ, ਅਫ਼ਸਰਾਂ

---

* ਪਛਮੀ ਜਰਮਨੀ ਵਿਚ ਪਰਵਾਸੀ ਕਿਰਤੀ ਨੂੰ **Gast Arbeiter** ਅਰਥਾਤ 'ਪ੍ਰਾਹੁਣਾ ਕਾਮਾ' ਕਿਹਾ ਜਾਂਦਾ ਹੈ।



ਦੇ ਦੋਖੀ ਵਤੀਰੇ ਦਾ ਅਹਿਸਾਸ ਵੀ ਹੁੰਦਾ ਹੈ। ਇਨ੍ਹਾਂ ਦੇਸਾਂ ਦੀ ਆਰਥਕਤਾ ਦਾ ਕੰਬਲ ਏਨਾ ਭਿੱਜ ਚੁਕਾ ਹੈ ਕਿ ਉਹ ਆਪਣੇ ਦੇਸੀ ਕਿਰਤੀ ਨੂੰ ਵੀ ਕੰਮ ਦੇਣੋਂ ਅਸਮਰਥ ਹਨ। ਕਈ ਵਾਰ ਇਨ੍ਹਾਂ ਦੇਸਾਂ ਦੀਆਂ ਸਰਕਾਰਾਂ ਤੇ ਉਨ੍ਹਾਂ ਦੇ ਪਰਚਾਰ-ਪਰਸਾਰ ਮਾਧਿਅਮ, ਭਾਰਤੀ ਕਾਮਿਆਂ ਵਿਰੁਧ ਦੇਸੀ ਕਿਰਤੀਆਂ ਵਿਚ ਤੁਅੱਸਬ ਭਰ ਦੇਂਦੇ ਹਨ।

ਸਾਡਾ ਪਰਵਾਸੀ ਸਾਹਿਤ ਆਪਣੇ ਪਿਛੇ ਨੂੰ ਯਾਦ ਕਰਦਾ ਹੈ, ਹੁੱਬ ਕੇ ਵੀ ਤੇ ਵਿਓਗ ਵਿਚ ਵੀ। ਉਹ ਆਪਣੇ ਸੰਸਕਾਰਾਂ ਨੂੰ ਛਡ ਵੀ ਨਹੀਂ ਸਕਦਾ ਤੇ ਰਖ ਵੀ ਨਹੀਂ ਸਕਦਾ।

ਇਨ੍ਹਾਂ ਸਮਾਜਕ-ਮਾਨਸਿਕ ਪ੍ਰਸਥਿਤੀਆਂ ਨਾਲ ਸੰਬੰਧਤ ਵਿਸ਼ਿਆਂ ਨੂੰ ਸਾਹਿਤਿਆਉਣ ਨਾਲ ਵੀ ਪੰਜਾਬੀ ਸਾਹਿਤ ਦਾ ਅੰਤਰ-ਰਾਸ਼ਟਰੀਕਰਨ ਹੋਇਆ ਹੈ।

ਇਹ ਸਾਹਿਤ ਰਚਨਾ, ਆਪਣੇ ਦੇਸ, ਲੋਕਾਂ ਤੇ ਆਪਣੇ ਆਪ ਨੂੰ ਆਪਣੀ ਹੀ ਅੱਖ ਨਾਲ ਦੇਖਣ ਦਾ ਉਪਰਾਲਾ ਹੈ।

ਜੇ ਆਪਾ ਆਪਣੀ ਅੱਖੀਂ ਜਾਂ ਆਪਸਦਾਰੀ ਵਿਚ ਦੇਖਣ ਨਾਲ ਪਾਇਆ ਜਾ ਸਕਦਾ ਤਾਂ ਹਰ ਭਾਂਤ ਦੀ ਅੰਤਰਮੁਖ ਲਿਖਤ, ਮਹਾਨ ਕ੍ਰਿਤੀ ਵੀ ਹੁੰਦੀ ਤੇ ਰੱਬੀ ਬਾਣੀ ਵੀ।

ਪੰਜਾਬੀ ਪਰਵਾਸੀ ਸਾਹਿਤ ਵਧੇਰੇ ਕਰਕੇ ਉਤਮ ਪਰਖ ਵਿਚ ਚਿਤਵਿਆ ਅਤੇ ਉਤਮ ਤੇ ਮਧਮ ਪੁਰਖ ਵਿਚਕਾਰ ਲਿਖਿਆ ਗਿਆ ਹੈ। ਅਨਿਯ ਪੁਰਖ ਵਿਚ ਬਹੁਤ ਘਟ ਲਿਖਿਆ ਅਤੇ ਉਸ ਤੋਂ ਵੀ ਘਟ ਅਨੁਭਵ ਕੀਤਾ ਗਿਆ ਹੈ। ਅੰਤਰ-ਰਾਸ਼ਟਰੀ ਨਾਂ ਰਖ ਕੇ ਜਾਂ ਫੈਸ਼ਨ ਟੰਗ ਕੇ ਸਾਹਿਤਕ ਮੇਲਾਂ ਤੇ ਮੇਲਿਆਂ-ਗੋਸ਼ਟੀਆਂ ਵਿਚ ਅੰਤਰ-ਰਾਸ਼ਟਰੀ ਖ਼ਬਰ ਬਣਾਈ ਜਾ ਸਕਦੀ ਹੈ। ਅਜਿਹੇ ਸਮਾਗਮਾਂ ਵਿਚ ਅੰਤਰ-ਰਾਸ਼ਟਰੀ ਸਾਹਿਤਕ ਸੰਪਰਕ ਬਣਾਉਣੇ ਤੇ ਸੰਧੀਆਂ ਕਰਨੀਆਂ ਇਕ ਗੱਲ ਹੈ ਅਤੇ ਪੰਜਾਬੀ ਸਾਹਿਤ-ਰਚਨਾ ਨੂੰ ਅੰਤਰਰਾਸ਼ਟਰੀ ਦਿਸ਼ਾ ਦੇਣੀ ਦੂਜੀ ਗੱਲ ਹੈ।

ਅਜੋਕੇ ਪੰਜਾਬੀ ਸਾਹਿਤ ਨੂੰ ਪਰਵਾਸੀ ਪੰਜਾਬੀ ਸਾਹਿਤ ਅੰਤਰ-ਰਾਸ਼ਟਰੀ ਦਿਸ਼ਾ ਦੇ ਸਕਦਾ ਹੈ, ਮਨੁਖਵਾਦੀ ਬਣਾ ਸਕਦਾ ਹੈ ਜੇ ਉਹ ਮੇਜ਼ਬਾਨ ਧਰਤੀ ਦੇ ਲੋਕਾਂ ਤੇ ਸਭਿਆਚਾਰ ਵਿਚ ਨਿੱਠ ਕੇ ਬੈਠੇ ਅਤੇ ਉਥੋਂ ਦੇ ਆਮ ਲੋਕਾਂ ਦੀ ਅੱਖ ਵਿਚੋਂ ਵੀ ਆਪਣੇ ਆਪ ਨੂੰ ਦੇਖੇ। ਇਹ ਤਾਂ ਸਾਹਿਤ ਰਚਤਾ ਦੀ ਤਕਨੀਕ ਤੇ ਸੰਰਚਨਾ ਵਾਲੀ ਲੋੜ ਵੀ ਹੈ।

ਕੁਝ ਇਕ ਲੇਖਕਾਂ ਨੂੰ ਛਡ ਕੇ ਸਾਡੀ ਪਰਵਾਸੀ ਪੰਜਾਬੀ ਲੇਖਣੀ ਵਿਚਲਾ ਪਾਤਰ ਆਪਣੇ ਆਪ ਨੂੰ ਬਦੇਸ ਵਿਚ ਲੁਟ-ਚੋਂਘ ਦਾ ਸ਼ਿਕਾਰ, ਨਿਮਾਣਾ ਜਾਂ ਇਨਕਲਾਬੀ ਕਿਰਤੀ ਤਾਂ ਸਮਝਦਾ ਹੈ ਪਰ ਆਪਣੇ ਪਰਵਾਸੀ ਪੰਜਾਬੀ ਸਮਾਜ ਵਿਚ ਵਡੇ 'ਪੇ-ਚੈਕ' ਤੇ ਬੈਂਕ ਬੈਲੰਸ ਅਨੁਸਾਰ ਇਜ਼ਤ ਰਖਾਉਂਦਾ ਹੈ। ਦੇਸ ਵਿਚ ਚੰਗੀ-ਚੋਖੀ ਜ਼ਰ, ਜ਼ਨ ਤੇ ਜ਼ਮੀਨ ਲਈ ਤਾਂਘਦਾ ਹੈ।

ਮੇਜ਼ਬਾਨ ਦੇਸਾਂ ਦੇ ਆਮ ਲੋਕਾਂ ਦੀ ਗੋਦ ਵਿਚ ਬਹਿ ਕੇ ਉਨ੍ਹਾਂ ਦੀਆਂ ਆਰਥਕ ਤੇ ਸਭਿਅਕ ਦੋਹਾਂ ਅੱਖਾਂ ਵਿਚੋਂ ਅਜੇ ਪੰਜਾਬੀ ਲੇਖਕ ਨੇ ਆਪਣੇ ਆਪ ਤੇ ਆਪਣੀ ਬਰਾਦਰੀ ਨੂੰ ਦੇਖਣਾ ਸ਼ੁਰੂ ਨਹੀਂ ਕੀਤਾ।

ਬਿਗਾਨੇ ਦੇਸ ਦੇ ਆਰਥਕ ਜਾਂ ਸਭਿਅਕ ਦਾਬੇ ਤੋਂ ਆਪਣੇ ਧਰਮ ਦੀ ਸ਼ਰਣ ਲੈਣੀ ਜਾਂ ਸਭਿਅਕ ਵਿਰਸੇ ਦਾ ਝੰਡਾ ਚੁੱਕਣਾ, ਮਾੜਾ ਨਹੀਂ ਪਰ ਆਪਣੀ ਆਲ-ਉਲਾਦ ਨੂੰ ਸਮਝਣ ਦੀ ਥਾਂ ਉਸ ਦੀਆਂ ਖੁਲ੍ਹਾਂ ਨੂੰ ਨੱਥਣ ਲਈ ਧਰਮ ਜਾਂ ਸਭਿਅਤਾ ਦੀ ਦੁਹਾਈ ਦੇਣੀ ਨਾ ਕਾਰਗਰ ਹੈ ਅਤੇ ਨਾ ਹੀ ਸੋਭਦੀ ਹੈ।

ਪੰਜਾਬੀ ਪਰਵਾਸੀ ਲੇਖਣੀ ਨੇ ਆਪਣੀ ਕਵਿਤਾ, ਆਪਣੀ ਕਹਾਣੀ ਵਿਚ ਗੁਆਂਢ, ਕਿਰਤ-

ਸਾਥ ਤੋਂ ਲੈ ਕੇ ਬੱਕਲ ਵਿਚ ਆਏ ਗੋਰੇ ਜਾਂ ਗੋਰੀ ਨੂੰ ਸਮਝਣਾ ਸ਼ੁਰੂ ਕੀਤਾ ਹੈ । ਆਸ ਹੈ ਤੀਜੀ ਅੱਖ ਵਿਚੋਂ ਗੋਰੇ ਸਮਾਜ ਨੂੰ ਦੇਖਿਆ ਤੇ ਮੁੜ ਉਸੇ ਦੀ ਅੱਖ ਵਿਚੋਂ ਆਪੇ ਨੂੰ ਵੀ ਪਰਖਿਆ ਜਾਏਗਾ ।

ਉਤਰੀ ਭਾਰਤ ਦੇ ਪੰਜਾਬੀ ਲੇਖਕ, ਪੰਜਾਬੀ ਸਾਹਿਤ ਨੂੰ ਅਜਿਹਾ ਭਾਰਤੀ ਪੰਜਾਬੀ ਸਾਹਿਤ ਬਨਾਉਣ ਦੇ ਰਾਹ ਉਪਰ ਪਏ ਹਨ ਜਿਸ ਨੇ ਅਜੇ ਗੁਆਂਢੀ ਪ੍ਰਾਂਤਾਂ ਦੇ ਵੱਖਰ ਸਮੇਤ ਪ੍ਰਤੀਨਿਧ ਭਾਰਤੀ ਪੰਜਾਬੀ ਸਾਹਿਤ ਰਚਣਾ ਹੈ । ਪਾਕਿਸਤਾਨੀ ਪੰਜਾਬੀ ਅਦਬ ਦੀ ਤਖ਼ਲੀਕ ਅੰਤਰ-ਰਾਸ਼ਟਰੀ ਪੰਜਾਬੀ ਸਾਹਿਤ ਦੀ ਸਹਿ-ਰਚਕ ਹੋਵੇਗੀ ਅਤੇ ਭਾਰਤ ਦੀ ਵਰਤਮਾਨ ਪਰਵਾਸੀ ਰਚਨਾ ਆਪਣੀ ਬਹੁਪੱਖਤਾ, ਆਪਣੀ ਇਨਸਾਨ ਦੋਸਤੀ ਨਾਲ ਪੰਜਾਬੀ ਸਾਹਿਤ ਨੂੰ ਅੰਤਰ-ਰਾਸ਼ਟਰੀ ਰੂਪ ਦੇਵੇਗੀ ।

## ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ

1979 ਦੀਆਂ **ਸੇਧ** ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ । ਕੀਮਤ ਫੀ ਫਾਈਲ ਪੰਜੀ ਰੁਪੈ । ਰਕਮ ਮਨੀਆਰਡਰ ਦੁਆਰਾ ਭੇਜੋ । ਡਾਕ ਖ਼ਰਚ ਸਾਡਾ ਹੋਵੇਗਾ ।

## ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਿਹ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ । ਸਫ਼ੇ 200, ਸੁੰਦਰ ਦਿੱਖ, ਮੁਲ : 15 ਰੁਪੈ, 1.50 ਪੌਂਡ, 2.75 ਡਾਲਰ ।

## * ਸਾਹਿਤ ਦੀ ਸਮਝ

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ—ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ । ਇਹ ਪੁਸਤਕ ਸਾਹਿਤ-ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ । ਸਫ਼ੇ 340, ਪੱਕੀ ਜਿਲਦ, ਸਿਰਫ ਲਾਇਬਰੇਰੀ ਐਡੀਸ਼ਨ;
ਮੁਲ : ਪੰਦਰਾਂ ਰੁਪੈ ।

## ਸਿੱਖ ਲਹਿਰ

ਪ੍ਰੋ. ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ, ਉਸ ਦੇ ਜਮਾਤੀ ਪੈਂਤੜੇ ਅਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ । ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ
ਇਸ ਪੁਸਤਕ ਲਈ **ਸੇਧ** ਨੂੰ ਲਿਖੋ ।

**ਸੇਧ** ਦਾ ਸਾਲਾਨਾ ਚੰਦਾ ਜਾਂ ਲਾਈਫ਼-ਮੈਂਬਰੀ ਭੇਜਣ ਲਗਿਆਂ ਆਪਣੇ ਸਰਨਾਵੇਂ ਦੇ ਨਾਲ **PIN** ਨੰਬਰ ਵੀ ਲਿਖੋ ਅਤੇ ਚਿੱਠੀ-ਪਤਰ ਕਰਦੇ ਸਮੇਂ ਆਪਣੇ ਚਿੱਟ-ਨੰਬਰ ਦਾ ਹਵਾਲਾ ਜ਼ਰੂਰ ਦਿਉ । ਬੈਂਕ-ਡਰਾਫ਼ਟ ਸਿਰਫ **SEDH** ਦੇ ਨਾਂ ਹੀ ਹੋਣਾ ਚਾਹੀਦਾ ਹੈ । ਬੈਂਕ ਕੋਈ ਵੀ ਹੋਵੇ ।

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ । ਸੰਪਾਦਕ **ਸੇਧ** ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।



# ਲੇਖਕ / ਪਾਠਕ ਕਹਿੰਦੇ ਹਨ

o **ਅਦਾਰਾ ਸੇਧ** ਨੇ ਸੰਜੇ ਗਾਂਧੀ ਦੀ ਚੜ੍ਹਤ ਦੀ ਆਰਥਕ, ਸਮਾਜਕ, ਮਾਨਸਕ ਤੇ ਸਿਆਸੀ ਭੋਂ ਸਹੀ ਦੱਸੀ ਹੈ ਅਤੇ ਖੱਬੇ-ਪੱਖੀ ਤਾਕਤਾਂ ਨੂੰ ਕੀ ਕਰਨਾ ਚਾਹੀਦਾ ਹੈ ਇਸ ਵਲ ਵੀ ਧਿਆਨ ਦਵਾਇਆ ਹੈ । ਇਸ ਪ੍ਰਸੰਗ ਵਿਚ ਕੁਛ ਹੋਰ ਤੱਥਾਂ ਵਲ ਧਿਆਨ ਦਵਾਉਣਾ, ਅਜ ਦੀ ਸਥਿਤੀ ਨੂੰ ਜ਼ਰਾ ਇਕ ਹੋਰ ਨੁਕਤੇ ਤੋਂ ਇਤਿਹਾਸਕ ਤੌਰ 'ਤੇ ਵੇਖਣਾ ਸ਼ਾਇਦ ਬੇਲੋੜਾ ਨਹੀਂ ।

ਬਰਤਾਨਵੀ ਸਾਮਰਾਜ ਦੇ ਵਿਰੁਧ ਤੇ ਨਾਲ ਹੀ ਸਥਾਨਕ ਫਿਊਡਲ ਦੇ ਵਿਰੁਧ ਸਾਡੀ ਬੁਰਜੁਆ ਆਜ਼ਾਦੀ ਵਾਸਤੇ ਜਦੋ-ਜਹਿਦ (ਬੁਰਜੁਆ ਜਮਹੂਰੀ ਇਨਕਲਾਬ) ਉਸ ਵਕਤ ਆਈ (ਤੇ ਆ ਹੀ ਉਸ ਵਕਤ ਸਕਦੀ ਸੀ) ਜਦੋਂ ਸੰਸਾਰ ਸਰਮਾਏਦਾਰੀ ਆਪਣੀ ਚੜ੍ਹਤ ਵਿਚ ਨਹੀਂ ਸੀ ਰਹੀ ਤੇ ਆਪਣੇ ਢਹਿਣ ਦੇ ਵੇਗ ਵਿਚ ਆ ਚੁਕੀ ਸੀ । ਸੰਸਾਰ ਸਟੇਜ 'ਤੇ ਸਮਾਜਵਾਦੀ ਇਨਕਲਾਬ ਸਿਰਫ਼ ਇਤਿਹਾਸਕ ਏਜੰਡੇ ਉਤੇ ਹੀ ਨਹੀਂ ਬਲਕਿ ਅਮਲੀ ਤੌਰ 'ਤੇ ਵੀ ਆ ਚੁਕਾ ਸੀ । ਸੰਸਾਰ ਦੀ ਇਸ ਸਥਿਤੀ ਦਾ ਅਰਥ ਕੀ ਹੈ ? ਅਰਥ ਇਹ ਹੈ ਕਿ ਸਾਮਰਾਜ ਦੇ ਹੇਠ ਆਇਆਂ, ਉਸਦੀਆਂ ਬਸਤੀਆਂ ਆਦਿ ਬਣੇ ਮੁਲਕਾਂ ਦੀ ਕੌਮੀ ਆਜ਼ਾਦੀ ਦਾ ਰਾਹ ਡਾਇਲੈਕਟਿਕ ਤੌਰ 'ਤੇ ਖੁਲ੍ਹਿਆ ਹੈ ਤੇ ਇਸ ਡਾਇਲੈਕਟਿਕ ਦੇ ਜੁਜ਼ ਜਨ—ਇਕ ਪਾਸੇ ਬੁਰਜੁਆ ਪੈਂਤੜਾ ਤੇ ਦੂਸਰੇ ਪਾਸੇ ਪਰੋਲਤਾਰੀ ਪੈਂਤੜਾ । ਮਤਲਬ ਹੈ ਕਿ ਪੈਦਾ ਹੋਈ ਸਥਿਤੀ ਨੇ ਦੋਹਾਂ ਪੈਂਤੜਿਆਂ ਨੂੰ ਰਾਹ ਦਿੱਤਾ । ਸਾਮਰਾਜ ਦੇ ਵਿਰੁਧ ਆਜ਼ਾਦੀ ਦੀ ਜੰਗ ਬੁਰਜੁਆ ਪੈਂਤੜੇ ਤੋਂ ਵੀ ਲੜੀ ਜਾ ਸਕਦੀ ਸੀ ਅਤੇ ਪਰੋਲਤਾਰੀ ਦੇ ਪੈਂਤੜੇ ਤੋਂ ਵੀ, ਉਸ ਦੀ ਅਗਵਾਈ ਹੇਠ ਵੀ । ਮਤਲਬ ਇਹ ਕਿ ਰਾਹ ਬੁਰਜੁਆ ਜਮਹੂਰੀ ਇਨਕਲਾਬ (ਜਿਹੋ ਜਿਹਾ ਇਤਿਹਾਸਕ ਹਾਲਾਤ ਵਿਚ ਮੁਮਕਿਨ ਸੀ) ਨੂੰ ਵੀ ਸੀ ਅਤੇ ਨਵੇਂ ਬੁਰਜੁਆ ਜਮਹੂਰੀ ਇਨਕਲਾਬ ਨੂੰ ਵੀ ।

ਬੁਰਜੁਆ ਇਨਕਲਾਬ ਦੇ ਨਾਲ ਹੀ ਨਵੇਂ ਬੁਰਜੁਆ ਇਨਕਲਾਬ ਨੂੰ ਰਾਹ ਮਿਲਣ ਦਾ ਅਰਥ ਕੀ ਹੈ ? ਅਰਥ ਹੈ ਕਿ ਸਾਮਰਾਜ ਦੀਆਂ ਬਸਤੀਆਂ ਆਦਿ ਬਣ ਚੁਕੇ ਮੁਲਕਾਂ ਵਿਚ ਉਠ ਰਹੀ ਬੁਰਜੁਆਜ਼ੀ ਜਨਮੋਂ ਹੀ ਅਧਰੰਗ ਦੀ ਮਾਰੀ ਹੋਈ ਸੀ ਅਤੇ ਇਤਿਹਾਸਕ ਹਾਲਾਤ ਦੀ ਮਾਰੀ, ਮਾਰ ਹੀ ਉਸ ਨੂੰ ਐਸੀ ਵਗੀ ਹੋਈ ਸੀ ਕਿ ਉਹ ਆਪਣਾ ਇਤਿਹਾਸਕ ਰੋਲ ਪੂਰੀ ਤਰ੍ਹਾਂ ਅਦਾ ਕਰਨੋਂ ਅਸਮਰਥ ਸੀ । ਇਤਿਹਾਸਕ ਹਾਲਾਤ ਦੇ ਪ੍ਰਸੰਗ ਵਿਚ ਉਸ ਦੇ ਪੈਂਤੜੇ ਦੀ ਹੱਦਬੰਦੀ ਸੀ ਕਿ ਉਹ ਆਪਣੀ ਆਰਥਕਤਾ ਨੂੰ ਸਾਮਰਾਜ ਦੇ ਪੰਜੇ 'ਚੋਂ ਪੂਰੇ ਤੌਰ 'ਤੇ ਆਜ਼ਾਦ ਕਰਵਾ ਹੀ ਨਹੀਂ ਸੀ ਸਕਦੀ । ਆਜ਼ਾਦ ਹੋ ਕੇ ਵੀ ਆਪਣੇ ਮੁਲਕ ਦੀ ਸਨਅਤੀ ਉਸਾਰੀ ਸਾਮਰਾਜ ਦੇ ਦਾਇਰੇ ਦੇ ਅੰਦਰ ਅੰਦਰ ਹੀ ਉਸ ਦੀ ਮਾਰ ਦੇ ਅਧੀਨ, ਇਕਵਾਸੀ, ਕਾਣੀ ਸਾਣੀ, ਲੰਗੜੀ ਲੂਲ੍ਹੀ **distorted**, ਕਰ ਸਕਦੀ ਸੀ ।

ਜਿਸ ਤਰ੍ਹਾਂ ਦੀ ਯੂਰਪ ਦੇ ਪਛਮੀ ਮੁਲਕਾਂ ਵਿਚ ਉਠਦੀ ਬੁਰਜੁਆਜ਼ੀ ਨੇ ਸਮਾਜ ਦੀ ਚੁਫੇਰਿਉਂ ਸਨਅਤੀ ਉਸਾਰੀ ਕੀਤੀ ਸੀ, ਤੇ ਜੋ ਆਪਣੇ ਆਪ, ਆਪਣੇ ਪੈਰਾਂ ਸਿਰ ਵਧਦੀ ਤੁਰੀ ਗਈ ਸੀ

ਉਸ ਤਰ੍ਹਾਂ ਦੀ ਉਸਾਰੀ ਕਰਨੀ ਪਛੜੀ ਹੋਈ ਬੁਰਜੂਆਜ਼ੀ ਦੀ ਸਮਰੱਥਾ ਤੋਂ ਬਾਹਰ ਸੀ। ਇਸ ਦੀ ਉਸਾਰੀ ਆਰਥਕਤਾ ਦਾ ਸਾਮਰਾਜ 'ਤੇ ਨਿਰਭਰ ਰਹਿਣਾ ਲਾਜ਼ਮੀ ਸੀ। ਉਹ ਆਪਣੇ ਪੈਰਾਂ 'ਤੇ ਖੜੋ ਕੇ, ਆਪਣੇ ਆਪ ਵਧਣ ਫੁਲਣ ਵਾਲੀ ਬਣ ਹੀ ਨਹੀਂ ਸੀ ਸਕਦੀ। ਉਹ ਆਪਣੇ ਮੁਲਖੱਈਏ ਦਾ ਕੁਝ ਸਵਾਰਨੋਂ ਵੀ ਅਸਮਰੱਥ ਸੀ। ਲੋਕਾਂ ਵਾਸਤੇ ਰੋਜ਼ਗਾਰਾਂ ਦਾ ਰਾਹ ਖੋਲ੍ਹਣਾ, ਮਤਲਬ ਹੈ ਆਪਣੇ ਮਾਲ ਦੀ ਵਿਕਰੀ ਵਾਸਤੇ ਆਪਣੇ ਘਰ ਦੀ ਮੰਡੀ ਨੂੰ ਵਜੂਦ ਵਿਚ ਲਿਆਉਣਾ ਉਸ ਦੇ ਵੱਸ ਤੋਂ ਬਾਹਰਾ ਸੀ। ਉਹ ਸਨਅਤ ਉਸਾਰੀ ਕਰ ਸਕਦੀ ਸੀ ਆਪਣੀ ਵਸੋਂ ਦੀ ਉਪਰਲੀ ਦਸ ਫੀ ਸਦੀ ਦੀਆਂ ਲੋੜਾਂ ਵਾਸਤੇ (ਖ਼ਰੀਦਣ ਨੂੰ ਪੈਸੇ ਹੀ ਸਿਰਫ ਉਸ ਕੋਲ ਜੁ ਹੋਏ), ਆਪਣੀ ਹਕੂਮਤ ਦੀਆਂ ਲੋੜਾਂ ਵਾਸਤੇ ਅਤੇ ਮਾਲ ਨੂੰ ਦਸੌਰ ਭੇਜਣ ਵਾਸਤੇ। ਮੁਕਦੀ ਗੱਲ ਇਹ ਕਿ ਬੁਰਜੂਆ ਪੈਂਤੜਾ ਮੁਲਕ ਨੂੰ ਕਲੋਨੀਅਲ ਸਟੇਜ ਤੋਂ ਚੁਕ ਕੇ ਨਿਉਕਲੋਨੀਅਲ ਸਟੇਜ 'ਤੇ ਹੀ ਲਿਜਾ ਸਕਦਾ ਹੈ। ਇਸ ਤੋਂ ਅੱਗੇ ਲਿਜਾਣ ਦੀ ਉਸ ਵਿਚ ਨਾ ਸਮਰੱਥਾ ਹੈ, ਨਾ ਹੋ ਹੀ ਸਕਦੀ ਹੈ। ਦੂਸਰੇ ਪਾਸੇ ਤੋਂ ਨਵਾਂ ਜਮਹੂਰੀ ਇਨਕਲਾਬ ਸਾਮਰਾਜ ਦੀ ਮੁਖ਼ਾਲਫ਼ਤ ਮੁਢੋਂ ਲਗ ਕੇ ਧੁਰ ਤਕ ਕਰਦਾ ਹੈ। ਇਹ ਪਰੋਲਤਾਰੀ-ਸਮਾਜਵਾਦੀ ਇਨਕਲਾਬ ਦਾ ਅੰਗ ਹੈ। ਆਪਣੇ ਘਰ ਵਿਚ ਇਹ ਪਰੋਲਤਾਰੀ ਦੀ ਲੀਡਰਸ਼ਿਪ ਦੇ ਅਧੀਨ ਇਕ ਪਾਸੇ ਤੋਂ ਸਰਮਾਏਦਾਰੀ ਉਸਾਰਦਾ ਹੈ ਅਤੇ ਨਾਲ ਹੀ ਨਾਲ ਦੂਸਰੇ ਪਾਸੇ ਤੋਂ ਸਮਾਜਵਾਦ ਵਾਸਤੇ ਰਾਹ ਬਣਾਉਂਦਾ ਹੈ। ਬੁਰਜੂਆ ਜਮਹੂਰੀ ਇਨਕਲਾਬ ਬੁਰਜੂਆਜ਼ੀ ਦਾ ਇਨਕਲਾਬ ਹੈ ਅਤੇ ਨਵਾਂ ਬੁਰਜੂਆ ਜਮਹੂਰੀ ਇਨਕਲਾਬ ਪਰੋਲਤਾਰੀ ਦੀ ਲੀਡਰਸ਼ਿਪ ਦੇ ਅਦੀਨ ਮੁਲਖੱਈਏ ਦਾ ਇਨਕਲਾਬ ਹੈ।

ਡਾਇਲੈਕਟਿਕ ਸਥਿਤੀ ਵਿਚ ਇਨਕਲਾਬ ਕਿਹੜੇ ਰਾਹੇ ਪੈਂਦਾ ਹੈ ਇਹ ਬਹੁਤ ਸਾਰੀਆਂ ਤਾਕਤਾਂ ਦੇ ਆਪਸ ਵਿਚ ਤਵਾਜ਼ਨ 'ਤੇ ਮੁਨਹੱਸਰ ਹੈ। ਇਸ ਫ਼ੈਸਲੇ ਵਿਚ ਇਹ ਵੀ ਤੱਥ ਅਰਥ ਭਰਪੂਰ ਹੈ ਕਿ ਬੁਰਜੂਆਜ਼ੀ ਦਲਾਲ ਹੈ ਜਾਂ ਸਨਅਤੀ। ਮਤਲਬ ਹੈ ਕਿ ਬੁਰਜੂਆਜ਼ੀ ਕਿਸ ਹੱਦ ਤਕ ਸਾਮਰਾਜ ਦੇ ਵਿਰੁਧ ਡੱਟਣ ਨੂੰ ਤਿਆਰ ਹੈ। ਤੇ ਨਾਲ ਹੀ ਹੈ **Subjective Factor** ਦੋਹਾਂ ਪੈਂਤੜਿਆਂ ਦੀ ਸਿਆਸੀ ਲੀਡਰਸ਼ਿਪ, ਉਹਨਾਂ ਦੀ ਸਮਾਜ ਦੀ ਡਾਇਲੈਕਟਿਕ ਬਾਬਤ ਸਮਝ ਤੇ ਉਹਨਾਂ ਦੀ ਆਪੋ ਆਪਣੇ ਵਾਸਤੇ ਪੈਦਾ ਕੀਤੀ ਤਾਕਤ ਦਾ ਤਵਾਜ਼ਨ। ਇਸ ਸਥਿਤੀ ਵਿਚ **ਸਾਡਾ ਪਰੋਲਤਾਰੀ ਦਾ ਪੈਂਤੜਾ ਤੇ ਉਸ ਦੀ ਸਿਆਸੀ ਲੀਡਰਸ਼ਿਪ, ਮਾਰਕਸਵਾਦੀ ਲੀਡਰਸ਼ਿਪ ਬਹੁਤ ਹੀ ਨਾਕਸ ਸਾਬਤ ਹੋਈ ਹੈ।** ਕਿਸੇ ਪਾਸੇ ਤੋਂ ਵੀ ਹਾਲਾਤ ਦੇ ਹਾਣੀ ਨਹੀਂ ਹੋ ਪਾਈ। ਇਹ ਕਹਿਣਾ ਸ਼ਾਇਦ ਗ਼ਲਤ ਨਹੀਂ ਹੈ ਕਿ ਸਾਡੀ ਮਾਰਕਸਵਾਦੀ ਲੀਡਰਸ਼ਿਪ ਨੂੰ ਬੁਨਿਆਦੀ ਤੱਥ ਦੀ ਵੀ ਸਮਝ ਨਾ ਆਈ ਕਿ ਸਥਿਤੀ ਨਵੇਂ ਬੁਰਜੂਆ ਜਮਹੂਰੀ ਇਨਕਲਾਬ ਨੂੰ ਰਾਹ ਦੇ ਰਹੀ ਹੈ। ਉਸ ਨੇ ਆਜ਼ਾਦੀ ਦੀ ਜਦੋ-ਜਹਿਦ ਵਿਚ ਆਪਣਾ ਆਜ਼ਾਦ ਪੈਂਤੜਾ ਸਥਾਪਤ ਕਰਨ ਦੀ, ਉਸ ਤੋਂ ਵਸੋਂ ਨੂੰ ਲਗਾਤਾਰ ਚੇਤਨਤਾ ਦੇਈ ਜਾਣ ਦੀ ਅਹਿਮੀਅਤ ਹੀ ਨਾ ਸਮਝੀ। ਆਜ਼ਾਦੀ ਦੀ ਜਦੋ-ਜਹਿਦ ਵਿਚ ਪਹਿਲ-ਕਦਮੀ ਉਸ ਦੇ ਲਾਗਿਉਂ ਦੀ ਵੀ ਨਾ ਲੰਘੀ। ਉਸ ਦੇ ਮੁਕਾਬਲੇ 'ਤੇ ਸਾਡੇ ਬੁਰਜੂਆ ਪੈਂਤੜੇ ਦੀ ਲੀਡਰਸ਼ਿਪ, ਮਹਾਤਮਾ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਦੀ ਲੀਡਰਸ਼ਿਪ ਬਹੁਤ ਸਮਝਦਾਰ ਤੇ ਹੁਸ਼ਿਆਰ ਸਾਬਤ ਹੋਈ। ਮੁਢੋਂ ਲਗ ਕੇ ਅਖੀਰ ਤਕ ਉਸ ਨੇ ਪਹਿਲ-ਕਦਮੀ ਆਪਣੇ ਹੱਥੋਂ ਖਿਸਕਣ ਨਾ ਦਿਤੀ। ਆਜ਼ਾਦੀ ਦੀ ਜਦੋ-ਜਹਿਦ ਨੂੰ ਐਨ ਆਪਣੇ ਨਿਸ਼ਾਨੇ ਦੇ ਅਧੀਨ ਰੱਖਿਆ। ਪਰੋਲਤਾਰੀ ਦੇ ਪੈਂਤੜੇ ਦੀ ਲੀਡਰਸ਼ਿਪ ਦੇ ਤਾਂ ਉਸ ਨੇ ਪੈਰ ਹੀ ਨਾ ਲਗਣ ਦਿੱਤੇ। ਸੋ ਤਾਕਤ ਕਾਂਗਰਸ ਦੇ ਹੱਥ ਆਈ। ਆਜ਼ਾਦੀ ਆਉਣ 'ਤੇ ਪਰੋਲਤਾਰੀ ਦਾ ਪੈਂਤੜਾ,



ਮਾਰਕਸਵਾਦੀ ਲੀਡਰਸ਼ਿਪ ਕਿਸੇ ਗਿਣਤੀ ਵਿਚ ਹੀ ਨਹੀਂ ਸੀ।

ਜੇ ਮਾਰਕਸਵਾਦੀ ਲੀਡਰਸ਼ਿਪ ਆਜ਼ਾਦੀ ਦੀ ਜਦੋ-ਜਹਿਦ ਨੂੰ ਨਵਾਂ ਜਮਹੂਰੀ ਇਨਕਲਾਬ ਬਣਾਉਣ ਦੀ ਲਗਾਤਾਰ ਸਿਰਤੋੜ ਕੋਸ਼ਿਸ਼ ਕਰਦੀ, ਮੁਮਕਿਨ ਹੈ ਉਹ ਕਾਮਯਾਬ ਫੇਰ ਵੀ ਨਾ ਹੁੰਦੀ। ਪਰ ਨਾਕਾਮਯਾਬੀ ਦੀ ਹਾਲਤ ਵਿਚ ਵੀ ਇਹ ਅਸਰ ਜ਼ਰੂਰ ਹੋ ਜਾਂਦਾ ਕਿ ਮੁਲਕ ਦੀ ਵਸੋਂ ਦੇ ਜ਼ਿਹਨ ਵਿਚ ਪਰੋਲਤਾਰੀ ਦੇ ਪੈਂਤੜੇ ਦਾ ਚਿਤਰ ਘਰ ਕਰ ਜਾਂਦਾ ਅਤੇ ਇਸ ਉਤੇ ਬਦਲਦੇ ਹਾਲਾਤ ਅਨੁਸਾਰ ਮਾਰਕਸਵਾਦੀ ਲੀਡਰਸ਼ਿਪ ਆਪਣੀ ਸਿਆਸਤ ਨਾਲ ਉਸਾਰੀ ਕਰੀ ਆਉਂਦੀ।

ਨਹਿਰੂ ਹਕੂਮਤ ਨੇ ਪਬਲਿਕ ਸੈਕਟਰ ਵਿੱਢਿਆ ਸੀ। ਹੈ ਸੀ ਉਹ ਸਟੇਟ ਸੈਕਟਰ ਅਤੇ ਸਟੇਟ ਸੀ ਬੁਰਜੂਆ। ਸੋ ਉਹ ਪਬਲਿਕ ਸੈਕਟਰ ਵੀ ਬੁਰਜੂਆ ਸਟੇਟ ਸੈਕਟਰ ਸੀ। ਪਰ ਮਾਰਕਸਵਾਦੀ ਲੀਡਰਸ਼ਿਪ ਨੇ ਉਸ ਦਾ ਅਸਲਾ ਨਾ ਵਕਤ ਸਿਰ ਸ਼ਾਇਦ ਆਪ ਸਮਝਿਆ ਤੇ ਨਾ ਹੀ ਮੁਲਖੱਈਏ ਨੂੰ ਸਮਝਾਇਆ। ਮੁਲਕ ਦੀ ਵਸੋਂ ਨੇ ਬਹੁਤ ਹੱਦ ਤਕ ਉਸਨੂੰ ਸਮਾਜਵਾਦੀ ਸੈਕਟਰ ਹੀ ਸਮਝਿਆ...ਸਨਅਤੀ ਉਸਾਰੀ ਦਾ ਸਮਾਜਵਾਦੀ ਰਾਹੇ ਤੁਰਨ ਦਾ ਸ਼ੁਰੂ, ਉਸਦਾ ਇਕਰਾਰ ਤੇ ਉਸ ਦਾ ਸਬੂਤ। ਮੁਲਕ ਦੀ ਵਸੋਂ ਬਹੁਤ ਹੱਦ ਤਕ ਇਸ ਭੁਲੇਖੇ ਦੀ ਸ਼ਿਕਾਰ ਹੋਈ ਕਿ ਨਹਿਰੂ ਉਪਰੋਂ ਹੀ ਸਮਾਜਵਾਦ ਲਿਆ ਰਿਹਾ ਹੈ।

ਜਦੋਂ ਯੂਰਪ ਦੇ ਪੱਛਮੀ ਮੁਲਕਾਂ ਦੀ ਬੁਰਜੂਆਜ਼ੀ ਨੇ ਪੈਰ ਸੰਭਲੇ ਤੇ ਉਸਨੇ ਫਿਊਡਲ ਨੂੰ ਇਨਕਲਾਬੀ ਤੌਰ 'ਤੇ ਵੰਗਾਰਿਆ ਤਾਂ ਸਮਾਜਕ ਵੇਗ ਨੇ ਆਪਣੇ ਹੱਡ-ਖਲਾਸ ਹੁੰਦੇ ਮਹਿਸੂਸ ਕੀਤੇ। ਬੁਰਜੂਆਜ਼ੀ ਦੇ ਲਿਆਂਦੇ ਇਨਕਲਾਬ ਦੇ ਵੇਗ ਨੇ ਇਸ ਦੀਆਂ ਸੁੱਤੀਆਂ ਕਲਾ ਜਗਾਈਆਂ। ਮੁਲਖੱਈਏ ਨੇ ਇਸ ਦਾ ਰੱਜ ਕੇ ਸਾਥ ਦਿਤਾ। ਇਸ ਇਨਕਲਾਬ ਨੇ ਮਹਾਨ ਮਾਨਵਵਾਦ ਨੂੰ ਜਨਮ ਦਿਤਾ। ਇਸ ਦੇ ਲਿਆਂਦੇ ਇਨਕਲਾਬ ਦੇ ਵੇਗ ਨੇ ਜ਼ਿੰਦਗੀ ਦੇ, ਮਨੁਖ ਜਾਤੀ ਦੇ, ਸਮਾਜ ਦੇ ਭਵਿਖ ਦੇ ਉਹ ਸੰਕਲਪ ਉਭਾਰੇ ਜਿਨ੍ਹਾਂ ਨੇ ਇਸ ਦੇ ਵਧੀਆ ਅੰਸਰ ਨੂੰ ਵੰਗਾਰਿਆ। ਉਸ ਅੰਸਰ ਨੇ ਉਸ ਵੰਗਾਰ ਨੂੰ ਮਰਦਾਂ ਵਾਂਗ ਹੁੰਗਾਰਾ ਦਿਤਾ। ਉਹ ਅੰਸਰ ਉਹਨਾਂ ਆਦਰਸ਼ਾਂ ਵਾਸਤੇ ਮਰਦਾਂ ਵਾਂਗ ਜੀਵਿਆ ਤੇ ਮਰਦਾਂ ਦੀ ਮੌਤ ਮਰਿਆ। ਇਨਕਲਾਬ ਦੇ ਵੇਗ ਨੇ ਮਨੁਖੀ ਅਮਲ ਵਾਸਤੇ ਮੈਦਾਨ ਵਸੀਹ ਕੀਤਾ। ਬੰਦੇ ਮਿਲੇ ਮੌਕੇ ਦੇ ਹਾਣੀ ਹੋਏ ਅਤੇ ਉਹਨਾਂ ਦਬਾ ਦਬ ਕੱਦ ਕੀਤੇ। ਮਰਦਾਂ ਦੀ ਕਰਨੀ ਕਰਦਿਆਂ ਦੇ, ਸਵੈਸਫਲਤਾ ਨੇ ਕਦਮ ਚੁੰਮੇ। ਉਹ ਸਫਲ ਹੋਈ ਜ਼ਿੰਦਗੀ ਦੇ ਅਹਿਸਾਸ ਨਾਲ ਜੀਵੇ ਅਤੇ ਥਾਂ ਸਿਰ ਲੱਗੀ ਜ਼ਿੰਦਗੀ ਦੇ ਭਰਵੇਂ ਵਿਸ਼ਵਾਸ ਨਾਲ ਐਥੋਂ ਵਿਦਾ ਹੋਏ। ਪਰ ਉਸ ਵੇਗ ਦੀ ਇਹ ਕਰਨੀਂ ਸਿਰਫ਼ ਉਨਾ ਚਿਰ ਸੀ ਜਿੰਨਾ ਚਿਰ ਬੁਰਜੂਆਜ਼ੀ ਆਪਣੇ ਇਨਕਲਾਬ ਨਾਲ ਆਜ਼ਾਦੀ ਦਾ ਦਾਇਰਾ ਵਿਸ਼ਾਲ ਕਰ ਰਹੀ ਸੀ।

ਬੁਰਜੂਆਜ਼ੀ ਦੀ ਆਜ਼ਾਦੀ ਦਾ ਅਸਲਾ ਬੰਦੇ ਦੀ ਆਜ਼ਾਦੀ ਨਹੀਂ; ਉਸ ਦੇ ਸਰਮਾਏ ਦੀ ਆਜ਼ਾਦੀ ਹੈ। ਸੋ ਇਸ ਦੇ ਲਿਆਂਦੇ ਇਨਕਲਾਬ ਦਾ ਬੁਨਿਆਦੀ ਦੁਖਾਂਤ ਹੈ ਕਿ ਇਕ ਪਾਸੇ ਤੋਂ ਇਹ ਬੰਦੇ ਦੀ ਆਜ਼ਾਦੀ ਦੀਆਂ, ਉਸ ਦੀ ਬੰਦਿਆਈ ਦੀਆਂ ਆਸਾਂ, ਉਮੀਦਾਂ, ਸੱਧਰਾਂ ਜਗਾਉਂਦਾ ਹੈ ਅਤੇ ਦੂਸਰੇ ਪਾਸੇ ਤੋਂ ਬੁਰਜੂਆ ਵੇਗ ਦੀ ਨਿਰਦੱਈ ਅਸਲੀਅਤ ਉਹਨਾਂ ਜਾਗੀਆਂ ਆਸਾਂ, ਉਮੀਦਾਂ, ਸੱਧਰਾਂ ਦਾ ਸਾਹ ਪੀਂਦੀ ਹੈ ਅਤੇ ਉਹਨਾਂ ਨੂੰ ਲੀਰੋ ਲੀਰ ਕਰ ਕੇ ਹੀ ਬਸ ਕਰਦੀ ਹੈ। ਬੁਰਜੂਆ ਵੇਗ ਵਿਚ ਬੰਦੇ ਦੀ ਮਰਦਾਨਗੀ, ਉਸ ਦੀ ਪਾਕੀਜ਼ਗੀ, ਬੰਦਿਆਈ, ਨੇਕੀ ਈਮਾਨਦਾਰੀ, ਵਫ਼ਾਦਾਰੀ, ਆਜ਼ਾਦੀ, ਪਿਆਰ, ਮਨੁਖੀ ਹਮਦਰਦੀ, ਦੋਸਤੀ—ਐਸੀ ਕਿਸੇ ਚੀਜ਼ ਵਾਸਤੇ ਕੋਈ

ਥਾਂ ਨਹੀਂ ਹੈ। ਬੰਦੇ ਦੀ ਬੰਦਿਆਈ ਦੀਆਂ ਸਭ ਖਾਸੀਅਤਾਂ ਵਾਸਤੇ **frustration** ਦਾ ਮੂੰਹ ਖੁਲ੍ਹਾ ਹੈ। ਇਸ ਦੇ ਵੇਗ ਵਿਚ ਰਾਹ ਮੋਕਲਾ ਹੈ ਦੁਨੀਆਂ ਭਰ ਦੇ ਔਗਣਾਂ ਵਾਸਤੇ, ਅਪੁਠਪੁਣੇ ਵਾਸਤੇ, ਸਭ ਕਿਸਮਾਂ ਦਿਆਂ ਉਪੱਦਰਾਂ ਵਾਸਤੇ। ਉਂਜ ਤਾਂ ਸਮਾਜ ਦਾ ਜਮਾਤੀ ਅੰਗ ਆਪਣੇ ਜਨਮ ਤੋਂ ਹੀ ਬੰਦੇ ਨੂੰ ਆਰਥਕ ਮਨੁਖ ਬਣਾਉਣ ਦੀ ਹਰ ਮੁਮਕਿਨ ਕੋਸ਼ਿਸ਼ ਕਰਦਾ ਆਇਆ ਹੈ, ਪਰ ਬੁਰਜੁਆ ਵੇਗ ਨੇ ਤਾਂ ਬੰਦੇ ਨੂੰ ਬੰਦੇ ਦਾ ਪੁੱਤ ਰਹਿਣ ਹੀ ਨਹੀਂ ਦਿੱਤਾ। ਉਸ ਨੂੰ ਸੋਲ੍ਹਾਂ ਆਨੇ ਪੈਸੇ ਦਾ ਪੁੱਤ ਬਣਾ ਧਰਿਆ ਹੈ। ਬੰਦਿਆਂ ਵਾਲੀ ਗੱਲ ਉਸ ਦੇ ਵਿਚ ਸੌਂਹ ਖਾਣ ਨੂੰ ਵੀ ਰਹਿਣ ਨਹੀਂ ਦਿੱਤੀ। ਇਸ ਨੂੰ ਦੌਲਤ ਦੇ ਲਾਲਚ ਦਾ ਪੁਤਲਾ, ਕਠੋਰ ਖੁਦਗਰਜ਼ੀ ਦਾ ਮੁਜੱਸਮਾ, ਆਪਣੇ ਮਤਲਬ ਦਾ ਯਾਰ, ਹੱਦ ਦਰਜੇ ਦਾ ਕੋਰਾ ਬਣਾ ਤੋਰਿਆ ਹੈ। ਇਸ ਦੀ ਫ਼ਿਤਰਤ ਹੀ ਐਸੀ ਬਣਾ ਦਿੱਤੀ ਹੈ ਕਿ ਇਸ ਨੂੰ ਸਵਾਏ ਕਮੀਨਗੀ, ਬੇਵਫ਼ਾਈ, ਨਾਸ਼ੁਕਰੇਪਨ, ਮੌਕਾਪ੍ਰਸਤੀ, ਮੱਕਾਰੀ, ਧੋਖੇਬਾਜ਼ੀ, ਸੀਨਾਜ਼ੋਰੀ ਤੇ ਵਹਿਸ਼ਤ ਦੇ ਹੋਰ ਕੁਝ ਸੁਖਾਂਦਾ ਹੀ ਨਹੀਂ।

ਬੁਰਜੁਆ ਵੇਗ ਨੇ ਆਪਣੀ ਅਸਲੀਅਤ ਠੋਕ ਵਜਾ ਕੇ ਸਥਾਪਤ ਕਰ ਦਿੱਤੀ ਹੈ ਕਿ ਸਿਰਫ਼ ਪੈਸਾ ਹੀ ਤਾਕਤ ਹੈ। ਸਮਾਜ ਵਿਚ ਰਾਜ ਪੈਸੇ ਦਾ ਹੈ। ਸੁਮੇਤ ਬੰਦੇ ਦੇ, ਦੁਨੀਆਂ ਦੀ ਹਰ ਚੀਜ਼ ਵਕਾਊ ਹੈ, ਮੰਡੀ ਦਾ ਮਾਲ ਹੈ। ਪੈਸੇ ਨਾਲ ਖਰੀਦੀ ਜਾ ਸਕਦੀ ਹੈ। ਆਪਣੇ ਨੁਕਤੇ ਤੋਂ ਇਸ ਨੇ ਵਿਸ਼ਲੇਸ਼ਨ ਕਰ ਦਿੱਤਾ ਹੈ ਕਿ ਬੰਦੇ ਦੋ ਕਿਸਮ ਦੇ ਨੇ : ਇਕ ਮੂਰਖ ਜੋ ਜ਼ਿੰਦਗੀ ਦਾ ਕਾਨੂੰਨ (ਬੁਰਜੁਆ ਵੇਗ ਦੀ ਤੋਰ ਦਾ) ਨਹੀਂ ਸਮਝਦੇ ਤੇ ਈਮਾਨਦਾਰੀ ਨੂੰ ਤੜਕਾਈ ਫਿਰਦੇ ਹਨ, ਅਤੇ ਦੂਸਰੇ, ਸਿਆਣੇ। ਇਸ ਨਿਜ਼ਾਮ ਦੀ ਸਿਆਣਪ ਦਾ ਅਸਲਾ ਹੈ ਹਰਾਮਜ਼ਦਗੀ। **All men are either knaves or fools, honest fools or clever rogues,** "ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ। ਅੰਧੇ ਕਾ ਨਾਉ ਪਾਰਖੂ ਏਵੈਂ ਕਰੇ ਗੁਆਉ। ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ। ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ।" ਗੁਰੂ ਅੰਗਦ (1988) **"Bourgeois society in its sober reality had produced its true interpreters and spokesmen in the Says, the Cousins, the Royer-Collards, the Benjaman Constants, the Guizots; its real generals sat at the counting-house desks and their political head was the fat-headed Louis XVIII." Marx**

ਬੁਰਜੁਆ ਵੇਗ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਸ ਵਿਚ ਜੇ ਕਿਸੇ ਨੇ ਬਚਣਾ ਹੈ ਜਾਂ ਜੇ ਕੁਛ ਬਣਨਾ ਹੈ ਤਾਂ ਉਹ ਲਾਜ਼ਮੀ ਉਹ ਕੁਛ ਹੀ ਕਰੇ ਜੋ ਦੁਨੀਆਂ ਕਰਦੀ ਹੈ, ਜਿਸ ਦੇ ਕੀਤਿਆਂ ਬਗੈਰ ਸਰਦਾ ਨਹੀਂ, ਜੋ ਨਿਜ਼ਾਮ ਦੀ ਤੋਰ ਕਰਵਾਇਆ ਮੰਗਦੀ ਹੈ। ਬੁਰਜੁਆਜ਼ੀ ਦੇ ਮਨ ਦਾ ਮੂਲ ਮਨੋਰਥ ਇਕ ਹੀ ਹੈ—ਪੈਸਾ **ਬਣਾਉਣਾ ਹਰ ਹੀਲੇ, ਹਰ ਕੀਮਤ 'ਤੇ ਅਤੇ ਪੈਸਾ ਬਣਾਉਣ ਵਾਸਤੇ ਸਿਆਸੀ ਤਾਕਤ ਹਾਸਲ ਕਰਨੀ ਹਰ ਹੀਲੇ, ਹਰ ਕੀਮਤ 'ਤੇ। ਉਸ ਦੇ ਮਨ ਵਿਚ ਕਿਸੇ ਮਨੁਖੀ ਕਦਰ-ਕੀਮਤ ਵਾਸਤੇ ਨਾ ਕੋਈ ਥਾਂ ਹੈ ਨਾ ਉਸ ਦਾ ਕੋਈ ਅਰਥ। ਉਸ ਦਾ ਧਰਮ ਕਰਮ ਹੀ ਪੈਸਾ ਹੈ।** ਹੋਰ ਕੁਛ ਹੋ ਵੀ ਨਹੀਂ ਸਕਦਾ।

ਸਾਡੀ ਬੁਰਜੁਆਜ਼ੀ ਚੂੰਕਿ ਸੰਸਾਰ ਬੁਰਜੁਆਜ਼ੀ ਦੇ ਢਹਿ ਰਹੇ ਵੇਗ ਦੀ ਜੰਮ ਪਲ ਹੈ, ਸੋ ਇਸ ਦੀ ਅਗਵਾਈ ਹੇਠ ਹੋਈ ਸਾਡੀ ਆਜ਼ਾਦੀ ਦੀ ਜਦੋ-ਜਹਿਦ ਦੀ ਵੀ ਉਹ ਡੁਸ ਨਹੀਂ ਸੀ ਜੋ ਯੂਰਪ ਦੇ ਪੱਛਮੀ ਮੁਲਕਾਂ ਦੇ ਬੁਰਜੁਆ ਇਨਕਲਾਬਾਂ ਦੀ ਸੀ। ਪਰ ਜਦੋ-ਜਹਿਦ ਚੂੰਕਿ ਆਜ਼ਾਦੀ ਵਾਸਤੇ



ਸੀ, ਇਸ ਨੇ ਵੀ ਮਾਨਵਵਾਦੀ ਹਵਾ ਤਾ ਹਿਲਾਈ ਪਰ ਬ੍ਰਾਹਮਣੀ ਕਲਚਰ ਦੀ ਜਕੜ ਨੂੰ, ਉਸ ਦੀ ਘੋਰ ਗਿਰਾਵਟ ਤੇ ਗ਼ੈਰ-ਇਨਸਾਨੀਅਤ ਨੂੰ ਇਹ ਬੁਨਿਆਦੀ ਠੇਸ ਨਾ ਲਾ ਸਕੀ। ਸਗੋਂ ਆਜ਼ਾਦੀ ਦੀ ਜਦੋ-ਜਹਿਦ ਦੇ ਖਤਮ ਹੁੰਦਿਆਂ ਹੀ ਬੁਰਜੁਆਜ਼ੀ ਨੇ ਜਾਤਪਾਤੀ ਕਲਚਰ ਨੂੰ ਆਪਣੀ ਬਣਾ ਕੇ, ਉਸ ਨੂੰ ਗਲੇ ਨਾਲ ਲਾਇਆ ਤੇ ਆਪਣੀ ਪੰਜਾਲੀ ਜੋ ਲਿਆ। ਸਾਡੀ ਬੁਰਜੁਆਜ਼ੀ ਉਸਰੀ ਹੀ ਚੂੰਕਿ ਵੱਖ ਵੱਖ ਮਜ਼ਬੀ ਦਾਇਰਿਆਂ ਵਿਚ ਸੀ ਇਸ ਵਾਸਤੇ ਫਿਰਕੂ ਤਅੱਸਬ ਸਾਡੀ ਬੁਰਜੁਆਜ਼ੀ ਦਾ ਲਾਜ਼ਮੀ ਅੰਗ ਬਣਿਆ ਤੇ ਇਸ ਦੇ ਨਾਲ ਨਾਲ ਹੀ ਕੱਦ ਕਰਦਾ ਆਇਆ ਹੈ। ਤੇ ਹੁਣ ਇਹ ਦੋਵੇਂ ਇਸ ਦੇ ਕਾਰਗਰ ਸੰਦ ਨੇ।

ਪਰ ਆਜ਼ਾਦੀ ਦੀ ਇਹ ਜਦੋ-ਜਹਿਦ ਫਿਊਡਲ ਦੌਰ ਤੋਂ ਬੁਰਜੁਆ ਦੌਰ ਨੂੰ ਅਗੇਰੇ ਉਚੇਰਾ ਕਦਮ ਸੀ, ਇਤਿਹਾਸਕ ਦੌਰ ਦੀ ਤਬਦੀਲੀ ਸੀ, ਪਰਕਾਰਕ ਤਬਦੀਲੀ ਸੀ। ਸੋ ਸਮਾਜਕ ਵੇਗ ਨੇ ਕਰਵਟ ਲਈ ਤੇ ਉਸਨੇ ਉਹ ਕੱਦਆਵਰ ਬੰਦੇ/ਲੀਡਰ ਪੈਦਾ ਕੀਤੇ ਜਿਨ੍ਹਾਂ ਆਪਣੇ ਆਪ ਨੂੰ ਆ ਰਹੀ ਇਸ ਪਰਕਾਰਕ ਤਬਦੀਲੀ ਦੇ, ਵਿਸ਼ਾਲ ਹੁੰਦੀ ਜ਼ਿੰਦਗੀ ਦੇ ਕਰਤਾ ਮਹਿਸੂਸ ਕੀਤਾ ਅਤੇ ਮੁਲੱਖਈਏ ਦੀ ਨਿਜਾਤ ਕਰਨ ਦੇ ਦਾਹਵੇ ਕੀਤੇ। ਉਹ ਪੀੜ੍ਹੀ ਕੀ ਕਰ ਗੁਜ਼ਰੀ—ਇਹ ਸਭ ਦੇ ਸਾਹਮਣੇ ਹੈ। ਉਸ ਪੀੜ੍ਹੀ ਦੀ ਆਖ਼ਰੀ ਤੇ ਰਹਿੰਦੀ ਖੂੰਧੀ ਕਿਸ਼ਤ ਵੀ ਹੁਣ ਸਿਆਸੀ ਤੌਰ 'ਤੇ ਖ਼ਤਮ ਹੋਈ ਤੇ ਨਾਲ ਹੀ ਉਸ ਦਾ ਤੁਰਿਆ ਆਉਂਦਾ ਭਰਮ ਭਾਅ ਵੀ।

ਹੁਣ ਸਾਡਾ ਬਰਜੁਆ ਵੇਗ, ਬੁਰਜੁਆ ਪੈਂਤੜਾ ਕੱਦਆਵਰ ਬੰਦੇ ਪੈਦਾ ਕਰਨੋਂ ਅਸਮਰੱਥ ਹੈ। ਪੈਦਾ ਭਾਵੇਂ ਪਹਿਲੀ ਪੀੜ੍ਹੀ ਦੇ ਮੁਕਾਬਲੇ 'ਤੇ ਇਹ ਗਿੱਠ-ਮੁੱਠੀਏ ਹੀ ਕਰ ਰਿਹਾ ਹੈ ਪਰ ਬੁਰਜੁਆ ਅਸਲਾ ਇਹਨਾਂ ਦਾ ਲੋਹੇ-ਜੜ੍ਹਿਆ ਹੈ। ਇਹ ਸਮਾਜ ਦੀ ਦਰਜਾ-ਬ-ਦਰਜੀ ਵਿਚ ਆਪਣੇ ਵਾਸਤੇ ਉਚੀ ਤੋਂ ਉਚੀ ਥਾਂ ਲੋਚਦੇ ਹਨ ਅਤੇ ਹਰ ਹੀਲੇ ਉਸ ਨੂੰ ਪਰਾਪਤ ਕਰਨਾ ਇਹਨਾਂ ਦਾ ਕਰਮ ਧਰਮ ਹੈ। ਆਪਣੇ ਨਿਸ਼ਾਨੇ 'ਤੇ ਪਹੁੰਚਣ ਵਾਸਤੇ ਇਹਨਾਂ ਦਾ ਸੰਦ ਹੈ—ਜੰਗਲ ਦਾ ਕਾਨੂੰਨ, ਸੀਨਾ-ਜ਼ੋਰੀ, ਧੱਕੇਸ਼ਾਹੀ, ਮਤਲਬ ਜੋ ਹਥਿਆਰ ਵੀ ਇਹਨਾਂ ਦੇ ਕੰਮ ਆਉਂਦਾ ਹੋਵੇ। ਇਹਨਾਂ ਦਾ ਰੈਸ਼ਨੇਲ ਹੈ—ਬੁਢੀ ਹੋ ਰਹੀ ਪੀੜ੍ਹੀ ਨਿਕੰਮੀ ਹੈ, ਕਾਸੇ ਜੋਗੀ ਨਹੀਂ, ਸਿਵਾਏ ਗੱਲਾਂ ਤੇ ਲਾਰਿਆਂ ਦੇ ਇਸ ਦੇ ਹੱਥ ਪੱਲੇ ਕੁਛ ਨਹੀਂ। ਪਰ ਕਰ ਕਰਾ ਇਹਨਾਂ ਨੇ ਵੀ ਕੁਛ ਨਹੀਂ ਸਕਣਾ। ਨਿਉਕਲੋਨੀਅਲ ਦਾਇਰੇ ਤੋਂ ਬਾਹਰ ਇਹ ਜਾ ਨਹੀਂ ਸਕਦੇ। ਮੁਲੱਖਈਏ ਦਾ ਇਹ ਕੁਛ ਸੰਵਾਰ ਨਹੀਂ ਸਕਦੇ। ਹਾਂ, ਸਰਮਾਇਆ ਵਧ ਰਿਹਾ ਹੈ। ਇਸ ਨੇ ਵਧਦੇ ਹੀ ਜਾਣਾ ਹੈ। ਇਹ ਤਾਂ ਪੈਦਾ ਹੋ ਰਹੇ ਸਰਮਾਏ ਦਾ ਗਫਾ ਲੈਣਾ ਚਾਹੁੰਦੇ ਹਨ। ਉਸ ਦੀ ਤਾਕਤ 'ਚੋਂ ਹਿੱਸਾ ਵੰਡਾਉਣਾ ਚਾਹੁੰਦੇ ਹਨ। ਜਿਸ ਨੂੰ ਇਹ ਕੰਮ ਕਹਿੰਦੇ ਹਨ, ਉਹ ਇਸ ਤੋਂ ਵਧ ਕੁਛ ਨਹੀਂ। ਇਹਨਾਂ ਦੀ ਸਿਆਸੀ ਲਾਈਨ ਹੈ ਸਰਮਾਏ ਦੇ ਵੱਧ ਤੋਂ ਵੱਧ ਵਾਧੇ ਵਾਸਤੇ ਹਾਲਾਤ ਮੁਆਫਿਕ ਬਣਾਉਣੇ ਅਤੇ ਇਹਨਾਂ ਦੀ ਬੋਲੀ ਵਿਚ ਉਹ ਹੈ ਵਰਕਰਾਂ 'ਤੇ ਲਾਮਬੰਦੀ, ਜੀ-ਹਜ਼ੂਰ ਕਹਿਣ ਵਾਲਾ ਸਾਊ ਵਰਕਰ ਅਤੇ ਸਾਮਰਾਜ ਆਦਿ ਨਾਲ ਭਿਆਲੀ।

ਬੁਰਜੁਆ ਪੈਂਤੜੇ ਤੋਂ ਪੈਦਾ ਹੋ ਰਹੀ ਸਿਆਸੀ ਆਦਿ ਲੀਡਰਸ਼ਿਪ ਬਾਬਤ ਕੋਈ ਹੈਰਾਨੀ ਨਹੀਂ। ਜੋ ਇਹ ਹੈ ਇਸ ਤੋਂ ਵੱਖਰੀ ਇਹ ਹੋ ਹੀ ਨਹੀਂ ਸਕਦੀ। ਦੁਨੀਆਂ ਦੇ ਤਖਤੇ 'ਤੇ ਬੁਰਜੁਆਜ਼ੀ ਦਾ, ਉਸ ਦੀ ਸਿਆਸੀ ਲੀਡਰਸ਼ਿਪ ਦਾ ਅਸਲਾ ਹੈ ਹੀ ਇਹੀ। ਹੋਰ ਹੋ ਹੀ ਨਹੀਂ ਸਕਦਾ। ਇਸ ਦੇ ਵਾਸਤੇ ਮਨੁਖਤਾ ਦੀਆਂ ਕਦਰਾਂ ਕੀਮਤਾਂ ਦਾ ਨਾ ਸਿਰਫ਼ ਕੋਈ ਅਰਥ ਹੀ ਨਹੀਂ, ਬਲਕਿ ਉਹ ਇਸ ਦੇ ਰਾਹ ਵਿਚ ਰੁਕਾਵਟ ਹਨ। ਇਸ ਦੀਆਂ ਅੱਖਾਂ ਵਿਚ ਉਹ ਕਮਜ਼ੋਰੀ ਹਨ। ਜਿੱਥੇ ਵੀ ਤੇ ਜਿਸ ਹੱਦ ਤਕ

ਵੀ ਬੁਰਜੁਆਜ਼ੀ ਜਾਂ ਉਸ ਦੀ ਸਿਆਸੀ ਲੀਡਰਸ਼ਿਪ ਮਨੁਖੀ ਕਦਰਾਂ ਕੀਮਤਾਂ ਵਲ ਥੋਹੜਾ ਬਹੁਤ ਧਿਆਨ ਰਖਦੀ ਹੈ, ਜਾਂ ਕਮ ਅਜ਼ ਕਮ ਉਹਨਾਂ ਦਾ ਵਿਖਾਵਾ ਕਰਦੀ ਹੈ, ਉਹ ਇਸ ਕੋਲੋਂ ਤਕੜੀ ਹੋਈ ਲੋਕ-ਰਾਏ ਦੀ ਕਰਵਾਈ ਕਰਨੀ ਹੈ। ਸੋ ਸਵਾਲ ਇਹ ਨਹੀਂ ਕਿ ਉਠ ਰਹੀ ਬੁਰਜੁਆ ਸਿਆਸੀ ਲੀਡਰਸ਼ਿਪ ਦਾ ਤੁਖਮ ਤਾਸੀਰ ਕੀ ਹੈ ? ਉਹ ਤਾਂ ਸਪਸ਼ਟ ਹੈ ਹੀ। ਸਵਾਲ ਹੈ ਇਸ ਵੱਲ ਮੁਲੱਖਈਏ ਦਾ, ਲੋਕਾਂ ਦਾ ਹੁੰਗਾਰਾ ਕੀ ਹੈ ? ਲੋਕ ਇਸ ਲੀਡਰਸ਼ਿਪ ਨੂੰ ਪੂਰਾ ਹੁੰਗਾਰਾ ਦੇ ਰਹੇ ਹਨ। ਇਸ ਦੇ ਪਿਛਲੱਗ ਬਣ ਗਏ ਹਨ। ਇਸ ਦੇ ਪ੍ਰਤੀਨਿਧ ਵਾਸਤੇ, ਇਸ ਦੇ ਨਾਇਕ ਵਾਸਤੇ ਉਹਨਾਂ ਨੂੰ ਸ਼ਲਾਘਾ ਹੈ। ਉਸ ਦੇ ਵਿਚ ਉਹ ਆਪਣੀਆਂ ਸਧਰਾਂ ਕੇਂਦਰਤ ਕਰ ਰਹੇ ਹਨ। ਉਹੋ ਜਿਹਾ ਹੋਇਆ ਉਹ ਆਪਣੇ ਆਪ ਨੂੰ ਲੋਚਦੇ ਹਨ।

ਉਹਨਾਂ ਦੀ ਸ਼ਲਾਘਾ ਦਾ ਆਧਾਰ ਕੀ ਹੈ ? ਆਧਾਰ ਭਿਆਨਕ ਹੈ। ਉਹਨਾਂ ਦੀ ਮਾੜੇ ਚੰਗੇ ਦੀ ਤਮੀਜ਼ ਖਤਮ ਹੋ ਗਈ ਹੈ। ਉਸ ਦੇ ਵਲ ਉਹ ਪਿੱਠਾ ਕਰੀ ਖੜੇ ਹਨ । ਭਾਵੇਂ ਉਹ ਆਪ ਚੇਤੰਨ ਹਨ ਜਾਂ ਨਹੀਂ, ਉਹਨਾਂ ਦਾ ਆਧਾਰ ਹੈ ਸਿਰ ਸਵਾਹ ਪਾਓ ਮਨੁਖੀ ਕਦਰਾਂ ਕੀਮਤਾਂ ਦੇ। ਜਣੀ ਦੇ ਜਾਏ 'ਚ ਜਾਨ ਤਾਂ ਹੈ। ਮਾਤਾ ਦਾ ਮਾਲ ਤਾਂ ਨਹੀਂ। ਆਪਣੇ ਨਿਸ਼ਚੇ ਦਾ ਪੱਕਾ ਏ। ਆਪਣੇ ਨਿਸ਼ਾਨੇ 'ਤੇ ਪਹੁੰਚਦਾ ਹੈ। ਸਭ ਕਾਸੇ ਨੂੰ ਅੱਗੇ ਲਾਈ ਫਿਰਦਾ ਏ। ਨਰ ਦਾ ਬੱਚਾ ਏ। ਠੇਕਾ ਲਿਆ ਏ ਦੁਨੀਆਂ ਦਾ ! ਪੈਸੇ ਬਣਾ ਗਿਆ ! ਪੁਜ਼ੀਸ਼ਨ ਮਾਰ ਗਿਆ ! ਦੁਨੀਆਂ ਵਿਚ ਜਿੱਤ ਨੂੰ ਸਲਾਮਾਂ ਨੇ। ਲੋਕਾਂ ਦੀ ਮਾਨਸਕਤਾ ਸੁਧੀ ਤਾਕਤ ਦੀ ਪੁਜਾਰਨ ਹੋ ਗਈ ਹੈ। ਨਿਰੋਲ ਤਾਕਤ ਉਸ ਦੀਆਂ ਅੱਖਾਂ ਚੁੰਧਿਆ ਸਕਦੀ ਹੈ। ਜਦੋਂ ਮੁਲੱਖਈਆ ਇਹ ਵੇਖਣੋਂ ਹਟ ਜਾਵੇ ਕਿ ਕੰਮ ਦਾ ਅਸਲਾ ਕੀ ਹੈ ਅਤੇ ਉਹ ਲਿਜਾ ਕਿਥੇ ਰਿਹਾ ਹੈ, ਉਸ ਦਾ ਅੰਤ ਸਿੱਟਾ ਕੀ ਹੋਵੇਗਾ **ਤਾਂ ਉਸ ਦੀ ਬਣੀ ਮਾਨਸਕਤਾ ਫਾਸ਼ਿਸਟ ਲੀਡਰਸ਼ਿਪ ਵਾਸਤੇ ਬਣੀ ਬਣਾਈ ਬੜੀ ਜਰਖੇਜ਼ ਭੋਂ ਹੁੰਦੀ ਹੈ। ਜੋ ਵੀ ਲੀਡਰਸ਼ਿਪ ਆਪਣੀ ਤਾਕਤ ਦਾ ਪ੍ਰਭਾਵ ਪਾ ਲਵੇ, ਦਹਿਸ਼ਤ ਹੀ ਪਾ ਲਵੇ, ਐਸੀ ਮਾਨਸਕਤਾ ਉਸ ਦੀ ਪਿਛਲੱਗ ਹੋ ਤੁਰਦੀ ਹੈ। ਖੁਸ਼ੀ ਖੁਸ਼ੀ ਆਪਣੀ ਤਾਕਤ ਉਸ ਦੀ ਝੋਲੀ ਪਾ ਦੇਂਦੀ ਹੈ।**

ਮੁਲੱਖਈਏ ਦੀ ਇਸ ਮਾਨਸਕਤਾ ਦਾ ਤੋੜਾ ਝੜਦਾ ਕਿਸ 'ਤੇ ਹੈ ? ਯਕੀਨਨ ਬੁਰਜੁਆਜ਼ੀ ਜਾਂ ਉਸ ਦੀ ਸਿਆਸੀ ਲੀਡਰਸ਼ਿਪ 'ਤੇ ਨਹੀਂ । ਅੰਨ੍ਹਾਂ ਕੀ ਭਾਲੇ ਦੋ ਅੱਖੀਆਂ ! ਉਸ ਨੇ ਰਬੋਂ ਉਰੇ ਲੈਣਾ ਕੀ ਏ ? ਉਹ ਤਾਂ ਬਾਗੋਂ ਬਾਗ ਏ। ਰੱਬ ਨੇ ਦਿੱਤੀਆਂ ਗਾਜਰਾਂ ਵਿਚੇ ਰੰਬਾ ਰਖ ! ਉਸ ਦੀਆਂ ਤਾਂ ਸੱਤੇ ਹੀ ਘਿਉ 'ਚ ਨੇ। ਉਸ ਦੇ ਵਾਸਤੇ ਮੈਦਾਨ ਸਾਫ ਹੈ। ਐਸੀ ਮਾਨਸਕਤਾ ਤੋਂ ਚੰਗੀ ਸਮਾਜਕ ਮਨੁਖੀ ਭੋਂ ਉਸ ਨੂੰ ਭਾਲਿਆਂ ਵੀ ਨਹੀਂ ਲੱਭ ਸਕਦੀ। ਇਸ ਦਾ ਤੋੜਾ ਲੋਕਾਂ 'ਤੇ ਵੀ ਨਹੀਂ ਝੜਦਾ। ਸਿਆਸਤ ਵਾਂਗ ਕਲਚਰ ਵਿਚ ਵੀ, ਮਾਨਸਕਤਾ ਵਿਚ ਵੀ ਉਹਨਾਂ ਨੂੰ ਅਗਵਾਈ ਦੀ ਲੋੜ ਹੁੰਦੀ ਏ। ਇਸ ਦਾ ਤੋੜਾ ਝੜਦਾ ਹੈ ਪਰੋਲਤਾਰੀ ਦੇ ਪੈਂਤੜੇ 'ਤੇ, ਉਸ ਦੀ ਚੇਤਨਤਾ, ਉਸ ਦੇ ਨਜ਼ਰੀਏ, ਮਾਰਕਸਵਾਦ 'ਤੇ, ਉਸ ਦੀ ਸਿਆਸੀ ਲੀਡਰਸ਼ਿਪ 'ਤੇ, ਪਾਰਟੀ ਤੇ ਪਾਰਟੀ ਦੀ ਲੀਡਰਸ਼ਿਪ 'ਤੇ।

ਮਾਰਕਸਵਾਦੀ ਲੀਡਰਸ਼ਿਪ ਦੀ ਪੰਜਾਹ ਸਾਲ ਤੋਂ ਉਪਰ ਦੀ ਕੀਤੀ ਖੱਟੀ ਕੀ ਹੈ ? ਆਪਣੇ ਸ਼ਰੀਕ ਨੂੰ ਵੰਗਾਰਨ ਵਾਸਤੇ ਪਰੋਲਤਾਰੀ ਦਾ ਪੈਂਤੜਾ ਕੂਕ ਕੂਕ ਕੇ ਆਪਣੇ ਮੁਦੱਈ ਦੀ ਮੰਗ ਕਰ ਰਿਹਾ ਹੈ । ਪਰ ਕੋਈ ਮੁਦੱਈ ਬਾਹੁੜਦਾ ਉਸ ਨੂੰ ਨਜ਼ਰ ਨਹੀਂ ਆ ਰਿਹਾ । ਗੱਲ ਰੋਜ਼-ਬ-ਰੋਜ਼ੀ ਸਤੱਈ ਸਿਆਸਤ ਦੀ ਨਹੀਂ । ਗੱਲ ਆਰਜ਼ੀ ਤੌਰ 'ਤੇ ਮਿਲਦੇ ਦੋ ਚਾਰ ਵਧ ਘਟ



ਛਿਲੜਾਂ ਦੀ ਨਹੀਂ (ਇਹਨਾਂ ਦੀ ਵੀ ਭਾਵੇਂ ਥਾਂ ਹੈ); ਗੱਲ ਮੁਕਦੀ ਹੈ ਤਾਕਤ 'ਤੇ, ਤਾਕਤ ਦੇ ਸੋਮੇ 'ਤੇ। ਗੱਲ ਹੈ ਸਭ ਕਾਸੇ ਦੀ ਬੁਨਿਆਦ ਦੀ...ਕਲਚਰ ਦੀ, ਮਾਨਸਕਤਾ ਦੀ, ਮਨੁਖੀ ਬਣਤਰ ਦੀ, ਵਿਚਾਰਧਾਰਕ ਖੇਤਰ ਦੇ ਰੁਖ ਦੀ, ਲੋਕਾਂ ਦੇ ਮਨਾਂ ਵਿਚ ਪੁੜੇ ਨਜ਼ਰੀਏ ਦੀ। ਉਹਨਾਂ ਦੇ ਦਿਲ ਦੀ, ਜਜ਼ਬੇ ਦੀ, ਉਹਨਾਂ ਦੇ ਮਨ ਦੇ ਮਨੋਰਥਾਂ ਦੀ। ਸਵਾਲ ਹੈ ਕਿ ਬਣ ਰਹੀ ਮਨੁਖੀ ਬਣਤਰ ਕਿਸ ਪੈਂਤੜੇ 'ਤੇ ਭੁਗਤ ਰਹੀ ਹੈ ? ਬੁਰਜੁਆ ਪੈਂਤੜੇ 'ਤੇ ਜਾਂ ਪਰੋਲਤਾਰੀ ਦੇ ਪੈਂਤੜੇ 'ਤੇ ? ਦੋਹਾਂ ਜਮਾਤੀ ਪੈਂਤੜਿਆਂ ਵਿਚੋਂ ਜੋ ਪੈਂਤੜਾ ਮਨੁਖੀ ਬਣਤਰ ਨੂੰ ਆਪਣੇ ਪਾਸੇ ਭੁਗਤਾ ਗਿਆ, ਜੋ ਬਣ ਰਹੀ ਮਾਨਸਕਤਾ ਨੂੰ ਆਪਣੇ ਅਕਸ ਵਿਚ ਢਾਲ ਗਿਆ ਉਸ ਦੀ ਵਾ ਵਲ ਵੇਖਣ ਵਾਲਾ ਜੰਮਿਆ ਕੌਣ ਹੈ ?

ਸਵਾਲ ਬੁਰਜੁਆਜ਼ੀ ਦੀ ਆਪਣੀ ਤਾਕਤ ਦਾ ਨਹੀਂ । ਮੁਲਕ ਦੀ ਵਸੋਂ ਵਿਚ ਉਹ ਗਿਣਤੀ ਦੇ ਬੰਦੇ ਨੇ। ਸਵਾਲ ਉਸ ਦੀ ਸਟੇਟ ਦਾ, ਉਸ ਦੇ ਰਾਜ ਪ੍ਰਬੰਧ ਦੀ ਤਾਕਤ ਦਾ ਵੀ ਬੁਨਿਆਦੀ ਨਹੀਂ। ਸਵਾਲ ਹੈ ਸਟੇਟ ਦੇ ਪਿੱਛੇ ਖੜੀ ਕਲਚਰ ਦਾ ਜਿਸ ਦੇ ਆਧਾਰ 'ਤੇ ਸਟੇਟ ਤੇ ਰਾਜ ਪ੍ਰਬੰਧ ਅਹਿਲ ਹਨ। ਸਵਾਲ ਹੈ ਲੋਕਾਂ ਦੀ, ਮੁਲੱਖਈਏ ਦੀ ਤਾਕਤ ਦਾ। ਉਸ ਤਾਕਤ ਦੇ ਰੁਝਾਨ ਦਾ। ਉਸ ਤਾਕਤ ਦੀ ਤੋਰ ਦੇ ਰੁਖ ਦਾ। ਸਵਾਲ ਹੈ ਲੋਕਾਂ ਦੀ ਮਨੁਖੀ ਧਰਤੀ ਵਿਚ ਦੋਹਾਂ ਪੈਂਤੜਿਆਂ ਦੀ ਮੁਕਾਬਲਤਨ ਤਾਕਤ ਦਾ। ਉਸ ਧਰਤੀ ਵਿਚ ਕਿਸ ਪੈਂਤੜੇ ਦੀ ਤਾਕਤ ਵਧ ਰਹੀ ਹੈ, ਕਿਸ ਦੀ ਘਟ ਰਹੀ ਹੈ ? ਵੇਖਣਾ ਇਹ ਹੈ ਕਿ ਮੁਲੱਖਈਏ ਵਿਚ, ਉਸ ਦੀ ਕਲਚਰ ਵਿਚ, ਉਸ ਦੀ ਮਾਨਸਕਤਾ ਵਿਚ, ਉਸ ਦੀ ਸਿਰਜੀ ਜਾ ਰਹੀ ਮਨੁਖੀ ਬਣਤਰ ਵਿਚ, ਉਸ ਦੇ ਜਜ਼ਬਿਆਂ, ਉਸ ਦੇ ਮਨ ਦੇ ਮਨੋਰਥਾਂ ਵਿਚ ਤਾਕਤ ਪਰੋਲਤਾਰੀ ਦੇ ਪੈਂਤੜੇ ਦੀ ਵਧ ਰਹੀ ਹੈ ਜਾਂ ਜੜ੍ਹਾਂ ਬੁਰਜੁਆ ਪੈਂਤੜੇ ਦੀਆਂ ਡੂੰਘੀਆਂ ਜਾ ਰਹੀਆਂ ਹਨ।

ਇਸ ਨੂੰ ਮੋਟੇ ਤੌਰ 'ਤੇ ਵੇਖਣਾ ਬਹੁਤ ਔਖਾ ਨਹੀਂ। ਜਿਨ੍ਹਾਂ ਮਨੋਰਥਾਂ ਵਾਸਤੇ ਲੋਕਾਂ ਨੂੰ ਸ਼ਲਾਘਾ ਹੈ ਉਹ ਕਿਸ ਪੈਂਤੜੇ ਦੇ ਹਿਤੀ ਹਨ ? ਜੇ ਫ਼ਿਲਮੀ ਦਾਇਰੇ ਵਿਚ ਨਜ਼ਰ ਮਾਰੀਏ ਤਾਂ ਕਿਸ ਪੈਂਤੜੇ ਦਾ ਹੀਰੋ ਉਭਰ ਕੇ ਸਾਹਮਣੇ ਆਇਆ ਹੈ ? ਯਕੀਨਨ ਬੁਰਜੁਆ ਪੈਂਤੜੇ ਦਾ। ਲਗਦਾ ਤਾਂ ਇਉਂ ਹੈ ਕਿ ਪਰੋਲਤਾਰੀ ਦੇ ਪੈਂਤੜੇ ਦੇ ਹੀਰੋ ਦਾ ਚਿੱਤਰ ਤਾਂ ਲੋਕਾਂ ਦੇ ਜ਼ਿਹਨ ਵਿਚ ਕਿਤੇ ਹੈ ਹੀ ਨਹੀਂ। ਇਤਿਹਾਸਕ ਦੌਰ ਸਮਾਜਵਾਦੀ ਇਨਕਲਾਬ ਦਾ ਹੈ ਅਤੇ ਮਾਰਕਸਵਾਦੀ ਪਾਰਟੀ ਦੀ ਪੰਜਾਹ ਸਾਲਾਂ ਤੋਂ ਉਪਰ ਦੀ ਕੀਤੀ ਦੀ ਖੱਟੀ ਇਹ ਹੈ ਕਿ ਮੁਲਕ ਦੀ ਪੱਧਰ 'ਤੇ ਮੁਲਕ ਦੀ ਵਸੋਂ ਦੇ ਜ਼ਿਹਨ ਵਿਚ ਮਾਰਕਸਵਾਦੀ ਰਾਹ ਕਿਸੇ ਗਿਣਤੀ ਵਿਚ ਹੀ ਨਹੀਂ। ਲੋਕਾਂ ਦੇ ਜ਼ਿਹਨ ਵਿਚ ਮਾਰਕਸਵਾਦੀ ਰਾਹ ਦਾ ਕੋਈ ਨਕਸ਼ਾ ਜਾਂ ਚਿੱਤਰ ਰੜਕਦਾ ਹੀ ਨਹੀਂ। ਇਨਕਲਾਬੀ ਮਾਰਕਸਵਾਦੀ ਹੀਰੋ ਦਾ ਤਸੱਵਰ ਹੀ ਨਹੀਂ ਜੋ ਬੁਰਜੁਆ ਹੀਰੋ ਦੀ ਅਸਲੀਅਤ ਜਾਂ ਉਸ ਦੇ ਸੰਕਲਪ ਨੂੰ ਵੰਗਾਰੇ। ਉਸ ਦੇ ਮੁਕਾਬਲੇ 'ਤੇ ਲੋਕਾਂ ਦੇ ਮਨਾਂ ਨੂੰ ਖਿਚ ਪਾਵੇ, ਜਿਸ ਵਿਚ ਉਹ ਆਪਣੀਆਂ ਆਸਾਂ, ਉਮੀਦਾਂ, ਸਧਰਾਂ ਕੇਂਦਰਤ ਕਰਨ। ਕੀ ਇਹ ਅਸਲੀਅਤ ਨਹੀਂ ਕਿ ਬੁਰਜੁਆ ਕਲਚਰ ਲੋਕਾਂ ਦੇ ਮਨਾਂ 'ਤੇ ਅੱਗੇ ਨਾਲੋਂ ਵੀ ਜ਼ਿਆਦਾ ਪੱਟੂ ਪਾ ਰਹੀ ਹੈ ? ਕੀ ਮੇਹਨਤਕਸ਼ ਤਬਕੇ ਦੀ ਉਠਦੀ ਪੀੜ੍ਹੀ ਨੂੰ ਖਾਈ ਹੰਢਾਈ ਦਾ ਬੁਰਜੁਆ ਨਜ਼ਰੀਆ ਜ਼ਿਆਦਾ ਖਿਚ ਰਿਹਾ ਹੈ ਜਾਂ ਮਾਰਕਸਵਾਦੀ, ਇਨਕਲਾਬੀ ਨਜ਼ਰੀਆ ? ਇਹ ਵੀ ਸ਼ਾਇਦ ਦੂਰ ਦੀ ਗੱਲ ਹੈ। ਨਿਗੁਣੀ ਗੱਲ ਹੀ ਲਉ। ਗਰੀਬ ਕਿਸਾਨ ਤੇ ਪਿੰਡ ਦਾ ਹੋਰ ਗਰੀਬ ਗੁਰਬਾ ਆਪਣੀਆਂ ਵੋਟਾਂ ਆਪ ਆਪਣੀ ਮਰਜ਼ੀ ਨਾਲ ਪਾਉਂਦਾ ਹੈ ਜਾਂ ਉਸ ਦੀਆਂ ਵੋਟਾਂ ਪੁਵਾਈਆਂ ਜਾਂਦੀਆਂ ਨੇ ?

ਮਾਰਕਸਵਾਦੀ ਲੀਡਰਸ਼ਿਪ ਨੂੰ ਆਪਣੇ ਪੈਂਤੜੇ ਦੀ ਕਮਜ਼ੋਰੀ ਦਾ ਅਹਿਸਾਸ ਹੋਣਾ ਚਾਹੀਦਾ ਹੈ।

ਇਤਿਹਾਸਕ ਦੌਰ ਸਮਾਜਵਾਦੀ ਇਨਕਲਾਬ ਨੂੰ ਰਾਹ ਦੇਂਦਾ ਹੋਵੇ, ਤੇ ਲੋਕਾਂ ਦੀ ਬਣ ਰਹੀ ਕਲਚਰ, ਉਸਰ ਰਹੀ ਮਾਨਸਕਤਾ ਤੇ ਸਿਰਜੀ ਜਾ ਰਹੀ ਮਨੁਖੀ ਬਣਤਰ ਵਿਚ ਮਾਰਕਸਵਾਦੀ ਨਜ਼ਰੀਆ ਬੁਰਜੁਆ ਨਜ਼ਰੀਏ ਨੂੰ ਵੰਗਾਰੇ ਹੀ ਨਾ ?! ਮੁਲਕ ਦੀ ਬੁਰਜੁਆਜ਼ੀ ਨੂੰ ਮਾਰਕਸਵਾਦ ਕੋਲੋਂ ਕਿਸੇ ਕਿਸਮ ਦਾ ਵੀ ਤੌਖਲਾ ਨਾ ਹੋਵੇ ?! ਬੜੀ ਭਿਆਨਕ ਅਵਸਥਾ ਬਣ ਰਹੀ ਹੈ। ਮਾਰਕਸਵਾਦੀ ਇਸ ਬਾਰੇ ਕ੍ਹੀ ਸੋਚ ਰਹੇ ਹਨ ? ਕੀ ਕਰ ਰਹੇ ਹਨ ?

—ਕਿਸ਼ਨ ਸਿੰਘ

○ **ਜੱਟਵਾਦ** ਬਾਰੇ ਬਹਿਸ **ਸੇਧ** ਦੇ ਅੰਕਾਂ ਵਿਚ ਨਵੰਬਰ 1979 ਤੋਂ ਚਲ ਰਹੀ ਹੈ ਅਤੇ ਇਸ ਨੂੰ ਜਾਰੀ ਰੱਖਣ ਦਾ ਉਤ-ਪ੍ਰੇਰਕ (catalytic), ਕਿਸੇ ਦੇਵ-ਨੇਤ ਅਧੀਨ ਹਰਭਜਨ ਹਲਵਾਰਵੀ ਬਣਿਆ ਹੈ। ਇਹ ਬਹਿਸ ਲਾਭਕਾਰੀ ਵੀ ਹੈ ਅਤੇ ਨਾਲ ਹੀ ਦਿਲਚਸਪ ਵੀ।

ਪ੍ਰੋ: ਕਿਸ਼ਨ ਸਿੰਘ ਨੇ ਰੋਗੀ ਦੀ ਨਬਜ਼ ਦੇ ਠੀਕ ਥਾਂ ਉਤੇ ਹੀ ਹਥ ਰਖਿਆ ਸੀ, ਅਰਥਾਤ ਇਕ ਭਖ਼ਦੇ ਹੋਏ ਮਸਲੇ ਨੂੰ ਹੱਥ ਪਾਇਆ ਸੀ, ਪਰ ਕੁਝ ਲੋਕਾਂ ਨੂੰ ਇਉਂ ਲਗਾ ਜਿਵੇਂ ਉਸ ਨੇ ਉਹਨਾਂ ਦੀ (ਮੇਰਾ ਇਸ਼ਾਰਾ ਹਲਵਾਰਵੀ ਵਲ ਨਹੀਂ ਹੈ) ਕਿਸੇ ਦੁਖਦੀ ਰਗ ਨੂੰ ਹੱਥ ਪਾ ਲਿਆ ਹੋਵੇ।

ਹਲਵਾਰਵੀ ਹੋਰਾਂ ਕਿਸ਼ਨ ਸਿੰਘ ਬਾਰੇ ਪਹਿਲਾਂ ਤਾਂ ਇਹ ਕਿੰਤੂ ਕੀਤਾ ਕਿ ਉਹਨਾਂ "ਇਹ ਸਮਸਿਆ ਆਪੇ ਘੜੀ ਜਾਪਦੀ ਹੈ" ("ਸਮਸਿਆ ਤੋਂ ਸਮਸਿਆ ਤੱਕ," **ਸੇਧ**, ਦਸੰਬਰ 1979), ਅਤੇ ਉਹਨਾਂ ਨੇ ਉਸ ਸਮਸਿਆ ਦੇ ਸਾਰੇ ਪੱਖ ਤੇ ਉਹਨਾਂ ਦੇ ਹੱਲ ਪੇਸ਼ ਨਹੀਂ ਕੀਤੇ। ਪਰ ਜਦ ਕਿਸ਼ਨ ਸਿੰਘ ਹੋਰਾਂ "**ਜੱਟ-ਸ਼ਾਵਨਿਜ਼ਮ**" ਬਾਰੇ (**ਸੇਧ**, ਜਨਵਰੀ 1980) ਭਰਪੂਰ ਵਿਆਖਿਆ ਕੀਤੀ ਕਿ ਕਿਵੇਂ ਅਠਾਰ੍ਹਵੀਂ ਸਦੀ ਦੇ ਅੰਤ ਤੱਕ ਹੀ "ਗੁਰੀਲਾ ਲੀਡਰ ਜੋ ਕਲ੍ਹ ਤੱਕ ਭਾਈ ਸੀ, ਸਰਦਾਰ ਬਣ ਗਿਆ" ਤਾਂ ਹਲਵਾਰਵੀ ਜੀ ਨੂੰ ਇਹ ਇਤਰਾਜ਼ ਹੋ ਗਿਆ ਕਿ ਇਹ "ਲੋੜੋਂ ਵਧ ਖਿੱਚੀ ਦਲੀਲ" ਹੈ ਕਿਉਂਕਿ "ਜੱਟਵਾਦ ਬਾਰੇ ਲੇਖ 'ਤੇ ਕੁਝ ਕਿੰਤੂ ਕਰਦੇ ਹੋਏ ਮੈਂ ਸਫੇ ਕੁ ਦਾ ਨੋਟ ਲਿਖਿਆ ਸੀ ਜਿਸ ਦੇ ਜੁਆਬ ਵਿਚ ਪ੍ਰੋ: ਸਾਹਿਬ ਨੇ **ਸੇਧ** ਦੇ ਨੌਂ ਕੁ ਸਫ਼ੇ ਕਾਲੇ ਕਰ ਦਿਤੇ ਹਨ।" ਅਤੇ ਫੇਰ ਇਹ ਕਿ "**ਉਹਨਾਂ ਨੇ ਜਾਤ ਪਾਤ ਦੇ ਮਸਲੇ ਨੂੰ ਸਮੁਚੇ ਭਾਰਤੀ ਪ੍ਰਸੰਗ ਦੀ ਥਾਂ ਕੇਵਲ ਸਿੱਖੀ ਦੇ ਸੰਦਰਭ ਵਿਚ ਹੀ ਉਠਾਇਆ ਹੈ, ਜਿਵੇਂ ਸਿੱਖ, ਭਾਰਤੀ ਸਮਾਜ ਦਾ ਇਕ ਅੰਗ ਨਾ ਹੋਣ।**" (ਸੇਧ, ਮਾਰਚ 80, ਪੰਨੇ 56-57)

ਇਸ ਦਾ ਮਤਲਬ ਇਹ ਹੋਇਆ ਕਿ ਜਾਤ-ਪਾਤ ਦੇ ਮਸਲੇ ਨੂੰ ਜੋ ਲੇਖਕ ਕੇਵਲ ਸਿੱਖੀ ਦੇ ਸੰਦਰਭ ਵਿਚ ਹੀ ਉਠਾਵੇ ਤਾਂ ਉਸ ਉਤੇ ਵਿਦਵਾਨ ਲੇਖਕ ਇਹ ਫਤਵਾ ਸਾਦਰ ਕਰੇਗਾ ਕਿ ਇਹ ਬੰਦਾ ਸਿੱਖਾਂ ਨੂੰ ਭਾਰਤੀ ਸਮਾਜ ਦਾ ਇਕ ਅੰਗ ਨਹੀਂ ਸਮਝਦਾ। ਕਿਆ ਸੁਹਣੀ ਦਲੀਲਬਾਜ਼ੀ ਹੈ! ਕੀ ਕਿਸੇ ਲੇਖਕ ਲਈ ਇਹ ਵੀ ਲਾਜ਼ਮੋ-ਮਲਜ਼ੂਮ ਹੈ (ਬਕੌਲ ਜਨਾਬ ਹਰਭਜਨ ਹਲਵਾਰਵੀ) ਕਿ ਜੇ ਉਸ ਨੇ ਜਾਤ-ਪਾਤ ਦੇ ਮਸਲੇ ਨੂੰ ਵਿਚਾਰਨਾ ਹੀ ਹੈ ਤਾਂ ਉਹ ਇਸ ਨੂੰ ਸਮੁਚੇ ਭਾਰਤੀ ਪ੍ਰਸੰਗ ਵਿਚ ਹੀ ਵਿਚਾਰੇ, ਕੇਵਲ ਸਿੱਖੀ ਜਾਂ ਪੰਜਾਬ ਦੇ ਪ੍ਰਸੰਗ ਵਿਚ ਨਾ ਵਿਚਾਰੇ !?

ਫੇਰ ਉਸੇ ਪੰਨੇ ਉਤੇ ਆਪ ਫਰਮਾਉਂਦੇ ਹਨ ਕਿ "ਮਾਰਕਸਵਾਦੀ ਹੋਣ ਦੇ ਨਾਤੇ ਕਿਸ਼ਨ ਸਿੰਘ ਹੋਰਾਂ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਜਾਤ ਪਾਤ ਪ੍ਰਣਾਲੀ ਬੁਰਜੁਆ ਸਿਸਟਮ ਦੀ ਦੇਣ ਨਹੀਂ, ਸਗੋਂ ਜਾਗੀਰੂ ਢਾਂਚੇ ਦੀ ਰਹਿੰਦ ਖੂੰਹਦ ਹੈ," ਜਦ ਕਿ ਕਿਸ਼ਨ ਸਿੰਘ ਨੇ ਅਜਿਹਾ ਕਿਤੇ ਨਹੀਂ ਕਿਹਾ ਕਿ ਇਹ ਬੁਰਜੁਆ ਸਿਸਟਮ ਦੀ ਦੇਣ ਹੈ। ਪਰ "ਮਾਰਕਸਵਾਦੀ ਹੋਣ ਦੇ ਨਾਤੇ" ਹਲਵਾਰਵੀ ਨੂੰ ਵੀ ਇਹ ਪਤਾ ਹੋਣਾ ਚਾਹੀਦਾ ਸੀ ਕਿ **ਜਾਤ-ਪਾਤ ਪ੍ਰਣਾਲੀ ਜਾਗੀਰੂ ਢਾਂਚੇ ਦੀ ਹੀ ਰਹਿੰਦ**



**ਖੂਹਦ ਨਹੀਂ, ਸਗੋਂ ਇਹ ਇਤਨੀ ਪੁਰਾਤਨ ਹੈ ਜਿੰਨਾ ਕਿ "ਭਾਰਤ" ਪੁਰਾਤਨ ਹੈ।** ਢਾਈ ਹਜ਼ਾਰ ਸਾਲ ਪਹਿਲਾਂ ਮਹਾਤਮਾ ਬੁਧ ਨੂੰ ਵੀ ਇਸ ਦੇ ਵਿਰੁਧ ਘੋਲ ਕਟਨਾ ਪਿਆ ਸੀ। ਭਾਰਤ ਵਿਚ ਜਾਤ-ਪਾਤ ਦਾਸ ਪ੍ਰਥਾ (slavery) ਦੇ ਸਮੇਂ ਤੋਂ ਹੀ ਚਲੀ ਆ ਰਹੀ ਹੈ ਅਤੇ ਮੁੜ ਕਹਿਣਾ ਪੈਂਦਾ ਹੈ ਕਿ "ਮਾਰਕਸਵਾਦੀ ਹੋਣ ਦੇ ਨਾਤੇ" ਹਲਵਾਰਵੀ ਹੋਰਾਂ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਦਾਸ ਪ੍ਰਥਾ ਜਾਗੀਰੂ ਢਾਂਚੇ ਤੋਂ ਵੀ ਪੁਰਾਣੀ ਹੈ।

ਫੇਰ, ਜੇ ਪ੍ਰੋ: ਕਿਸ਼ਨ ਸਿੰਘ ਨੇ ਇਹ ਕਿਹਾ ਕਿ "ਹਰ ਲੋਟੂ ਜਮਾਤ ਦਾ ਹਿਤ ਲੋਕ-ਵਿਰੋਧੀ ਹੁੰਦਾ ਹੈ, ਲੋਕਾਂ ਦੀ ਆਜ਼ਾਦੀ ਦਾ ਘਾਤਕ ਹੁੰਦਾ ਹੈ"—ਤਾਂ ਹਨੇਰ ਕਿਧਰ ਦਾ ਆ ਗਿਆ! ਹਲਵਾਰਵੀ ਇਸ ਬਾਰੇ ਕਹਿੰਦੇ ਹਨ ਕਿ "ਐਨਾ ਹੂੰਝਾ-ਫੇਰੂ sweeping ਬਿਆਨ ਤਾਂ ਕਿਧਰੇ ਮਾਰਕਸ ਨੇ ਵੀ ਨਹੀਂ ਦਿੱਤਾ।" ਹਲਵਾਰਵੀ ਹੋਰਾਂ ਸ਼ਾਇਦ **ਕਮਿਊਨਿਸਟ ਮੈਨੀਫ਼ੈਸਟੋ** ਧਿਆਨ ਨਾਲ ਨਾ ਹੀ ਪੜ੍ਹਿਆ ਹੋਵੇ ਜਿਸ ਦੇ ਸ਼ੁਰੂ ਵਿਚ ਹੀ ਹੂੰਝਾ-ਫੇਰੂ ਬਿਆਨ ਹਨ। ਨਾਲੇ ਹਰੇਕ ਮੂਲ-ਮੰਤਰ ਹੂੰਝਾ-ਫੇਰੂ ਹੀ ਹੁੰਦਾ ਹੈ, ਜਿਵੇਂ ਭਾਈ ਗੁਰਦਾਸ ਦਾ ਕਥਨ ਹੈ : "ਕਲ-ਜੁਗ ਬਾਬੇ ਤਾਰਿਆ, ਸਤਿ ਨਾਮ ਪੜ੍ਹ ਮੰਤਰ ਸੁਣਾਇਆ।" ਪ੍ਰੋ: ਕਿਸ਼ਨ ਸਿੰਘ ਦਾ ਉਪਰੋਕਤ ਬਿਆਨ ਵੀ ਮਾਰਕਸਵਾਦੀ ਮੂਲ-ਮੰਤਰ ਦਾ ਦੁਹਰਾਉ ਹੀ ਤਾਂ ਹੈ! **ਸੇਧ**, ਮਾਰਚ 80, ਵਿਚ ਛਪੀ ਇਸ ਚਿੱਠੀ ਵਿਚ ਹਲਵਾਰਵੀ ਨੇ ਸਗੋਂ ਆਪ ਕੁਝ ਬੇਲੋੜੇ ਹੂੰਝਾ-ਫੇਰੂ ਬਿਆਨ ਦਿਤੇ ਹਨ, ਜਿਵੇਂ ਕੋਈ ਦਲੀਲ ਬਣਦੀ ਨਾ ਦੇਖ ਕੇ ਉਹ ਕਿਸ਼ਨ ਸਿੰਘ ਬਾਰੇ ਕਹਿੰਦਾ ਹੈ ਕਿ "ਕੁਝ ਬੰਦੇ ਮਾਰਕਸਵਾਦ 'ਤੇ ਖੜ੍ਹਦੇ ਨਹੀਂ, ਸਗੋਂ ਇਸ 'ਤੇ ਲੰਮੇ ਪੈ ਜਾਂਦੇ ਹਨ।" ਅਤੇ ਇਹ ਕਿ "ਇਸ ਲੇਖ ਵਿਚ ਵੀ ਉਨ੍ਹਾਂ ਦੇ ਪਹਿਲੇ ਸ਼ੈਲੀਗਤ ਤੇ ਵਿਧੀਗਤ ਨੁਕਸ ਮੌਜੂਦ ਹਨ।"

ਆਪਣੀ ਇਸ ਚਿੱਠੀ ਦੇ ਅੰਤ ਵਿਚ, ਬੌਧਿਕ ਨਿਮਰਤਾ ਨੂੰ ਇਕ-ਵਢਿਉਂ ਤਿਲਾਂਜਲੀ ਦੇ ਕੇ ਹਲਵਾਰਵੀ ਲਿਖਦਾ ਹੈ : "**ਪ੍ਰੋ: ਕਿਸ਼ਨ ਸਿੰਘ ਨੂੰ ਕਹਿਣਾ ਕਿ ਥੋੜਾ ਹੋਰ ਧਿਆਨ ਨਾਲ ਲਿਖਿਆ ਕਰਨ, ਕਿਉਂਕਿ ਮੈਂ ਉਹਨਾਂ ਦਾ ਨੋਟਿਸ ਲੈਣਾ ਸ਼ੁਰੂ ਕਰ ਦਿਤਾ ਹੈ।**" ਵਿਚਾਰੇ ਪ੍ਰੋ: ਕਿਸ਼ਨ ਸਿੰਘ ਨੂੰ ਕੀ ਪਤਾ ਸੀ ਕਿ ਏਡੇ ਵਡੇ ਵਿਦਵਾਨ ਨੇ ਉਸ ਦੀਆਂ ਲਿਖਤਾਂ ਦਾ ਨੋਟਿਸ ਲੈਣਾ ਸ਼ੁਰੂ ਕਰ ਦਿੱਤਾ ਹੈ! ਪਰ ਨੋਟਿਸ ਕੀ ਲਿਆ ? ਤਿੰਨ ਮਹੀਨੇ ਬਾਅਦ ਹਲਵਾਰਵੀ ਨੇ ਏਸੇ ਸਬੰਧ ਵਿਚ ਲਿਖੇ ਭਗਵਾਨ ਜੋਸ਼ ਦੇ ਲੇਖ ਦਾ ਨੋਟਿਸ ਲੈ ਲਿਆ ਅਤੇ ਉਸ ਵਿਚ ਉਹੀ ਪਹਿਲੀਆਂ ਗੱਲਾਂ "ਮੈਂ ਨਾ ਮਾਨੂੰ" ਵਾਲੀਆਂ ਦੁਹਰਾ ਦਿਤੀਆਂ ਅਤੇ ਇਸ ਲੇਖ ਬਾਰੇ ਵੀ ਇਹ ਹੂੰਝਾ ਫੇਰੂ ਬਿਆਨ ਦੇ ਦਿਤਾ ਕਿ ਇਹ ਕਿਸ਼ਨ ਸਿੰਘ ਦੀ 'ਕਮਜ਼ੋਰ ਪਰ ਚੁਸਤ ਵਕਾਲਤ" ਹੈ।

ਜਦ ਤੋਂ ਹਲਵਾਰਵੀ ਜੀ ਨੇ ਚੇਤਾਵਨੀ ਦਿਤੀ ਹੈ ਕਿ ਉਹ ਕੁਝ ਲਿਖਤਾਂ ਦਾ ਨੋਟਿਸ ਲੈਣ ਲਗ ਪਏ ਹਨ, ਤਾਂ ਮੈਂ ਵੀ ਉਹਨਾਂ ਦੀਆਂ **ਪੰਜਾਬੀ ਟ੍ਰਿਬਿਊਨ** ਵਿਚ ਛਪਣ ਵਾਲੀਆਂ ਲਿਖਤਾਂ ਬਾਰੇ ਕੁਝ ਸਤਰਕ ਹੋ ਗਿਆ। ਸੋਹਨ ਸਿੰਘ ਜੋਸ਼ ਲਿਖਤ ਪੁਸਤਕ "ਕਾਮਾਗਾਟਾਮਾਰੂ ਦਾ ਦੁਖਾਂਤ" ਦਾ ਰੀਵੀਊ ਕਰਦੇ ਹੋਏ ਆਪ 15.6.80 ਦੇ ਅੰਕ ਵਿਚ ਲਿਖਦੇ ਹਨ : "ਸਭ ਤੋਂ ਪਹਿਲਾਂ ਸਿੱਖ ਫੌਜੀਆਂ ਦੀ ਇਕ ਟੋਲੀ 1897 ਈ. ਵਿਚ ਮਲਕਾ ਵਿਕਟੋਰੀਆ ਦੀ **ਸਿਲਵਰ ਜੁਬਲੀ** ਵਿਚ ਭਾਗ ਲੈਣ ਪਿਛੋਂ ਕੈਨੇਡਾ ਗਈ।" ਵਿਦਵਾਨ ਆਲੋਚਕ ਨੂੰ ਸ਼ਾਇਦ ਪਤਾ ਨਹੀਂ ਕਿ 1897 ਵਿਚ ਮਲਕਾ ਦੇ ਰਾਜ ਦੀ ਸਿਲਵਰ ਜੁਬਲੀ ਨਹੀਂ, ਸਗੋਂ **ਡਾਇਮੰਡ ਜੁਬਲੀ** ਮਨਾਈ ਗਈ ਸੀ। ਫੇਰ ਆਪ ਲਿਖਦੇ ਹਨ ਕਿ "ਯੋਕੋਹਾਮਾ ਤੋਂ ਕੋਬੇ ਤੇ ਹਾਂਗਕਾਂਗ ਹੋ ਕੇ ਜਦੋਂ ਕਾਮਾਗਾਟਾ ਮਾਰੂ ਜਹਾਜ਼ ਸਿੰਘਾਪੁਰ ਦੇ ਪਾਣੀਆਂ ਵਿਚ ਦਾਖ਼ਲ ਹੋਇਆ ਤੇ ਅੰਗਰੇਜ਼ਾਂ ਯਾਤਰੀਆਂ ਨੂੰ ਸ਼ੰਘਾਈ ਤੇ ਸਿੰਘਾਪੁਰ

ਆਦਿ ਨਾ ਉਤਰਨ ਦਿਤਾ।'' ਪਰਤੀਤ ਹੁੰਦਾ ਹੈ ਕਿ ਏਥੇ ਵੀ ਕੋਈ ''ਵਿਧੀਗਤ'' ਨੁਕਸ ਆ ਪਿਆ ਹੈ ਜਾਂ ਭੂਗੋਲਕ ਗਿਆਨ (ਮਾਨ-ਚਿਤਰ ਗਿਆਨ) ਦੀ ਘਾਟ ਹੈ। ਅੰਤ ਵਿਚ ਲਿਖਦੇ ਹਨ : ''ਇਹ ਪੁਸਤਕ ਜਿਥੇ ਪੰਜਾਬੀ ਦੇ **ਇਤਿਹਾਸਕ ਸਾਹਿਤ** ਵਿਚ ਇਕ ਅਹਿਮ ਵਾਧਾ ਹੈ...'' ਲਗਦਾ ਹੈ ਕਿ ਏਥੇ ਸ਼ਬਦ 'ਇਤਿਹਾਸਕ' ਅਤੇ 'ਸਾਹਿਤ' ਦੀ ਗ਼ਲਤ ਵਰਤੋਂ ਹੋਈ ਹੈ, ਕਿਉਂਕਿ ਇਹ ਪੁਸਤਕ ਇਤਿਹਾਸ ਨਾਲ ਸੰਬੰਧ ਰਖਦੀ ਹੈ, ਇਤਿਹਾਸਕ ਸਾਹਿਤ ਨਹੀਂ ਹੈ।

ਅੰਤ ਵਿਚ ਬੇਨਤੀ ਹੈ ਕਿ ਜੇ ਦਾਸ ਤੋਂ ਵੀ ਕੁਝ 'ਵਿਧੀਗਤ' ਅਤੇ 'ਸ਼ੈਲੀਗਤ' ਨੁਕਸ ਰਹਿ ਗਏ ਹੋਣ, ਤਾਂ ਹਲਵਾਰਵੀ ਜੀ ਇਹਨਾਂ ਦਾ ਸਖ਼ਤ ਨੋਟਿਸ ਨਹੀਂ ਲੈਣਗੇ।

**—ਹਿੰਮਤ ਸਿੰਘ ਸੋਢੀ**

o **ਜ਼ਖਮੀ ਹਉਮੈ ਦੀ ਸਾਂਝ** : ਕੁਝ ਕੁ ਨਿਜੀ ਕਾਰਨਾਂ ਕਰਕੇ ਮੈਂ ਪ੍ਰੋ. ਕਿਸ਼ਨ ਸਿੰਘ ਦੇ ਮੇਰੀ ਟਿਪਣੀ ਬਾਰੇ ਜੁਲਾਈ ਅੰਕ ਵਿਚ ਛਪੇ ਲੇਖ ਦਾ ਤੁਰਤ ਜੁਆਬ ਨਹੀਂ ਦੇ ਸਕਿਆ। ਹੁਣ ਭਗਵਾਨ ਸਿੰਘ ਜੋਸ਼ ਦੀ ਇਸ ਬਾਰੇ ਅਗਸਤ ਅੰਕ ਵਿਚ ਛਪੀ ਟਿਪਣੀ ਦਾ ਨਿਪਟਾਰਾ ਵੀ ਨਾਲ ਹੀ ਕਰ ਸਕਾਂਗਾ।

ਕ੍ਰਮ ਅਨੁਸਾਰ ਪਹਿਲਾਂ ਮੈਂ ਪ੍ਰੋ. ਕਿਸ਼ਨ ਸਿੰਘ ਦੇ ਲੇਖ ''ਸਿੱਖ ਲਹਿਰ ਤੇ ਜਾਤ ਪਾਤ'' (**ਸੇਧ**, ਜੁਲਾਈ, 80) ਬਾਰੇ ਚਰਚਾ ਕਰਨੀ ਚਾਹਾਂਗਾ। ਪ੍ਰੋ. ਸਾਹਿਬ ਨੇ ਠੀਕ ਹੀ ਕਿਹਾ ਹੈ ਕਿ ਉਨ੍ਹਾਂ ਦੇ ''ਜੱਟਵਾਦ'' ਵਾਲੇ ਲੇਖ ਵਿਰੁਧ ਮੇਰਾ ਮੂਲ ਇਤਰਾਜ਼ ਇਹੀ ਹੈ ਕਿ ਜਾਤ ਪਾਤ ਦਾ ਮਸਲਾ ''ਜੱਟਵਾਦ'' ਸਿੱਖੀ ਦੇ ਪ੍ਰਸੰਗ ਵਿਚ ਉਠਾਉਣ ਦੀ ਥਾਂ ਸਮੁੱਚੇ ਆਰਥਕ-ਸਮਾਜਕ-ਰਾਜਸੀ ਪ੍ਰਸੰਗ ਵਿਚ ਉਠਾਇਆ ਜਾਣਾ ਚਾਹੀਦਾ ਸੀ। ਪ੍ਰੋ. ਸਾਹਿਬ ਨੂੰ ਮੇਰਾ ਇਹ ਇਤਰਾਜ਼ ''ਅਜੀਬ'' ਜਾਪਿਆ ਹੈ। ਪਰ ਇਹ ਇਸ ਲਈ ਅਜੀਬ ਨਹੀਂ, ਅਤੇ ਜਾਇਜ਼ ਵੀ ਹੈ ਕਿਉਂਕਿ ਇਕ ਮਾਰਕਸਵਾਦੀ ਜਾਤ ਪਾਤ ਦੇ ਮਸਲੇ ਨੂੰ ਇਸੇ ਪ੍ਰਸੰਗ ਵਿਚ ਹੀ ਉਠਾ ਤੇ ਸਮਝ ਸਮਝਾ ਸਕਦਾ ਹੈ, ਕਿਸੇ ਧਾਰਮਿਕ, ਸਭਿਆਚਾਰਕ ਜਾਂ ਸੰਪਰਦਾਇਕ ਪ੍ਰਸੰਗ ਵਿਚ ਨਹੀਂ, ਕਿਉਂਕਿ ਇਨ੍ਹਾਂ ਦਾ ਨਿਰਣਾ ਵੀ ਉਪਰੋਕਤ ਪ੍ਰਸੰਗ ਵਿਚ ਹੀ ਹੋਣਾ ਹੁੰਦਾ ਹੈ।

ਪ੍ਰੋ: ਸਾਹਿਬ ਕਹਿੰਦੇ ਹਨ : ''ਸਿੱਖੀ ਸਾਡਾ ਕਲਚਰਲ ਵਿਰਸਾ ਹੈ।'' ਇਤਿਹਾਸ ਦਾ ਸਧਾਰਨ ਪਾਠਕ ਵੀ ਜਾਣਦਾ ਹੈ ਕਿ ਸਿੱਖ ਲਹਿਰ ਇਕ ਧਾਰਮਿਕ-ਸਮਾਜਕ ਲਹਿਰ ਵਜੋਂ ਸ਼ੁਰੂ ਹੋਈ ਤੇ ਹੌਲੀ ਹੌਲੀ ਸਿਆਸੀ ਲਹਿਰ ਵਿਚ ਵਟ ਗਈ। ਪਰ ਪ੍ਰੋ. ਸਾਹਿਬ ਕਹਿੰਦੇ ਹਨ : ''ਸਿੱਖ ਵਸੋਂ ਵਿਚ ਇਹ ਐਨਾ ਜਿਉਂਦਾ ਜਜ਼ਬਾ ਹੈ ਕਿ ਅੱਜ ਵੀ ਇਸ ਦਾ ਮਜ਼ਬੀ, ਕਲਚਰਲ ਰੋਲ ਹੀ ਨਹੀਂ, ਸਿੱਧਾ ਸਿਆਸੀ ਰੋਲ ਵੀ ਹੈ।'' ਇਨ੍ਹਾਂ ਦਲੀਲਾਂ ਦੇ ਅਰਥ ਇਹ ਬਣਦੇ ਹਨ : (1) ''ਸਾਡਾ ਕਲਚਰਲ ਵਿਰਸਾ'' ਕਹਿ ਕੇ ਪ੍ਰੋ: ਸਾਹਿਬ ਸਿੱਖ ਵਸੋਂ ਦੇ ਪ੍ਰਤੀਨਿਧ ਵਜੋਂ ਬੋਲ ਰਹੇ ਹਨ, (2) ਸਿੱਖੀ ਹੁਣ ਇਕ ਜਥੇਬੰਦ ਸਿਆਸੀ ਲਹਿਰ ਨਹੀਂ ਸਗੋਂ ਇਹ ਕੇਵਲ ''ਸਾਡਾ ਕਲਚਰਲ ਵਿਰਸਾ'' ਤੇ ''ਜਿਉਂਦਾ ਜਜ਼ਬਾ'' ਹੈ ਜਿਸ ਦਾ ''ਸਿੱਧਾ ਸਿਆਸੀ ਰੋਲ ਵੀ ਹੈ।'' ਵਰਤਮਾਨ ਤੱਥਾਂ ਅਨੁਸਾਰ ਇਹ ਫਾਰਮੂਲੇਸ਼ਨ ਕਿੰਨੀ ਕੁ ਸਹੀ ਤੇ ਮਾਰਕਸਵਾਦੀ ਹੈ? ਪ੍ਰੋ: ਕਿਸ਼ਨ ਸਿੰਘ ਅਨੁਸਾਰ ਇਹ ਜਜ਼ਬਾ ਜੱਟਵਾਦ ਦੇ ਪੈਂਤੜੇ 'ਤੇ ਭੁਗਤਾਇਆ ਜਾ ਰਿਹਾ ਹੈ ਅਤੇ ਇਸ ਦੀ ਥਾਂ ਇਸ ਨੂੰ ਪ੍ਰੋਲਤਾਰੀ ਦੇ ਪੈਂਤੜੇ 'ਤੇ ਭੁਗਤਾਇਆ ਜਾਣਾ ਚਾਹੀਦਾ ਹੈ। ਕਿਵੇਂ? ਆਪਣੇ ਪਹਿਲੇ ਲੇਖ ਤੇ ਮੇਰੀਆਂ ਟਿਪਣੀਆਂ ਬਾਰੇ ਲਿਖੇ ਦੋ ਲੰਮੇ ਲੇਖਾਂ ਵਿਚ ਉਨ੍ਹਾਂ ਨੇ ਇਹ ਸਪੱਸ਼ਟ ਕਰਨ ਦੀ ਲੋੜ ਨਹੀਂ ਸਮਝੀ।



ਉਨ੍ਹਾਂ ਨੇ ਤਾਂ ਇਹ ਇਨਕਸ਼ਾਫ਼ ਕਰਨਾ ਹੀ ਕਾਫ਼ੀ ਸਮਝਿਆ ਹੈ ਕਿ ''ਇਹ ਵਿਚਾਰਧਾਰਕ ਜਮਾਤੀ ਜਦੋ-ਜਹਿਦ ਦਾ ਮਸਲਾ ਹੈ।''

ਪ੍ਰੋ: ਸਾਹਿਬ ਨੂੰ ਆਪਣੀ ਹਰ ਗੱਲ, ਭਾਵੇਂ ਉਹ ਇਤਿਹਾਸ, ਆਰਥਕਤਾ ਜਾਂ ਕਿਸੇ ਵੀ ਖੇਤਰ ਦੀ ਹੋਵੇ, ਪੂਰੇ ਦਾਅਵੇ ਨਾਲ, ਹਿੱਕ ਠੋਕ ਕੇ ਕਹਿਣ ਦੀ ਆਦਤ ਹੈ, ਅਤੇ ਏਨੇ ਨਾਲ ਹੀ ਉਹ ਸੰਤੁਸ਼ਟ ਹੋ ਜਾਂਦੇ ਹਨ ਅਤੇ ਸਮਝਦੇ ਹਨ ਕਿ ਪਾਠਕਾਂ ਦਾ ਘਰ ਵੀ ਪੂਰਾ ਹੋ ਗਿਆ ਹੋਵੇਗਾ। ਇਸ ਲਈ ਉਹ ਆਪਣੀਆਂ ਦਿੱਤੀਆਂ ਫਾਰਮੂਲੇਸ਼ਨਾਂ ਬਾਰੇ ਲੋੜੀਂਦੇ ਤੱਥ ਪੇਸ਼ ਕਰਨ ਦੀ ਲੋੜ ਨਹੀਂ ਸਮਝਦੇ। ਮਿਸਾਲ ਵਜੋਂ ਉਨ੍ਹਾਂ ਦੀ ਇਕ ਫ਼ਾਰਮੂਲੇਸ਼ਨ ਦੇਖੋ : ''...ਪਿੰਡ ਦੇ ਸੀਨ 'ਤੇ ਸਰਮਾਇਆ ਪਹੁੰਚ ਗਿਆ ਹੈ। ਪਹੁੰਚ ਹੀ ਨਹੀਂ ਗਿਆ, ਕਾਬਜ਼ ਹੋ ਗਿਆ ਹੈ। ਬੁਰਜੁਆ ਰਿਸ਼ਤੇ ਕਾਇਮ ਹੋ ਗਏ ਹਨ। ਆਰਥਕ ਪੱਧਰ 'ਤੇ ਨਿਖੇੜ ਤੇਜ਼ੀ ਨਾਲ ਹੋ ਰਿਹਾ ਹੈ।'' ਸਾਡੇ ਦੇਸ਼ (ਜਾਂ ਪੰਜਾਬ) ਦੇ ਪੇਂਡੂ ਅਰਥਚਾਰੇ ਦੇ ਪੂਰੀ ਤਰ੍ਹਾਂ ਬੁਰਜੂਆ ਬਣਨ ਬਾਰੇ ਤਾਂ ਏਨੇ ਜ਼ੋਰ ਨਾਲ ਬੁਰਜੁਆ ਅਰਥ-ਸ਼ਾਸਤਰੀ ਵੀ ਦਾਅਵੇ ਨਹੀਂ ਕਰਦੇ। ਕੀ ਪ੍ਰੋ. ਸਾਹਿਬ ਦੇ ਇਸ ਵਤੀਰੇ ਨੂੰ ਉਨ੍ਹਾਂ ਦੀ ਮੌਲਿਕਤਾ ਤੇ ਸਵੈ-ਵਿਸ਼ਵਾਸ ਦੀ ਬਹੁਲਤਾ ਸਮਝਿਆ ਜਾਵੇ ਜਾਂ ਸਵੈ-ਭੁਲੇਖਾ ਤੇ ਹਉਮੈ?

ਉਹ ਅੱਗੇ ਆਖਦੇ ਹਨ : ''ਪਰ ਜੱਟਊਪੁਣਾ ਜਮਾਤੀ ਜਦੋ-ਜਹਿਦ ਦੀ ਮੁਮਕਿਨ ਤੇਜ਼ੀ ਨੂੰ ਢਿੱਡ ਵਿਚ ਪਾਈ ਬੈਠਾ ਹੈ। ਜਮਾਤੀ ਜਦੋ-ਜਹਿਦ ਨੂੰ ਮਰੋੜਾ ਚਾੜ੍ਹ ਕੇ ਜਾਤ-ਪਾਤੀ ਖਹਿ ਬਣਾਈ ਬੈਠਾ ਹੈ।'' ਉਪਰੋਕਤ ਗੱਲ ਨੂੰ ਸਿਧੇ ਸਾਦੇ ਲਫ਼ਜ਼ਾਂ ਵਿਚ ਇਉਂ ਕਿਹਾ ਜਾ ਸਕਦਾ ਹੈ ਕਿ ਅਸਲ ਵਿਚ ਜੱਟਾਂ ਤੇ ਗੈਰ-ਜੱਟਾਂ (ਮੁਖ ਤੌਰ 'ਤੇ ਹਰੀਜਨਾਂ) ਦਾ ਝਗੜਾ ਜਮਾਤੀ ਸੁਆਲ ਹੈ, ਜਾਤ ਪਾਤ ਦਾ ਨਹੀਂ। ਪਰ ਏਨੀ ਸਪੱਸ਼ਟ ਗੱਲ ਆਖਣੀ ਪ੍ਰੋ: ਸਾਹਿਬ ਦੀ ਵਿਦਵਤਾ ਦਾ ਅੰਗ ਨਹੀਂ ਜਾਪਦੀ। ਸੁਆਲ ਪੈਦਾ ਹੁੰਦਾ ਹੈ ਕਿ ਕੀ ਪੇਂਡੂ ਖੇਤਰ ਵਿਚ ਜਮਾਤੀ ਜਦੋ-ਜਹਿਦ ਨੂੰ ਜੱਟਾਂ ਤੇ ਹਰੀਜਨਾਂ ਦਾ ਟਕਰਾਉ ਬਣਾ ਕੇ ਪੇਸ਼ ਕਰਨ ਨਾਲ ਇਸ ਦਾ ਜਮਾਤੀ ਤੱਤ ਲੁਕ ਜਾਂਦਾ ਹੈ? ਇਹ ਭੁਲੇਖਾ ਤਿੰਨ ਦਹਾਕਿਆਂ ਤੋਂ ਦਿੱਲੀ ਵਿਚ ਬੈਠੇ ਪੰਜਾਬ ਬਾਰੇ ਵਿਦੇਸ਼ੀ ਲੇਖਕਾਂ ਦੀਆਂ ਕਿਤਾਬਾਂ ਪੜ੍ਹ ਕੇ ਫ਼ੈਸਲੇ ਦੇਣ ਵਾਲੇ ਕਿਸੇ ਪ੍ਰੋਫ਼ੈਸਰ ਨੂੰ ਤਾਂ ਹੋ ਸਕਦਾ ਹੈ, ਉਨ੍ਹਾਂ ਨੂੰ ਨਹੀਂ ਜਿਨ੍ਹਾਂ ਦਾ ਇਸ ਸਮਸਿਆ ਨਾਲ ਅਕਸਰ ਵਾਹ ਪੈਂਦਾ ਹੈ। ਨਾਲੇ, ਗੱਲ ਆਰਥਕਤਾ ਤੋਂ ਸ਼ੁਰੂ ਕਰਨੀ ਤੇ ਜਾਤ ਪਾਤ ਦੇ ਮਸਲੇ ਨੂੰ ਕੇਵਲ ''ਕਲਚਰਲ'' ਪ੍ਰਸੰਗ ਤੋਂ ਬਾਹਰ ਨਾ ਜਾਣ ਦੇਣਾ ਕਿਧਰ ਦਾ ਮਾਰਕਸਵਾਦ ਹੈ?

ਪ੍ਰੋ: ਸਾਹਿਬ ਲਿਖਦੇ ਹਨ : ''ਅੱਜ ਚੇਤਨਤਾ ਦਾ ਰੂਪ ਸੈਕੂਲਰ ਹੈ। ਮੁਹਾਵਰਾ ਸਾਇੰਟਿਫਿਕ ਹੈ।'' ਭਾਵ ਗੈਰ-ਮਜ਼ਬੀ ਹੈ। ਸਿੱਖੀ ਦੇ ਪ੍ਰਸੰਗ ਵਿਚ ਜਾਤ ਪਾਤ ਦਾ ਸੁਆਲ ਉਠਾਉਣਾ ਕਿੰਨਾ ਸੈਕੂਲਰ ਹੈ? ਜਾਂ ਕੀ ਹੁਣ ਸਿੱਖੀ ਇਕ ਮਜ਼ਬ ਨਾ ਰਹਿ ਕੇ ਨਿਰੋਲ ''ਕਲਚਰਲ ਵਿਰਸਾ'' ਤੇ ''ਜਿਉਂਦਾ ਜਜ਼ਬਾ ਹੀ ਬਣ ਚੁਕੀ ਹੈ?

ਪ੍ਰੋ: ਸਾਹਿਬ ਅੱਗੇ ਲਿਖਦੇ ਹਨ : ''ਅੱਜ ਜਮਾਤ-ਰਹਿਤ ਸਮਾਜ ਦੀ, ਸਰਬਤ ਦੀ ਆਜ਼ਾਦੀ ਦੀ ਸਥਾਪਨਾ ਮੁਮਕਿਨ ਹੀ ਨਹੀਂ, ਇਤਿਹਾਸਕ ਏਜੰਡੇ 'ਤੇ ਹੈ।'' ਇਥੇ ਉਹ ਦੂਰ ਭਵਿੱਖ ਦੀ ਗੱਲ ਨੂੰ ਨੇੜੇ ਦੀ ਸੰਭਾਵਨਾ ਸਮਝਣ ਦੀ ਖ਼ੁਸ਼ਫਹਿਮੀ ਦਾ ਸ਼ਿਕਾਰ ਹਨ, ਅਤੇ ਉਹ ਵੀ ਉਦੋਂ ਜਦੋਂ ''ਜੱਟਊਪੁਣਾ ਜਮਾਤੀ ਜਦੋ-ਜਹਿਦ ਦੀ ਮੁਮਕਿਨ ਤੇਜ਼ੀ ਨੂੰ ਢਿੱਡ ਵਿਚ ਪਾਈ ਬੈਠਾ ਹੈ,'' ਅਤੇ ਜਦੋਂ ਪ੍ਰੋਲਤਾਰੀ ਡਿਕਟੇਟਸ਼ਿਪ ਵਾਲੇ ਰੂਸ, ਚੀਨ ਆਦਿ ਮੁਲਕ ਵੀ ਬੁਰਜੁਆਜ਼ੀ ਤੇ ਬੁਰਜੁਆ ਕਲਚਰ ਨੂੰ ਖਤਮ ਨਹੀਂ ਕਰ ਸਕੇ। ਜੇ ਪ੍ਰੋ. ਸਾਹਿਬ ਨੂੰ ਸਮਾਜਵਾਦੀ ਇਨਕਲਾਬ ਦੇ ਆਉਣ 'ਤੇ ਵੀ ਇਨ੍ਹਾਂ ਦੇ ਖਾਤਮੇ ਬਾਰੇ ਸ਼ੱਕ ਹੈ ਤਾਂ ਉਨ੍ਹਾਂ ਦੀ ਉਪਰੋਕਤ ਧਾਰਨਾ ਸਹੀ ਕਿਵੇਂ ਹੋਈ? ਅਸਲ ਵਿਚ

ਉਹ ਹਰ ਗੱਲ ਏਨੀ ਸ਼ਿੱਦਤ ਨਾਲ ਕਹਿੰਦੇ ਹਨ ਕਿ ਪਹਿਲੀ ਤੇ ਪਿੱਛੋਂ ਕਹੀ ਗੱਲ ਦੇ ਸਬੰਧ ਨੂੰ ਹੀ ਵਿਸਾਰ ਛੱਡਦੇ ਹਨ ।

ਜੇ ਸਮਾਜਵਾਦੀ ਇਨਕਲਾਬ ਤੇ ਪ੍ਰੋਲਤਾਰੀ ਡਿਕਟੇਟਰਸ਼ਿਪ ਅਜੇ ਤਕ ਜਮਾਤੀ ਤੱਤਾਂ ਨੂੰ ਖਤਮ ਨਹੀਂ ਕਰ ਸਕੇ ਤਾਂ ਇਹ ਕੰਮ ਵਰਤਮਾਨ ਸਿੱਖ ਲਹਿਰ ਕਿਵੇਂ ਕਰ ਸਕਦੀ ਹੈ ? ਜੇ ਏਨੇ ਸ਼ਾਨਦਾਰ ਇਤਿਹਾਸ (ਜਿਹੜਾ ਪਤਾ ਨਹੀਂ ਪ੍ਰੋ. ਸਾਹਿਬ ਨੇ ਕਥਾਵਾਚਕ ਸ਼ੈਲੀ ਵਿਚ ਦੁਹਰਾਉਣਾ ਕਿਉਂ ਜ਼ਰੂਰੀ ਸਮਝਿਆ ਹੈ) ਦੇ ਬਾਵਜੂਦ ਸਿੱਖ ਲਹਿਰ ਜਾਤ ਪਾਤ ਨੂੰ ਖਤਮ ਨਹੀਂ ਕਰ ਸਕੀ ਤਾਂ ਆਪਣੀ ਵਰਤ-ਮਾਨ ਸਥਿਤੀ ਵਿਚ ਇਹ ਇਸ ਨਾਲ ਕਿਵੇਂ ਨਿਪਟ ਸਕੇਗੀ ? ਪ੍ਰੋਲਤਾਰੀ ਜਮਾਤ ਸਿੱਖੀ ਦੇ "ਜਜ਼ਬੇ" ਨੂੰ ਆਪਣੇ ਪੈਂਤੜੇ ਤੋਂ ਕਿਵੇਂ "ਭੁਗਤਾ" ਸਕੇਗੀ ?

ਮੇਰੇ ਵਲੋਂ ਇਤਿਹਾਸਕ ਤੱਥਾਂ ਦੀ ਮੰਗ ਕਰਨ ਦੇ ਜੁਆਬ ਵਿਚ ਪ੍ਰੋ. ਕਿਸ਼ਨ ਸਿੰਘ, ਗੁਰੂ ਗੋਬਿੰਦ ਸਿੰਘ ਤੋਂ ਅੱਧੀ ਸਦੀ ਪਿੱਛੋਂ ਤਕ ਚੱਲਣ ਵਾਲੀ "ਮਾਇਆ ਦੇ ਬੰਧਨ ਨੂੰ ਤੋੜਨ ਲਈ ਕੀਤੀ ਗੁਰੀਲਾ ਜੰਗ" ਦਾ ਜ਼ਿਕਰ ਕਰਦੇ ਹਨ । ਕੀ ਇਹ ਗੁਰੀਲਾ ਜੰਗ "ਮਾਇਆ ਦੇ ਬੰਧਨ ਨੂੰ ਤੋੜਨ ਲਈ" ਹੀ ਲੜੀ ਗਈ ? ਇਹ ਹੈ ਪ੍ਰੋ. ਸਾਹਿਬ ਦੀ ਸੈਕੂਲਰ ਚੇਤਨਾ ਤੇ ਸਾਇੰਟਿਫਿਕ ਮੁਹਾਵਰਾ !

ਇਸ ਗੁਰੀਲਾ ਜੰਗ ਦੇ ਤਾਰਕਿਕ ਸਿੱਟੇ ਵਜੋਂ ਵਜੂਦ ਵਿਚ ਆਈ, "ਰਣਜੀਤ ਸਿੰਘ ਦੀ ਆਰਥਕ-ਸਮਾਜਕ ਫਾਰਮੇਸ਼ਨ ਫਿਊਡਲ ਸੀ ।" ਅਤੇ "ਅੰਨ੍ਹਿਆਂ ਨੂੰ ਵੀ ਪਤਾ ਹੈ ਕਿ ਰਣਜੀਤ ਸਿੰਘ ਦੀ ਆਰਥਕ-ਸਮਾਜਕ ਫਾਰਮੇਸ਼ਨ ਵਿਚ ਜਾਤ ਪਾਤ ਸੀ ।" ਸਿੱਖ ਲਹਿਰ ਫਿਊਡਲ ਤੇ ਜਾਤ ਪਾਤ ਵਿਰੁਧ ਲੜੀ ਤੇ ਹੱਥ ਆਈ ਜਾਤ ਪਾਤ ਵਾਲੀ ਫਿਊਡਲ ਫਾਰਮੇਸ਼ਨ । "ਮਾਇਆ ਦੇ ਬੰਧਨ" ਜਿਉਂ ਦੇ ਤਿਉਂ ਕਾਇਮ ਹੀ ਨਹੀਂ ਰਹੇ ਸਗੋਂ ਹੋਰ ਪੱਕੇ ਹੋ ਰਹੇ ਹਨ ਅਤੇ ਸਿੱਖੀ ਵਿਚਲੀ ਜਾਤ ਪਾਤ ਨੂੰ "ਜੱਟਊਪੁਣੇ" ਦਾ ਸੀਮਿੰਟ ਲਗ ਗਿਆ ਹੈ । ਅਜੇ ਵੀ ਪ੍ਰੋ: ਸਾਹਿਬ ਦਾ ਹੁਕਮ ਹੈ ਕਿ ਸਿੱਖੀ "ਜਜ਼ਬੇ" ਨੂੰ ਪ੍ਰੋਲਤਾਰੀ ਦੇ ਪੈਂਤੜੇ ਤੋਂ ਜ਼ਰੂਰ ਭੁਗਤਾਉ, ਭਾਵੇਂ ਕਿਵੇਂ ਕਰੋ !

**ਪਹਿਲੇ ਭਾਗ ਦੀ ਪੋਸਟ ਸਕ੍ਰਿਪਟ** : ਇਸ ਲੇਖ ਦੇ ਦੂਜੇ ਸਫ਼ੇ 'ਤੇ ਪ੍ਰੋ: ਸਾਹਿਬ ਲਿਖਦੇ ਹਨ : "ਮਾਰਕਸਵਾਦੀ ਨੁਕਤੇ ਤੋਂ ਹਲਵਾਰਵੀ ਹੋਰੀਂ ਅਮੂੜ੍ਹ, ਅਨਪੜ੍ਹਾਂ ਵਾਲੀਆਂ ਪਾਣੀ ਮਾਰੀਆਂ ਗੱਲਾਂ ਕਰਦੇ ਹਨ ।" ਲਗਭਗ 13 ਸਫ਼ੇ ਦੇ ਲੇਖ ਦੇ ਅੰਤ ਵਿਚ ਉਹ ਲਿਖਦੇ ਹਨ : "ਹਲਵਾਰਵੀ ਦਾ ਮੈਂ ਮਸ਼ਕੂਰ ਹਾਂ ਕਿ ਉਸ ਨੇ ਇਕ ਨਵੇਂ ਮਜ਼ਮੂਨ, 'ਸਿੱਖ ਲਹਿਰ ਜਾਤ ਪਾਤੀ ਫਿਊਡਲ ਕਲਚਰ ਨਾਲ ਕਿਵੇਂ ਨਿਪਟੀ', 'ਤੇ ਚਰਚਾ ਕਰਵਾ ਲਈ ਹੈ ।" ਯਾਨੀ ਕਿ ਮੇਰੀਆਂ "ਅਨਪੜ੍ਹਾਂ ਵਾਲੀਆਂ, ਪਾਣੀ ਮਾਰੀਆਂ ਗੱਲਾਂ" ਤੋਂ ਵੀ ਪ੍ਰੋ: ਸਾਹਿਬ ਲੇਖ ਲਿਖਣ ਦੀ ਪ੍ਰੇਰਨਾ ਲੈ ਸਕਦੇ ਹਨ; ਅਤੇ ਸਿੱਖ ਲਹਿਰ "ਜਾਤ ਪਾਤੀ ਫਿਊਡਲ ਕਲਚਰ" ਨਾਲ "ਨਿਪਟ" ਚੁੱਕੀ ਹੈ । ਕੀ ਅਜਿਹੀ "ਦਲੀਲਬਾਜ਼ੀ" ਆਪਣੇ ਆਪ ਵਿਚ ਇਕ ਬੌਧਿਕ "ਉਪੱਦਰ" ਨਹੀਂ ? ਸਿਤਮ ਇਹ ਕਿ ਪ੍ਰੋ: ਸਾਹਿਬ ਪੁੱਛਦੇ ਮੈਨੂੰ ਹਨ ਕਿ "ਇਹ ਕਿਹੀ ਦਲੀਲਬਾਜ਼ੀ ਹੈ ?" ਭਗਵਾਨ ਸਿੰਘ ਜੋਸ਼ ਦੇ ਟੂਕਾਂ ਵਰਤਣ ਦੇ ਰਾਖਵੇਂ ਹੱਕ ਵੀ ਅਵੱਗਿਆ ਕਰਦਾ ਹੋਇਆ ਮੈਂ ਗ਼ਾਲਬ ਦੇ ਇਸ ਸ਼ਿਅਰ ਦਾ ਸਹਾਰਾ ਲੈ ਕੇ ਪ੍ਰੋ. ਸਾਹਿਬ ਨੂੰ ਕਹਿਣਾ ਚਾਹਾਂਗਾ : "ਤੁਮ ਹੀ ਕਹੋ ਕਿ ਯੇਹ ਅੰਦਾਜ਼ੇ-ਗੁਫਤਗੂ ਕਿਆ ਹੈ !"

ਨਾ ਚਾਹੁੰਦੇ ਹੋਏ ਵੀ ਭਗਵਾਨ ਸਿੰਘ ਜੋਸ਼ ਦਾ ਨਾਂ ਪਹਿਲੇ ਭਾਗ ਵਿਚ ਆ ਗਿਆ ਹੈ, ਇਸ ਲਈ ਲਗਦੇ ਹੱਥ ਉਸ ਦੀ ਅਗਸਤ ਅੰਕ ਵਿਚ ਛਪੀ ਟਿੱਪਣੀ "ਬਹਿਸ ਦਾ ਮੁੱਦਾ ਕੀ ਸੀ ?" ਦਾ ਨਿਪਟਾਰਾ ਵੀ ਹੋ ਜਾਵੇ ।

ਇਹ ਬੜੀ ਸਪੱਸ਼ਟ ਗੱਲ ਹੈ ਕਿ ਪ੍ਰੋ. ਕਿਸ਼ਨ ਸਿੰਘ ਤੇ ਭਗਵਾਨ ਸਿੰਘ ਜੋਸ਼ ਦੇ ਲੇਖ ਅਤੇ



ਮੇਰੀਆਂ ਟਿੱਪਣੀਆਂ ਇਸ ਵਿਸ਼ੇ ਦੁਆਲੇ ਘੁੰਮਦੀਆਂ ਹਨ ਕਿ ਜਾਤ ਪਾਤ ਦੇ ਮਸਲੇ ਨੂੰ ਸਿੱਖੀ ਦੇ ਪ੍ਰਸੰਗ ਵਿਚ ਉਠਾਇਆ ਜਾਣਾ ਠੀਕ ਹੈ ਜਾਂ ਨਹੀਂ । ਜੋਸ਼ ਨੂੰ ਪਤਾ ਨਹੀਂ ਇਹ ਸ਼ੱਕ ਕਿਵੇਂ ਪੈ ਗਿਆ ਹੈ ਕਿ ਕਿਤੇ ਪਾਠਕ ਇਸ ਨੂੰ ਸਾਡੇ ਦੋਹਾਂ ਦੀ ਨਿੱਜੀ "ਖੁੰਦਕਬਾਜ਼ੀ" ਨਾ ਸਮਝ ਲੈਣ, ਹਾਲਾਂਕਿ ਇਸ ਬਹਿਸ ਵਿਚ ਅਸੀਂ ਦੋ ਨਹੀਂ ਸਗੋਂ ਪ੍ਰੋ: ਸਾਹਿਬ ਸਮੇਤ ਤਿੰਨ ਬੰਦੇ ਸ਼ਾਮਲ ਹਾਂ । ਵਿਚਾਰਧਾਰਕ ਬਹਿਸ ਨੂੰ "ਖੁੰਦਕਬਾਜ਼ੀ" ਕਹਿਣ ਅਤੇ ਸਧਾਰਨ ਪਾਠਕ ਦੀ ਸਮਝ 'ਤੇ ਸ਼ੱਕ ਕਰਨ ਦੀ ਹਿਮਾਕਤ ਜੋਸ਼ ਕਰ ਸਕਦਾ ਹੈ, ਮੈਂ ਨਹੀਂ । ਨਾ ਹੀ ਮੈਂ "ਘੁਣਤਰਬਾਜ਼ ਦਲੀਲਬਾਜ਼ੀ" ਰਾਹੀਂ ਬਹਿਸ ਨੂੰ ਅਸਲ ਮੁੱਦੇ ਤੋਂ ਨਿਖੇੜਨ ਦਾ ਯਤਨ ਕੀਤਾ ਹੈ। ਆਪਣੀਆਂ ਸੰਖੇਪ ਟਿੱਪਣੀਆਂ ਵਿਚ ਮੈਂ ਸਗੋਂ ਮਸਲੇ ਨੂੰ ਵਧੇਰੇ ਸਪੱਸ਼ਟਤਾ ਨਾਲ ਸਮਝਣ ਹਿਤ ਕੁਝ ਪ੍ਰਸ਼ਨ ਉਠਾਏ ਸਨ ਜਿਨ੍ਹਾਂ ਨੂੰ ਪ੍ਰੋ: ਸਾਹਿਬ ਨੇ "ਅਮੂੜ ਅਨਪੜ੍ਹਾਂ ਵਾਲੀਆਂ, ਪਾਣੀਆਂ ਮਾਰੀਆਂ ਗੱਲਾਂ" ਅਤੇ ਜੋਸ਼ ਨੇ "ਉਗੜ ਦੁਗੜੇ ਸਵਾਲਾਂ ਦਾ ਟੋਕਰਾ" ਕਹਿ ਕੇ ਦੁਰਕਾਰ ਦਿਤਾ ਹੈ । ਜਾਪਦਾ ਹੈ ਮੇਰੀਆਂ ਟਿੱਪਣੀਆਂ ਨਾਲ ਇਨ੍ਹਾਂ 'ਜੱਟਊਪੁਣੇ ਦੇ ਵੈਰੀ' ਮਾਰਕਸਵਾਦੀ ਵਿਦਵਾਨਾਂ ਦੀ ਹਉਮੈ ਜ਼ਖ਼ਮੀ ਹੋ ਗਈ ਹੈ ਤਾਂ ਹੀ ਇਹ ਮੈਨੂੰ ਅਜਿਹੇ ਵਿਸ਼ੇਸ਼ਣਾਂ ਨਾਲ ਨਿਵਾਜ ਰਹੇ ਹਨ ।

ਜ਼ਖ਼ਮੀ ਹਉਮੈ ਦੀ ਸਾਂਝ ਤੋਂ ਬਿਨਾਂ ਇਨ੍ਹਾਂ ਦੋਹਾਂ ਵਿਦਵਾਨਾਂ ਵਿਚ ਇਕ ਹੋਰ ਸਾਂਝ ਵੀ ਹੈ ਅਤੇ ਇਹ ਹੈ ਇਕੋ ਸਾਹੇ ਸਵੈ-ਵਿਰੋਧੀ ਗੱਲਾਂ ਕਰਨੀਆਂ । ਪ੍ਰੋ. ਸਾਹਿਬ ਬਾਰੇ ਇਹ ਗੱਲ ਮੈਂ ਪਹਿਲਾਂ ਹੀ ਸਪੱਸ਼ਟ ਕਰ ਚੁੱਕਾ ਹਾਂ, ਜੋਸ਼ ਵੀ ਇਸ ਨੂੰ ਹੁਣ ਇਕ ਗੁਣਕਾਰੀ ਨੁਸਖ਼ੇ ਵਜੋਂ ਵਰਤਣ ਲਗ ਪਿਆ ਹੈ । ਮੇਰੇ ਬਾਰੇ ਉਸ ਦੀਆਂ ਇਹ ਦੋ ਧਾਰਨਾਵਾਂ ਦੇਖੋ :

"ਹਲਵਾਰਵੀ ਆਪਣੀ ਦਲੀਲ ਵਿਧੀ ਵਿਚ ਦੂਹਰਾ ਰੁਖ ਅਪਣਾਉਂਦਾ ਹੈ—ਭੋਲੇ ਭਾਲੇ ਮਾਸੂਮ ਪਾਠਕ ਦਾ ਵੀ ਤੇ ਵਿਦਵਾਨ ਮਾਰਕਸਵਾਦੀ ਦਾ ਵੀ ।"

"ਹਲਵਰਾਵੀ ਦੀ ਆਪਣੀ ਲਿਖਤ ਵਿਚਲੀ ਪਹੁੰਚ 'ਗੰਭੀਰ' ਤੇ 'ਮਜ਼ਾਹੀਆ' ਤੱਤਾਂ ਦੇ ਬੇਤਰਤੀਬੇ ਮਿਸ਼ਰਣ ਤੋਂ ਬਣੀ ਇਕ ਅਜੀਬ ਪਹੁੰਚ ਹੈ ਜੋ ਅਸਲ ਵਿਚ ਨਾ ਗੰਭੀਰ ਹੈ ਤੇ ਨਾ ਹੀ ਮਜ਼ਾਹੀਆ ।"

ਜੇ ਉਸ ਦੀ ਦੂਜੀ ਧਾਰਨਾ ਠੀਕ ਮੰਨ ਲਈਏ ਤਾਂ ਮੇਰੇ "ਵਿਦਵਾਨ ਮਾਰਕਸਵਾਦੀ" ਵਾਲੇ ਰੁਖ ਦਾ ਕੀ ਬਣਿਆ ? ਏਥੇ ਉਹ ਆਪਾ-ਵਿਰੋਧੀ ਹੀ ਨਹੀਂ ਸਗੋਂ ਦਲੀਲ ਵਿਧੀ ਤੇ ਪਹੁੰਚ ਵਿਚਕਾਰ ਵਿਰੋਧ ਵੀ ਘੜ ਬੈਠਦਾ ਹੈ, ਜਿਵੇਂ ਇਹ ਦੋਵੇਂ ਸਮਰੂਪ ਜਾਂ ਪੂਰਕ ਨਾ ਹੋਣ । ਇਸੇ ਤਰ੍ਹਾਂ ਉਹ ਦਲੀਲ ਤੇ ਉਸ ਦੇ ਮੰਤਵ (ਮੋਟਿਵ) ਨੂੰ ਅਲੱਗ ਕਰ ਕੇ ਦੇਖਦਾ ਹੈ । ਜੇ ਮੈਂ ਪ੍ਰੋ. ਸਾਹਿਬ ਦੀ ਮਾਰਕਸਵਾਦੀ ਪਹੁੰਚ 'ਤੇ ਕਿੰਤੂ ਕਰਦਾ ਹਾਂ ਤਾਂ ਉਹ ਇਸ ਦਾ ਅਰਥ ਇਹ ਕੱਢਦਾ ਹੈ ਕਿ ਮੇਰੇ ਅਨੁਸਾਰ ਪ੍ਰੋ. ਸਾਹਿਬ ਨੇ ਕਿਹਾ ਹੀ ਕੁਝ ਨਹੀਂ । (ਜੇ ਮੈਂ ਕਿਸੇ 'ਤੇ ਇਹ ਕਿੰਤੂ ਕਰਾਂ ਕਿ ਉਹ ਰੋਟੀ ਠੀਕ ਢੰਗ ਨਾਲ ਨਹੀਂ ਖਾ ਰਿਹਾ ਤਾਂ ਜੋਸ਼ ਅਨੁਸਾਰ ਇਸ ਦਾ ਭਾਵ ਇਹ ਬਣਦਾ ਹੈ ਕਿ ਉਹ ਕੁਝ ਵੀ ਨਹੀਂ ਖਾ ਰਿਹਾ !)

ਜਦੋਂ ਮੈਂ ਇਹ ਕਹਿੰਦਾ ਹਾਂ ਕਿ ਮੈਂ ਆਪਣੀਆਂ ਦਲੀਲਾਂ ਨੂੰ ਮਾਰਕਸਵਾਦ ਕਹਿਣ ਦਾ ਕਿਤੇ ਦਾਅਵਾ ਨਹੀਂ ਕੀਤਾ ਤਾਂ ਇਹ ਗੱਲ ਮੇਰੀ ਨਿਰਮਾਣਤਾ ਜ਼ਾਹਰ ਕਰਦੀ ਹੈ, ਮਾਰਕਸਵਾਦ ਤੋਂ ਭੱਜਣਾ ਨਹੀਂ । ਜੋਸ਼ ਵਰਗੇ ਯੁਵਕ ਪੀੜ੍ਹੀ ਦੇ ਝੰਡਾ-ਬਰਦਾਰ ਮਾਰਕਸਵਾਦੀ ਵਿਦਵਾਨ ਲਈ ਭਾਵੇਂ ਨਿਰਮਾਣਤਾ ਕੋਈ ਅਰਥ ਨਾ ਰੱਖਦੀ ਹੋਵੇ, ਪਰ ਮੈਂ ਇਸ ਨੂੰ ਸਮਾਜਵਾਦੀ ਕਦਰਾਂ ਕੀਮਤਾਂ ਦਾ ਜ਼ਰੂਰੀ ਅੰਗ ਸਮਝਦਾ ਹਾਂ । ਮੇਰੀਆਂ ਗੱਲਾਂ ਨੂੰ ਇਹ ਵਿਦਵਾਨ ਤਰ੍ਹਾਂ ਤਰ੍ਹਾਂ ਦੇ

ਘਟੀਆ ਵਿਸ਼ੇਸ਼ਣਾਂ ਨਾਲ ਮੁਖ਼ਾਤਬ ਹਨ, ਕੀ ਉਹ ਇਨ੍ਹਾਂ ਨੂੰ, ਮੇਰੇ ਕਹੇ 'ਤੇ, ਸੁਧ ਮਾਰਕਸਵਾਦ ਮੰਨ ਲੈਣਗੇ ? ਹੁਣ ਦੱਸੋ, ਮੈਂ ਉਨ੍ਹਾਂ ਦੇ ਫਤਵਿਆਂ ਨਾਲ ਸਹਿਮਤ ਹੋਵਾਂ ਕਿ ਮਾਰਕਸਵਾਦੀ ਹੋਣ ਦੀਆਂ ਡੀਂਗਾਂ ਮਾਰ ਕੇ ਆਪਣੀ ਸਿਦਕ-ਦਿਲੀ ਦਾ ਸਬੂਤ ਦੇਵਾਂ ?

ਜੋਸ਼ ਦੀਆਂ ਦਲੀਲਾਂ ਨੂੰ ਮੇਰੇ ਵਲੋਂ ਪ੍ਰੋ. ਸਾਹਿਬ ਦੇ ਲੇਖ ਦੀ ਵਕਾਲਤ (ਪ੍ਰੋ. ਸਹਿਬ ਦੀ ਨਹੀਂ, ਜਿਵੇਂ ਕਿ ਜੋਸ਼ ਤੋੜ ਕੇ ਪੇਸ਼ ਕਰਦਾ ਹੈ) ਕਹੇ ਜਾਣ ਨੂੰ ਉਹ ਮਿਹਣਾ ਆਖਦਾ ਹੈ ਅਤ ਨਾਲ ਹੀ ਕਹਿ ਦਿੰਦਾ ਹੈ : "ਪੰਜਾਬੀ ਸਭਿਆਚਾਰਕ ਪ੍ਰਸੰਗ ਵਿਚ ਜਾਤ ਪਾਤ ਦੇ ਮਸਲੇ ਸਬੰਧੀ ਪ੍ਰੋ. ਕਿਸ਼ਨ ਸਿੰਘ ਦੀ ਜੱਟਊਪੁਣੇ ਬਾਰੇ ਮੂਲ ਧਾਰਨਾ ਨੂੰ ਮੈਂ ਠੀਕ ਸਵੀਕਾਰ ਕਰਦਾ ਹਾਂ ਤੇ ਇਸ ਉਪਰ ਅੱਗੇ ਬਹਿਸ ਫੋਕਸ ਕਰਨ ਦੀ ਸ਼ਰ੍ਹੇਆਮ ਵਕਾਲਤ ਕਰਦਾ ਹਾਂ ।" ਕਮਾਲ ਹੈ, ਮੇਰਾ ਮਿਹਣਾ ਹੀ ਉਸ ਦਾ ਜੰਗੀ ਨਾਅਰਾ ਹੋ ਨਿਬੜਦਾ ਹੈ । ਟੂਕਾਂ ਦੀ ਸਹੀ ਵਰਤੋਂ ਦਾ ਢੰਗ ਵੀ ਜੋਸ਼ ਨੂੰ ਹੀ ਆਉਂਦਾ ਹੈ, ਹੋਰ ਕੋਈ ਜੋ ਵੀ ਇਉਂ ਕਰੇਗਾ, ਗਲਤੀ ਹੀ ਖਾਏਗਾ । ਕੀ ਏਨੀ ਹਉਮੈ ਦਾ ਦਿਖਾਵਾ ਉਹ "ਜੱਟਊਪੁਣੇ" ਦੀ ਹੋਂਦ ਨੂੰ ਅਮਲੀ ਰੂਪ ਵਿਚ ਸਿੱਧ ਕਰਨ ਲਈ ਤਾਂ ਨਹੀਂ ਦਿਖਾ ਰਿਹਾ ?

ਪ੍ਰੋ. ਕਿਸ਼ਨ ਸਿੰਘ ਦੇ ਲੇਖ ਨੂੰ ਉਸ ਵਲੋਂ ਮਹੱਤਵਪੂਰਨ ਕਹੇ ਜਾਣ 'ਤੇ ਮੇਰੇ ਕਿੰਤੂ ਦਾ ਮਖੌਲ ਉਡਾਉਂਦਿਆਂ ਉਸ ਨੇ ਕਿਹਾ ਹੈ ਕਿ ਇਸ ਦਾ ਵਿਸ਼ਾ ਹੀ ਮਹੱਤਵਪੂਰਨ ਹੈ ਤੇ ਉਹ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਹੈ । ਫਲਸਰੂਪ ਜਿਸ ਮਸਲੇ 'ਤੇ ਵੀ ਪ੍ਰੋ. ਸਾਹਿਬ ਕਲਮ ਚੁੱਕਣ ਤੇ ਜੋਸ਼ ਉਸ ਨਾਲ ਸਹਿਮਤ ਹੋਵੇ, ਉਹੀ ਵਿਸ਼ਾ ਜਾਂ ਲੇਖ ਮਹੱਤਵਪੂਰਨ ਮੰਨ ਲਿਆ ਜਾਣਾ ਚਾਹੀਦਾ ਹੈ, ਨਹੀਂ ਤਾਂ ਤੁਸੀਂ "ਘੁਣਤਰਬਾਜ਼" ਗਰਦਾਨੇ ਜਾਉਗੇ ।

ਇਸ ਦੇ ਨਾਲ ਹੀ ਉਸ ਨੇ ਸਾਰੀ ਰਾਤ ਰਮਾਇਣ ਸੁਣ ਕੇ ਸਵੇਰੇ ਸਵਾਲ ਪੁੱਛਣ ਵਾਲੀ ਗੱਲ ਵੀ ਕਹੀ ਹੈ । ਉਸ ਅਨੁਸਾਰ ਕਥਾ ਸੁਣਨ ਵਾਲਾ ਹੀ ਹਰ ਵਾਰ ਮੂਰਖ ਮੰਨਿਆ ਜਾਣਾ ਚਾਹੀਦਾ ਹੈ ਅਤੇ ਸੁਣਾਉਣ ਵਾਲਾ ਮਹਾਂ ਪੰਡਤ । ਇਸ ਕਥਾ ਪਿਛਲੀ ਬ੍ਰਾਹਮਣਵਾਦੀ ਚਾਲਾਕੀ ਤੇ ਹੈਂਕੜ ਦਾ ਆਧੁਨਿਕ ਹੱਥ-ਠੋਕਾ ਬਣ ਕੇ ਭਗਵਾਨ ਨੇ ਆਪਣੀ ਹਉਮੈ ਪ੍ਰਵਿਰਤੀ ਦਾ ਹੀ ਵਿਖਾਵਾ ਕੀਤਾ ਹੈ । ਨਾਲੇ, ਪ੍ਰੋ: ਕਿਸ਼ਨ ਸਿੰਘ ਨੇ ਸਿੱਖ ਇਤਿਹਾਸ ਨੂੰ ਇਕ ਭਾਂਤ ਦੀ ਰਮਾਇਣ ਹੀ ਬਣਾ ਦਿਤਾ ਹੈ ਅਤੇ ਜੋਸ਼ ਉਸ ਨੂੰ ਬੜੀ ਸ਼ਰਧਾ ਨਾਲ ਸਿਰ ਹਿਲਾ ਹਿਲਾ ਕੇ ਸਾਰੀ ਰਾਤ ਸੁਣਨ ਪਿਛੋਂ ਸਵੇਰੇ ਸੁਖ ਦੀ ਨੀਂਦ ਸੌਂ ਸਕਦਾ ਹੈ । ਅਜਿਹੀ ਸਥਿਤੀ ਵਿਚ ਮੇਰੇ ਵਰਗੇ ਕਿੰਤੂ ਕਰਨ ਵਾਲੇ ਸਿਧੜਾਂ ਦੀ ਕੀ ਵੱਟੀਦੀ ਹੈ ?

**ਇਕ ਹੋਰ ਪੋਸਟ ਸਕ੍ਰਿਪਟ** : ਮੈਨੂੰ ਜਾਪਦਾ ਹੈ ਕਿ ਪ੍ਰੋ: ਕਿਸ਼ਨ ਸਿੰਘ ਦੇ ਲੇਖਾਂ 'ਤੇ ਟਿੱਪਣੀਆਂ ਲਿਖ ਕੇ ਮੈਂ "ਆ ਬੈਲ ਮੁਝੇ ਮਾਰ" ਵਾਲੀ ਸਥਿਤੀ ਪੈਦਾ ਕਰ ਲਈ ਹੈ । (ਭਗਵਾਨ ਕਹਿ ਸਕਦਾ ਹੈ ਕਿ ਮੇਰੇ ਵਲੋਂ ਇਸ ਅਖਾਣ ਦੀ ਵਰਤੋਂ ਨਾ ਗੰਭੀਰ ਹੈ ਤੇ ਨਾ ਹੀ ਮਜ਼ਾਹੀਆ ।) ਪਰ ਮੇਰਾ ਵਾਹ ਇਕ ਨਹੀਂ ਸਗੋਂ ਦੋ ਮਾਰਕਸਵਾਦੀ ਵਿਦਵਾਨਾਂ ਨਾਲ ਪੈ ਗਿਆ ਹੈ ਜਿਹੜੇ ਸਿੱਖੀ ਨੂੰ ਹੀ "ਪੰਜਾਬੀ ਸਭਿਆਚਾਰਕ ਪ੍ਰਸੰਗ" ਸਮਝ ਕੇ ਜਾਤਪਾਤ ਦੇ ਮਸਲੇ ਨੂੰ ਇਸੇ ਦੇ ਅੰਦਰ ਅੰਦਰ ਹੀ "ਫੋਕਸ" ਕਰਨ ਲਈ ਡਾਂਗਧਾਰੀ 'ਦਲੀਲਬਾਜ਼ੀ' ਵਿਚ ਰੁੱਝੇ ਹੋਏ ਹਨ । ਹੁਣ ਇਕ ਤੀਜੀ "ਸੁਤੰਤਰ ਮਾਰਕਸਵਾਦੀ" ਧਿਰ ਵੀ ਉਨ੍ਹਾਂ ਨਾਲ ਆ ਰਲੀ ਹੈ । ਸੰਪਾਦਕ **ਸੇਧ** ਅਗਸਤ ਅੰਕ ਦੇ ਸਫ਼ਾ 78 'ਤੇ ਫੁਰਮਾਉਂਦੇ ਹਨ : "ਦੂਸਰਾ ਮਸਲਾ ਖੜ੍ਹਾ ਹੋ ਗਿਆ—ਸਿੱਖ ਲਹਿਰ ਤੇ ਜਾਤਪਾਤ ਦਾ । ਹਲਵਾਰਵੀ ਨੇ ਇਸ ਨੂੰ ਭਖਾ ਦਿੱਤਾ । ਸ਼ੁਰੂ ਵਿਚ ਸਾਨੂੰ ਉਸ ਦੀਆਂ ਥਵ੍ਹੀਆਂ ਵਿਚ ਫਸਾਈਆਂ ਬੇਥਵ੍ਹੀਆਂ ਬੁਰੀਆਂ ਲਗੀਆਂ, ਪਰ ਫਿਰ ਚੰਗੀਆਂ ।"



ਬੇਥਵ੍ਹੀਆਂ ਕਿਹੜੀਆਂ ਸਨ ? ਸੰਪਾਦਕ **ਸੇਧ** ਕਿਉਂ ਦੱਸੇ ? ਉਹ ਤਾਂ ਦੂਜੇ ਦੋ ਵਿਦਵਾਨਾਂ ਵਾਂਗ ਫਤਵੇ ਦੇਣ ਦੀ 'ਸਿਹਤਮੰਦ' ਰਵਾਇਤ ਦਾ ਹੀ ਅਨੁਯਾਈ ਹੈ । ਉਸ ਨੂੰ ਮੇਰੀਆਂ ਬੇਥਵ੍ਹੀਆਂ ਚੰਗੀਆਂ ਵੀ ਲਗ ਸਕਦੀਆਂ ਹਨ — ਅਜਿਹੀ 'ਵਿਕਸਤ' ਸੂਝ ਦੇ ਸਦਕੇ ਜਾਈਏ । ਇਨ੍ਹਾਂ ਤਿੰਨਾਂ ਸੱਜਣਾਂ ਦੀ ਨਵੀਂ 'ਇਨਕਲਾਬੀ ਕਤਾਰਬੰਦੀ' ਲਈ 'ਅਦਾਰਾ ਸੇਧ' ਸੱਚਮੁਚ ਵਧਾਈ ਦਾ ਹੱਕਦਾਰ ਹੈ ।

—ਹਰਭਜਨ ਹਲਵਾਰਵੀ

o **ਸੰਰਚਨਾਵਾਦ ਤੇ ਸੰਰਚਨਾਵਾਦੀਏ** : ਪਿਛਲੇ ਪੰਜ ਛੇ ਮਹੀਨਿਆਂ ਤੋਂ **ਸੇਧ** ਦੀਆਂ ਸਫਾਂ 'ਚ ਸੰਰਚਨਾਵਾਦੀਆਂ ਦਾ ਮੱਕੂ ਬੰਨ੍ਹਿਆ ਜਾ ਰਿਹਾ ਹੈ, ਪਰ ਸੰਰਚਨਾਵਾਦੀ ਕੁਸਕ ਨਹੀਂ ਰਹੇ ! ਆਪਣੀ ਵਿਧੀ ਨੂੰ ਸਾਹਿਤ ਅਤੇ ਸਭਿਆਚਾਰ ਦੇ ਸਮਝਣ ਦਾ ਅਨੋਖਾ ਵਿਗਿਆਨ ਕਹਿ ਕੇ ਬੜ੍ਹਕਾਂ ਮਾਰਨ ਵਾਲੇ ਵਿਦਵਾਨ ਗਊ ਦੇ ਜਾਏ ਬਣ ਗਏ ਪ੍ਰਤੀਤ ਹੁੰਦੇ ਹਨ । ਇਨ੍ਹਾਂ ਦੀ ਵਿਧੀ, ਖੋਜ ਅਤੇ ਅਮਲ 'ਤੇ ਗੰਭੀਰ ਕਿੰਤੂ ਹੋਏ ਹਨ ਜਿਹਨਾਂ ਦਾ ਉਤਰ ਦੇਣਾ ਇਹਨਾਂ ਦਾ ਇਖਲਾਕੀ ਫਰਜ਼ ਬਣਦਾ ਹੈ । ਜੋ ਸਖਸ਼ ਸਮਾਜ ਵਿਚ ਕਿਸੇ ਖ਼ਾਸ ਵੰਨਗੀ ਦੇ ਵਿਚਾਰਾਂ ਨੂੰ ਰਵਾਨਗੀ ਦਿੰਦਾ ਹੈ ਉਸ ਸਖਸ਼ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਇਹਨਾਂ ਵਿਚਾਰਾਂ 'ਤੇ ਉਠੇ ਸਵਾਲਾਂ ਦਾ ਸਾਹਮਣਾ ਕਰੇ । ਜੇਕਰ ਕਿਸੇ ਦੇ ਵਿਚਾਰ ਮਨੁੱਖ ਦੇ ਵਿਰੋਧੀ, ਵਿਕਾਸ ਦੇ ਘਾਤਕ, ਲੁਟ ਦੇ ਹਿਮਾਇਤੀ, ਵਿਭਚਾਰ ਦੇ ਵਾਹਨ ਹਨ ਤਾਂ ਵਿਹਨਾਂ ਨੂੰ ਕਿਤੋਂ ਵੀ ਪਰਸੰਸਾ ਨਸੀਬ ਨਹੀਂ ਹੋਣ ਲੱਗੀ । ਇਹ ਵੀ ਹੋ ਸਕਦਾ ਹੈ ਕਿ ਦੂਸਰੇ ਦੇ ਚੰਗੇ ਵਿਚਾਰਾਂ ਨੂੰ ਕੋਈ ਬੰਦਾ ਖੁੰਦਕ ਵਿਚ ਹੀ ਛੁਟਿਆ ਸੁਟੇ । ਅਜੇਹੀ ਅਵੱਸਥਾ ਵਿਚ ਵਿਚਾਰ ਪੇਸ਼ ਕਰਨ ਵਾਲੇ ਸਖਸ਼ ਦਾ ਸਪਸ਼ਟੀਕਰਨ ਪੇਸ਼ ਕਰਨਾ ਅਵੱਸ਼ ਬਣਦਾ ਹੈ ।

ਸੰਰਚਨਾਵਾਦੀਆਂ ਨੇ ਆਪਣੀਆਂ ਲਿਖਤਾਂ ਰਾਹੀਂ, ਆਪਣੀ ਖੋਜ ਰਾਹੀਂ, ਪੰਜਾਬੀ ਸਮਾਜ ਅਗੇ ਕੁਝ ਵਿਚਾਰ ਅਤੇ ਨਿਰਣੇ ਪੇਸ਼ ਕੀਤੇ ਹਨ । **ਸੇਧ** ਰਾਹੀਂ ਪਿਛਲੇ ਕਈ ਮਹੀਨਿਆਂ ਤੋਂ ਜੋ ਇਹਨਾਂ ਵਿਚਾਰਾਂ ਅਤੇ ਨਿਰਣਿਆਂ ਦਾ ਹਸ਼ਰ ਹੋ ਰਿਹਾ ਹੈ ਉਹ ਕਿਸੇ ਤੋਂ ਭੁਲਿਆ ਹੋਇਆ ਨਹੀਂ । ਖਹਿਰੇ ਨੇ ਇਹ ਸਿਧ ਕੀਤਾ ਹੈ ਕਿ ਸੰਰਚਨਾਵਾਦੀ ਸਮਾਜ-ਵਿਰੋਧੀ, ਮਨੁੱਖ-ਵਿਰੋਧੀ ਅਤੇ ਮਾਰਕਸਵਾਦ-ਵਿਰੋਧੀ ਰਚੀ ਗਈ ਇਕ ਸਾਜ਼ਿਸ਼ ਹੈ । ਇਹ ਬੁਰਜੂਆ ਸਮਾਜ ਦੀ ਉਮਰ ਵਧਾਉਣ ਲਈ ਘੜਿਆ ਸੰਦ ਹੈ ਜਿਹੜਾ ਪਰੋਲਤਾਰੀ ਦੇ ਆਸ਼ੇ ਤੇ ਮਨਸ਼ੇ ਦੇ ਬਿਲਕੁਲ ਉਲਟ ਖੜਦਾ ਹੈ । ਇਹ ਨਿਰਣੇ ਉਸ ਨੇ ਸੰਰਚਨਾਵਾਦੀਆਂ ਦੀਆਂ ਲਿਖਤਾਂ ਨੂੰ ਆਧਾਰ ਬਣਾ ਕੇ ਪੇਸ਼ ਕੀਤੇ ਹਨ । ਇਹਨਾਂ ਨਿਰਣਿਆਂ ਨੇ ਇਹ ਸਪੱਸ਼ਟ ਕੀਤਾ ਹੈ ਕਿ ਸੰਰਚਨਾਵਾਦ ਲੋਕਾਂ ਨੂੰ ਗੁਮਰਾਹ ਕਰਨ ਲਈ ਹੀ ਹੋਂਦ ਵਿਚ ਲਿਆਂਦਾ ਗਿਆ ਹੈ । ਸੰਰਚਨਾਵਾਦੀਆਂ ਵਲੋਂ ਸਾਧੀ ਚੁੱਪ, 'ਦੜ ਵੱਟ ਜ਼ਮਾਨਾ ਕੱਟ' ਅਤੇ "ਅਸੀਂ ਅਗੋਂ ਕੁਝ ਨਹੀਂ ਕਹਿਣਾ" ਵਾਲੀ ਪਾਲਿਸੀ ਦਾ ਅਖ਼ਤਿਆਰ ਕਰਨਾ ਆਮ ਪਾਠਕ ਨੂੰ ਇਸ ਨਿਰਣੇ 'ਤੇ ਲਿਆ ਖੜਾ ਕਰਦੇ ਹਨ ਕਿ ਜਾਂ ਤਾਂ ਸੰਰਚਨਾਵਾਦੀਆਂ ਨੇ ਇਸ 'ਵਾਦ' ਨੂੰ ਚੰਗੀ ਤਰ੍ਹਾਂ ਸਮਝਿਆ ਹੀ ਨਹੀਂ ਐਵੇਂ ਅੰਗਰੇਜ਼ੀ ਅਤੇ ਫ਼ਰਾਂਸੀਸੀ ਪੁਸਤਕਾਂ ਵਿਚੋਂ ਨਕਲ ਵਕਲ ਮਾਰ ਕੇ ਹੀ ਇਹ ਵਿਧੀ ਪੰਜਾਬੀ ਵਿਚ ਪ੍ਰਚਲਤ ਕਰਨ ਦੀ ਕੋਸ਼ਿਸ਼ ਕੀਤੀ ਹੈ । (ਇਸੇ ਕਰਕੇ ਆਪਣੇ 'ਵਾਦ' ਦੀ ਰਾਖੀ ਕਰਨ ਜੋਗੀ ਇਹਨਾਂ ਵਿਚ ਸਮਰੱਥਾ ਨਹੀਂ) ਅਤੇ ਜਾਂ ਇਹ ਕਿ ਇਹ ਵਾਦ ਹੀ ਇੰਨਾ ਗਿਆ ਗੁਜ਼ਰਿਆ ਹੈ, ਇਸ ਦੀਆਂ ਮੂਲ ਧਾਰਨਾਵਾਂ, ਸੰਕਲਪ, ਅਤੇ ਬੁਨਿਆਦ ਇੰਨੀ ਮਾੜੀ ਤੇ ਥੋਥੀ ਹੈ ਕਿ ਇਸ ਦੀ ਰਾਖੀ ਕਰਨਾ ਸੰਭਵ ਹੀ ਨਹੀਂ । ਸੰਰਚਨਾਵਾਦੀਆਂ ਨੂੰ ਆਪਣੀ ਚੁੱਪ ਦੇ

ਅਰਥ ਸਪੱਸ਼ਟ ਕਰਨੇ ਚਾਹੀਦੇ ਹਨ।

ਕੁਝ ਅਜੇਹੇ ਸੰਰਚਨਾਵਾਦੀਆਂ 'ਤੇ ਵੀ ਕਿੰਤੂ ਹੋਏ ਹਨ ਜਿਨ੍ਹਾਂ ਦਾ ਸਬੰਧ ਪੰਜਾਬ ਦੀਆਂ ਇਨਕਲਾਬੀ ਸਫ਼ਾਂ ਨਾਲ ਕਿਸੇ ਨਾ ਕਿਸੇ ਤਰ੍ਹਾਂ ਜੁੜਿਆ ਰਿਹਾ ਹੈ। ਉਹ ਹੁਣ ਵੀ ਜ਼ਬਾਨੀ ਕਲਾਮੀ ਆਪਣਾ ਸਬੰਧ ਉਹਨਾਂ ਸਫ਼ਾਂ ਨਾਲ ਜੋੜੀ ਬੈਠੇ ਹਨ। ਉਹ ਆਪਣੇ ਆਪ ਨੂੰ ਇਕ ਮਾਰਕਸਵਾਦੀ ਵਜੋਂ ਪੇਸ਼ ਕਰਦੇ ਹਨ ਪਰ ਉਹਨਾਂ ਦੇ ਵਿਚਾਰਾਂ ਤੋਂ ਉਹ ਉਲਟ-ਮਾਰਕਸਵਾਦੀ ਸਿੱਧ ਹੋਏ ਹਨ। ਮਾਰਕਸਵਾਦੀ ਦਾ ਮਨ ਖੁਲ੍ਹੀ ਕਿਤਾਬ ਹੁੰਦਾ ਹੈ, ਉਸ ਵਿਚ ਨਕਾਬਪੋਸ਼ੀ ਨੂੰ ਕੋਈ ਥਾਂ ਨਹੀਂ। ਅਜੇਹੇ ਸੱਜਣਾਂ ਨੂੰ ਚਾਹੀਦਾ ਹੈ ਕਿ ਜਾਂ ਤਾਂ ਉਹ ਆਪਣੇ ਮਾਰਕਸਵਾਦੀ ਨਾ ਹੋਣ ਬਾਰੇ ਐਲਾਨ ਕਰਨ ਅਤੇ ਜਾਂ ਫਿਰ ਦੱਸਣ ਕਿ ਉਹਨਾਂ ਦੇ ਵਿਚਾਰਾਂ ਦਾ ਮਾਰਕਸਵਾਦ ਨਾਲ ਕੀ ਸਬੰਧ ਹੈ। ਚੁੱਪ ਭਲਮਾਣਸੀ ਦਾ ਸਬੂਤ ਨਹੀਂ, ਪਹਿਲਾਂ ਗ਼ਲਤ ਮਲਤ ਵਿਚਾਰਾਂ ਨੂੰ ਪੇਸ਼ ਕਰਨ ਅਤੇ ਫਿਰ ਆਪਣੇ ਵਲੋਂ ਬੀਬੇ ਰਾਣੇ ਬਣ ਕੇ ਬੈਠੇ ਰਹਿਣ ਦੀ ਚਾਲਾਕੀ ਦਾ ਪ੍ਰਮਾਣ ਹੈ। ਇਹ ਮਾਰਕਸਵਾਦ ਉਪਰ ਧੱਬਾ ਹੈ। ਇਸ ਲਫਾਫੇਬਾਜ਼ੀ ਦਾ ਪਾਜ਼ ਖੁਲ੍ਹਣਾ ਚਾਹੀਦਾ ਹੈ। **—ਸਤੀਸ਼ ਚਾਵਲਾ, ਅਮ੍ਰਿਤਸਰ**

○ **ਗਾਲ੍ਹਾਂ ਦਾ ਪਿੱੜ** : 'ਸੇਧ' ਦੇ ਅਗਸਤ '80 ਅੰਕ ਵਿਚ ਭੁਪਿੰਦਰ ਸਿੰਘ ਖਹਿਰਾ ਦਾ ਲੇਖ 'ਡਾਕਟਰ ਹਰਿਭਜਨ ਸਿੰਘ ਦਾ ਸਾਹਿਤ ਵਿਗਿਆਨ—2' ਪੜ੍ਹਿਆ। ਛੇ ਸਫਿਆਂ ਦੇ ਇਸ ਲੇਖ ਵਿਚ ਬਹੁਤੀ ਥਾਂ ਗਾਲ੍ਹਾਂ ਨੇ ਹੀ ਘੇਰੀ ਹੋਈ ਸੀ। ਸ਼ਾਇਦ ਅਜੇਹੀਆਂ ਗਾਲ੍ਹਾਂ ਪਹਿਲੀ ਵਾਰ ਕਿਸੇ ਸਾਹਿਤਕ ਪਰਚੇ ਵਿਚ ਪੜ੍ਹੀਆਂ ਹਨ।

ਡਾਕਟਰ ਹਰਿਭਜਨ ਸਿੰਘ ਦੇ ਵਿਚਾਰਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਵੱਖਰੀ ਗੱਲ ਹੈ। ਮੈਂ ਭੁਪਿੰਦਰ ਸਿੰਘ ਖਹਿਰਾ ਦੇ ਬਹੁਤੇ ਵਿਚਾਰਾਂ ਨਾਲ ਸਹਿਮਤ ਨਹੀਂ। ਪਰ ਇਸ ਦਾ ਮਤਲਬ ਇਹ ਨਹੀਂ ਕਿ ਮੈਂ ਉਸ 'ਤੇ ਗਾਲ੍ਹਾਂ ਦੀ ਬੁਛਾੜ ਕਰਾਂ ਜਾਂ ਉਸਦੇ ਪਿਛੇ ਬੰਦੂਕ ਚੁਕੀ ਫਿਰਾਂ। ਮੈਂ ਡਾਕਟਰ ਹਰਿਭਜਨ ਸਿੰਘ ਦੇ ਬਹੁਤ ਸਾਰੇ ਵਿਚਾਰਾਂ ਨਾਲ ਵੀ ਸਹਿਮਤ ਨਹੀਂ। ਪਰ ਇਸ ਗੱਲ ਦਾ ਨਿਰਣਾ ਮੈਂ ਕਿਵੇਂ ਕਰ ਸਕਦਾ ਹਾਂ ਕਿ ਮੇਰੀਆਂ ਸਾਰੀਆਂ ਧਾਰਨਾਵਾਂ ਸਹੀ ਹਨ ਅਤੇ ਡਾਕਟਰ ਹਰਿਭਜਨ ਸਿੰਘ ਦੀਆਂ ਗ਼ਲਤ। ਮੈਂ ਤਾਂ ਆਪਣਾ ਵਿਚਾਰ ਪੇਸ਼ ਕਰ ਸਕਦਾ ਹਾਂ। ਆਪਣੀਆਂ ਅਸਹਿਮਤੀਆਂ ਪ੍ਰਗਟ ਕਰ ਸਕਦਾ ਹਾਂ। ਆਲੋਚਨਾਤਮਕ ਅਧਿਐਨ ਪੇਸ਼ ਕਰ ਸਕਦਾ ਹਾਂ।

ਮੈਂ ਸਮਝਦਾ ਹਾਂ ਕਿ ਖਹਿਰਾ ਸਾਹਿਬ ਦੀਆਂ ਵਧੇਰੇ ਗਾਲ੍ਹਾਂ ਉਹਨਾਂ ਦੀ ਆਪਣੀ ਅਣਭੋਲਤਾ ਦਾ ਸਿੱਟਾ ਹੀ ਹਨ। ਉਦਾਹਰਣ ਦੇ ਤੌਰ 'ਤੇ ਸਫ਼ਾ 19 ਉਤੇ ਖਹਿਰਾ ਸਾਹਿਬ ਨੂੰ ਡਾਕਟਰ ਹਰਿਭਜਨ ਸਿੰਘ ਦਾ ਸਮਾਜ ਵਿਗਿਆਨ ਅਤੇ ਭੌਤਿਕ ਵਿਗਿਆਨ ਪ੍ਰਤੀ ਨਜ਼ਰੀਆ ਮਸਤ ਲਗਦਾ ਹੈ। ਖਹਿਰਾ ਸਾਹਿਬ ਬਹੁਤ ਹੈਰਾਨ ਹੁੰਦੇ ਹਨ ਕਿ ਯਥਾਰਥ ਅਤੇ ਉਸ ਦਾ ਅਨੁਭਵ ਦੋ ਵਖੋ ਵੱਖਰੀਆਂ ਇਕਾਈਆਂ ਕਿਵੇਂ ਹੋ ਸਕਦੀਆਂ ਹਨ। ਇਸ ਹੈਰਾਨੀ ਦਾ ਕਾਰਨ ਸਿਰਫ਼ ਇਹੋ ਹੈ ਕਿ ਖਹਿਰਾ ਸਾਹਿਬ ਨੇ ਭੌਤਿਕ ਵਿਗਿਆਨ ਨਹੀਂ ਪੜ੍ਹਿਆ ਹੋਇਆ। ਇਹ ਕੋਈ ਸ਼ਰਮ ਵਾਲੀ ਗੱਲ ਨਹੀਂ। ਇਕ ਮਨੁਖ ਆਖਰ ਕਿੰਨਾ ਕੁ ਪੜ੍ਹ ਸਕਦਾ ਹੈ ? ਪਰ ਮਨੁਖ ਨੂੰ ਇੰਜ ਨਹੀਂ ਸੋਚਣਾ ਚਾਹੀਦਾ ਕਿ ਉਸ ਨੂੰ ਸਭ ਕਾਸੇ ਦਾ ਗਿਆਨ ਹੈ ਅਤੇ ਜੋ ਗੱਲ ਉਸ ਦੀ ਕਾਮਨਸੈਂਸ ਵਿਚ ਫਿਟ ਨਾ ਬੈਠੇ, ਉਸ ਨੂੰ ਗਾਲ੍ਹਾਂ ਕਢਣ ਬੈਠ ਜਾਵੇ।

ਯਥਾਰਥ ਅਤੇ ਅਨੁਭਵ ਦੋ ਵਖੋ ਵੱਖਰੀਆਂ ਇਕਾਈਆਂ ਕਿਵੇਂ ਹਨ ?—ਇਸ ਦਾ ਜੁਆਬ ਦੇਣਾ ਹੀ ਪਵੇਗਾ ਨਹੀਂ ਤਾਂ ਗਾਲ੍ਹਾਂ ਦੀ ਬੁਛਾੜ ਮੇਰੇ ਵਲ ਨੂੰ ਵੀ ਹੋ ਸਕਦੀ ਹੈ। ਖਹਿਰਾ ਸਾਹਿਬ, ਪਾਣੀ



ਨਾਲ ਅੱਧੇ ਕੁ ਭਰੇ ਹੋਏ ਕੱਚ ਦੇ ਗਲਾਸ ਵਿਚ ਪੈਨਸਿਲ ਰਖੋ। ਪੈਨਸਿਲ ਮੁੜੀ ਹੋਈ ਪ੍ਰਤੀਤ ਹੋਵੇਗੀ—ਇਹ ਤੁਹਾਡਾ ਅਨੁਭਵ ਹੈ ਪਰ ਯਥਾਰਥ ਇਹ ਹੈ ਕਿ ਪੈਨਸਿਲ ਮੁੜੀ ਹੋਈ ਨਹੀਂ। ਅਜੇਹੀਆਂ ਹਜ਼ਾਰਾਂ ਕੀ, ਲੱਖਾਂ ਉਦਾਹਰਣਾਂ ਮਿਲ ਸਕਦੀਆਂ ਹਨ। ਇਸੇ ਤਰ੍ਹਾਂ ਰੰਗਾਂ ਦੀ ਵਾਸਤਵ ਵਿਚ ਕੋਈ ਹੋਂਦ ਨਹੀਂ। ਇਹ ਤਾਂ ਸਿਰਫ਼ ਮਨੁਖ ਦੇ ਅਨੁਭਵ ਜਾਂ ਅੱਖਾਂ ਅਤੇ ਦਿਮਾਗ ਦੇ ਵਿਕਾਸ ਦਾ ਸਿੱਟਾ ਹੈ। ਮਨੁਖ ਤੋਂ ਬਿਨਾਂ ਬਾਕੀ ਸਾਰੇ ਮੈਮਲ ਕਾਲਾ ਅਤੇ ਚਿੱਟਾ ਹੀ ਦੇਖਦੇ ਹਨ।

ਇਸ ਤੋਂ ਵੀ ਅੱਗੇ—ਤੁਹਾਡਾ ਲੇਖ ਛਪਿਆ, ਮੇਰੀ ਟਿੱਪਣੀ ਤੁਸੀਂ ਪੜ੍ਹ ਰਹੇ ਹੋ, ਤੁਸੀਂ ਇਸ ਦਾ ਜੁਆਬ ਦਿਓਗੇ। ਭੂਤ, ਵਰਤਮਾਨ ਅਤੇ ਭਵਿਖ ਨਾਲ, ਇਹ ਵੀ ਤਾਂ ਤੁਹਾਡੀ ਸ੍ਵੈ-ਚੇਤੰਨਤਾ ਦਾ ਪਰਿਣਾਮ ਹੀ ਹਨ। ਵਾਸਤਵ ਵਿਚ ਤਾਂ ਇਹਨਾਂ ਦੀ ਵੀ ਕੋਈ ਹੋਂਦ ਨਹੀਂ। ਇਸ ਖ਼ਤ ਵਿਚ ਇਹਨਾਂ ਸਾਰੀਆਂ ਗੱਲਾਂ ਨੂੰ ਵਿਸਤਾਰ-ਸਾਹਿਤ ਸਮਝਾਉਣ ਲਈ ਥਾਂ ਨਹੀਂ। ਮੈਂ ਖਹਿਰਾ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹਨਾਂ ਨੂੰ ਜੇ ਮੇਰੀ ਕਿਸੇ ਗੱਲ ਉਪਰ ਸ਼ੱਕ ਹੋਵੇ ਤਾਂ ਮੈਨੂੰ ਖ਼ਤ ਲਿਖ ਲੈਣ।

ਇਸੇ ਤਰ੍ਹਾਂ ਖਹਿਰਾ ਸਾਹਿਬ ਦੀਆਂ ਵਧੇਰੇ ਅਸਹਿਮਤੀਆਂ ਅਜੇਹੀਆਂ ਗੱਲਾਂ ਨਾਲ ਹੀ ਹਨ ਜਿਹਨਾਂ ਬਾਰੇ ਆਪ ਨੇ ਹਾਲਾਂ ਅਧਿਐਨ ਕਰਨਾ ਹੈ। ਖਹਿਰਾ ਸਾਹਿਬ ਅਨੁਸਾਰ ਸੰਰਚਨਾਵਾਦੀਏ ਜਿਸ ਭਾਸ਼ਾ ਨੂੰ ਝੁਰਲੂ ਸਮਝਦੇ ਹਨ, ਮੇਰੇ ਅਨੁਸਾਰ ਉਹ ਭਾਸ਼ਾ, ਖਹਿਰਾ ਸਾਹਿਬ ਦੀ ਦਲੀਲ ਕਿ ਭਾਸ਼ਾ ਕੇਵਲ ਰਿਸ਼ਤਿਆਂ ਅਤੇ ਵਿਚਾਰਾਂ ਦਾ ਸੰਚਾਰ ਹੀ ਕਰਦੀ ਹੈ, ਨੂੰ ਵੀ ਟੱਪ ਜਾਂਦੀ ਹੈ।

ਪਰ ਮੇਰਾ ਇਸ ਖ਼ਤ ਲਿਖਣ ਦਾ ਮੰਤਵ ਖਹਿਰਾ ਸਾਹਿਬ ਦੇ ਲੇਖ ਨੂੰ ਅਧਿਐਨ ਦਾ ਵਿਸ਼ਾ ਬਣਾਉਣਾ ਨਹੀਂ। ਮੈਂ ਤਾਂ ਸਿਰਫ਼ ਇਸ ਲਈ ਖ਼ਤ ਲਿਖ ਰਿਹਾ ਹਾਂ ਕਿ ਸੰਪਾਦਕ ਨੂੰ ਲੇਖ ਚੰਗੀ ਤਰ੍ਹਾਂ ਪੜ੍ਹਨ ਤੋਂ ਬਾਅਦ ਹੀ ਛਾਪਣਾ ਚਾਹੀਦਾ ਹੈ। ਪਰਚੇ ਵਿਚ ਨਿੱਗਰ ਬਹਿਸ ਤਾਂ ਤੋਰੀ ਜਾ ਸਕਦੀ ਹੈ, ਪਰ ਗਾਲ੍ਹਾਂ ਦਾ ਪਿੜ ਨਹੀਂ ਬਣਾਉਣਾ ਚਾਹੀਦਾ। **—ਅਮਰਜੀਤ ਰਾਮੂਵਾਲ**

○ ਜੁਲਾਈ ਦਾ ਅੰਕ ਪੜ੍ਹ ਕੇ ਹੈਰਾਨੀ ਜਿਹੀ ਹੋਈ ਸੀ। **'ਲੇਖਕ ਪਾਠਕ ਕਹਿੰਦੇ ਹਨ'** ਤੋਂ ਬਿਨਾਂ ਤਾਂ ਪੈਲ ਨ੍ਹੀ ਪੈਂਦੀ।

ਦੂਜਾ ਭੁਪਿੰਦਰ ਖਹਿਰਾ ਦੀ ਪੰਜਾਬੀ ਬਾਰੇ ਜੋ ਇਤਰਾਜ਼ ਕੀਤਾ ਜਾਂਦੈ, ਖਾਂਦੇ ਦੀ ਹਿਲਦੀ ਦਾੜ੍ਹੀ ਵਰਗਾ ਹੈ। ਵਿਦਵਾਨ ਬੈਠਾ ਵੀ ਹਿਮਾਲੀਆ ਦੀ ਟੀਸੀ ਉਤੇ ਹੋਵੇ, ਬੋਲੇ ਵੀ ਘੋਟ-ਘੋਟ ਕੇ 'ਪਸ਼ਤੋ', ਲੋਕ ਵਿਚਾਰੇ ਕੀ ਕਰਨਗੇ ? ਠੁਕਦਾਰ, ਸਰਲ ਤੇ ਮੁਹਾਵਰੇਦਾਰ ਠੇਠ ਪੰਜਾਬੀ ਵਿਚ ਜੇ ਕੋਈ ਸਾਡੇ ਤਕ ਸਿਧਾਂਤ ਦੀ ਸਮਝ ਪਹੁੰਚਾਉਂਦਾ ਹੈ ਤਾਂ ਸ਼ਾਬਾਸ਼ੇ ਉਸ ਦੇ।

ਇਕ ਪਾਸੇ ਪ੍ਰੋ: ਸਾਹਿਬ ਦੀ ਔਖੀ ਬੋਲੀ ਨੂੰ ਪਿੱਟੀ ਜਾਂਦੇ ਐ, ਦੂਜੇ ਪਾਸੇ ਖਹਿਰਾ ਸਾਹਿਬ ਦੀ ਠੇਠ ਤੇ ਲੋਕ ਬੋਲੀ ਨੂੰ ਹਾਏ ! ਹਾਏ !! ਕਰੀ ਜਾਂਦੇ ਐ...ਇਹ ਲੋਕ ਭਾਲਦੇ ਕੀ ਐ, ਸਮਝ ਨਹੀਂ ਪਈ।

ਸਿਧਾਂਤ ਆਖਰ ਸਮਝਣੇ ਔਖੇ ਹੁੰਦੇ ਹਨ। ਬੋਲੀ ਵੀ ਬਹੁਤੀ ਵਾਰ ਔਖੀ ਵਰਤੀ ਜਾਂਦੀ ਹੈ। ਪਰ ਜੇ ਕੋਈ ਸਾਧਨਾ ਕਰਕੇ ਉਸ ਨੂੰ ਲੋਕ-ਮੁਹਾਵਰੇ ਵਿਚ ਲੈ ਆਵੇ ਤਾਂ ਕਿੰਨੀ ਵਧੀਆ ਗੱਲ ਹੈ। ਆਖਰ ਸਮਝਾਉਣਾ ਤਾਂ ਥੱਲੜਿਆਂ ਨੂੰ ਹੀ ਹੈ। ਉਤਲਿਆਂ ਤਾਂ ਟੰਬੇ ਨੀ ਖਿੱਚਣੇ। ਸੋ ਭਾਈ ਸਾਡੇ ਲਈ ਜੇ ਕੋਈ ਸਾਡੀ ਬੋਲੀ 'ਚ ਕਹਿੰਦੈ ਤਾਂ ਧੰਨ ਭਾਗ !

ਕਲਮਾਂ ਵਾਲਿਓ ਜੇ ਨਿਆਣਿਆਂ ਨੂੰ ਪਾਠਕ ਬਣਾਉਣੈ, ਜੇ ਉਹਨਾਂ ਨੂੰ ਜ਼ਬਾਨ ਦੇਣੀ ਹੈ ਤਾਂ

ਵਿਦਵਾਨੋ, ਆਪਣਾ ਘਰੜ-ਗਿਆਨ ਛੱਡ ਕੇ, ਲੇਖਾਂ ਨੂੰ ਸੱਥਾਂ ਤੇ ਖੁੰਢਾਂ ਦੀ ਪੁੱਠ ਚਾੜਨੀ ਪਊ। ਐਵੇਂ ਗੱਲ ਨ੍ਹੀ ਬਣਨੀਂ।

**—ਗੁਰਨਾਮ ਸਿੰਘ, ਸੋਹਣਗੜ੍ਹ**

o **ਉਰਦੂ ਪਰਚੇ "ਇਹਤਿਸਾਬ" ਬਾਰੇ** :— ਅਗਸਤ ਅੰਕ ਵਿਚ **ਸੇਧ** ਨੇ "ਇਹਤਿਸਾਬ" ਪਰਚੇ ਬਾਰੇ ਲੇਖ ਛਾਪ ਕੇ ਸਾਡੀ ਉਤੇਜਨਾ ਨੂੰ ਜਗਾ ਦਿਤਾ ਹੈ। ਪੰਜਾਬ ਵਿਚ ਬਹੁਤ ਲੋਕ, ਖ਼ਾਸ ਕਰ ਪਿਛਲੀ ਪੀੜ੍ਹੀ ਦੇ, ਉਰਦੂ ਅੱਛੀ ਤਰ੍ਹਾਂ ਪੜ੍ਹ ਲਿਖ ਲੈਂਦੇ ਹਨ। ਉਹਨਾਂ ਦੀ ਉਰਦੂ ਜ਼ਬਾਨ ਅਤੇ ਉਰਦੂ ਸਾਹਿਤ ਵਿਚ ਦਿਲਚਸਪੀ ਜਨੂੰਨ ਦੀ ਹਦ ਤਕ ਹੈ। ਅਜਿਹੇ ਲੋਕ ਇਸ ਪਰਚੇ ਨੂੰ ਵੇਖਣਾ, ਖਰੀਦਣਾ ਤੇ ਪੜ੍ਹਨਾ ਚਾਹੁੰਣਗੇ।

**ਸੇਧ** ਨੇ ਇਹ ਨਹੀਂ ਦਸਿਆ ਕਿ ਇਹ ਪਰਚਾ ਕਿਥੋਂ ਤੇ ਕਿਵੇਂ ਮਿਲ ਸਕਦਾ ਹੈ? ਇਸ ਦਾ ਐਡਰੈਸ ਕੀ ਹੈ? ਕੀ ਇਹ ਵਾਹਗੇ ਥਾਣੀ ਡਾਕ ਰਾਹੀਂ ਮੰਗਵਾਇਆ ਜਾ ਸਕਦਾ ਹੈ? ਜਾਂ ਇਸ ਨੂੰ 'ਵਾਇਆ ਇੰਗਲੈਂਡ' ਹੀ ਹਾਸਿਲ ਕੀਤਾ ਜਾ ਸਕਦਾ ਹੈ?

ਹਾਲਾਤ ਦੀ ਸਿਤਮ-ਜ਼ਰੀਫ਼ੀ ਵੇਖੋ! ਨਾ ਇਧਰ ਦੀ 'ਲੋਕ-ਪ੍ਰੀਅ ਜਮਹੂਰੀ ਸਰਕਾਰ' ਅਤੇ ਨਾ ਹੀ ਉਧਰ ਦੀ 'ਇਸਲਾਮ-ਮੁਦੱਈ, ਲੋਕ-ਸੇਵਕ ਫ਼ੌਜੀ ਸਰਕਾਰ' ਦੋਹਾਂ ਦੇਸ਼ਾਂ ਦੇ ਲੋਕਾਂ ਦਾ ਆਪਸ ਵਿਚ ਨਾ ਤਾਂ ਮਿਲਣ ਜੁਲਣ ਆਸਾਨੀ ਨਾਲ ਹੋਣ ਦੇਂਦੀ ਹੈ ਅਤੇ ਨਾ ਹੀ ਕਿਤਾਬਾਂ ਰਸਾਲਿਆਂ ਦਾ ਵਟ-ਵਟਾਂਦਰਾ ਖੁਲ੍ਹ-ਦਿਲੀ ਨਾਲ ਕਰਨ ਦੇਂਦੀ ਹੈ! ਇਧਰ ਅਸਾਂ, ਭਾਰਤ ਦੇ ਲੋਕਾਂ ਨੇ, ਆਪਣੇ "ਮਹਿਬੂਬ ਨੇਤਾਵਾਂ" ਨੂੰ, ਆਪਣੇ "ਲੋਕ-ਪ੍ਰੀਅ ਸਿਆਸਤਦਾਨਾਂ" ਨੂੰ ਚੋਣਾਂ ਰਾਹੀਂ ਆਪਣੇ ਨੁਮਾਇੰਦਿਆਂ ਵਜੋਂ ਚੁਣਿਆ ਹੈ ਤੇ ਦੇਸ਼ ਦੀ ਵਾਗ-ਡੋਰ (ਮਤਲਬ ਆਪਣੀ ਕਿਸਮਤ ਦੀ ਵਾਗ-ਡੋਰ) ਉਹਨਾਂ ਦੇ ਹੱਥ ਦਿਤੀ ਹੈ ਅਤੇ ਉਧਰ "ਪੇਸ਼ਾਵਰ ਸਿਆਸਤਦਾਨਾਂ ਦੀਆਂ ਲੁੱਚ-ਮੰਡਲੀਆਂ ਤੋਂ ਦੇਸ਼ ਨੂੰ ਰਾਹਤ ਦਿਵਾਉਣ ਲਈ" ਇਕ ਫ਼ੌਜੀ ਜੁੰਡਲੀ ਨੇ ਦੇਸ਼ ਦੀ ਵਾਗ-ਡੋਰ ਆਪਣੇ ਹੱਥ ਲੈ ਲਈ ਹੈ। ਹਾਕਮਾਂ ਦਾ ਐਲਾਨਿਆ ਉਦੇਸ਼ ਦੋਹੀਂ ਥਾਈਂ ਹੈ—ਲੋਕ-ਸੇਵਾ! ਅਤੇ ਹੱਥ ਦੋਵਾਂ ਦੇ ਵਿਚ ਹੈ—ਚਾਬੁਕ!! ਸਾਡੀ ਖੱਲ ਉਧੇੜਣ ਲਈ, ਇਕ ਦੂਜੇ ਨਾਲ ਗੱਲ ਕਰਨੋਂ ਸਾਨੂੰ ਰੋਕਣ ਲਈ। ਜੇ ਅਸੀਂ ਇਕ ਦੂਜੇ ਦੀ ਪੀੜ ਨੂੰ ਹੁੰਗਾਰਾ ਦੇਣਾ ਸਿਖ ਗਏ, ਤਾਂ ਇਹਨਾਂ ਦੀ ਸਮਝੋ ਮਾਸੀ ਮੋਈ। ਏਸੇ ਲਈ ਸਾਨੂੰ ਪਤਾ ਏ ਨਾ **ਇਹਤਿਹਾਬ** ਨੇ ਇਧਰ ਪੁਜਣਾ ਹੈ ਅਤੇ ਨਾ **ਸੇਧ** ਨੇ ਉਧਰ। ਇਸ ਲੇਖ ਨੇ, ਖੈਰ, ਸਾਨੂੰ ਹਲੂਣ ਕੇ ਜਗਾ ਜ਼ਰੂਰ ਦਿਤਾ ਹੈ। ਭਾਵੇਂ ਪਲ ਭਰ ਲਈ ਹੀ।

**—ਕਰਨੈਲ ਸਿੰਘ, ਕੋਟ ਮਾੜੀ**

o ਦੁਨੀਆਂ ਦੇ ਸਭ ਗੁਲਾਮਾਂ ਦੀ ਸਾਂਝੀ ਪੀੜ ਨੂੰ ਆਪਣੀ ਪੀੜ ਬਣਾ ਕੇ, ਉਹਨਾਂ ਦੀ ਆਜ਼ਾਦੀ ਦੀ,ਆਜ਼ਾਦੀ ਵਾਸਤੇ ਜਦੋ-ਜਹਿਦ ਦੀ ਆਵਾਜ਼ ਬਣਕੇ **ਇਹਤਿਸਾਬ** ਨੇ ਜਨਮ ਲਿਆ ਹੈ। ਉਸ ਦੇ ਜਨਮ ਲੈਂਦਿਆਂ ਹੀ ਉਸ ਦੀ ਕਿਸੇ ਪਾਸਿਉਂ ਵੀ ਨੁਕਤਾਚੀਨੀ ਕਰਦਿਆਂ ਮਨ ਝਿੱਜਕਦਾ ਹੈ। ਆਜ਼ਾਦੀ ਵਾਸਤੇ ਜਦੋ-ਜਹਿਦ ਖੇਡ ਨਹੀਂ। ਸਿਰ-ਧੜ ਦੀ ਬਾਜ਼ੀ ਹੈ। ਜੋ ਕੁਝ ਕਰਨ ਦਾ **ਇਹਤਿਸਾਬ** ਨੇ ਐਲਾਨ ਕੀਤਾ ਹੈ ਜੇ ਉਸ ਵਿਚ ਹੀ ਗ਼ਲਤੀ ਹੋਵੇ ਤਾਂ ਉਹ ਘਾਤਕ ਸਿਧ ਹੋ ਸਕਦੀ ਹੈ। ਸੋ ਬਾਵਜੂਦ ਮਨ ਦੀ ਝਿੱਜਕ ਦੇ **ਇਹਤਿਸਾਬ** ਦੀ ਕੀਤੇ ਐਲਾਨ ਵਿਚਲੀ ਗ਼ਲਤੀ ਵਲ ਧਿਆਨ ਦਿਵਾਉਣਾ ਲਾਜ਼ਮੀ ਲਗਦਾ ਹੈ।

ਐਲਾਨ ਵਿਚ **ਇਹਤਿਸਾਬ** ਨੇ ਲਿਖਿਆ ਹੈ ਕਿ..."ਅਸੀਂ ਇਹਨਾਂ ਸਫ਼ਿਆਂ ਵਿਚ ਸਮਾਜਵਾਦੀ



ਦੇਸ਼ਾਂ ਦੇ ਸੰਸਾਰ ਅੰਦਰ ਵੀ ਝਾਕਾਂਗੇ ਅਤੇ ਉਹਨਾਂ ਦੀ ਜ਼ਿੰਦਗੀ ਬਾਰੇ ਵੀ ਦਸਾਂਗੇ ਕਿ ਆਖਰ ਇਹ ਕੌਣ ਲੋਕ ਹਨ? ਕਿਵੇਂ ਰਹਿੰਦੇ ਹਨ? ਕਿਹੋ ਜਿਹਾ ਸਾਹਿਤ ਰਚਦੇ ਹਨ? ਆਖਰ ਸਭ ਦੇ ਸਭ ਪੱਛਮੀ ਅਖ਼ਬਾਰਾਂ ਵਿਚ ਅਤੇ ਉਹਨਾਂ ਦੀ ਦੇਖਾ-ਦੇਖੀ ਸਾਡੇ ਅਖ਼ਬਾਰਾਂ ਵਿਚ ਇਹਨਾਂ ਦੇ ਵਿਰੁਧ ਦਿਨ-ਰਾਤ ਇਕ ਕਿਉਂ ਕੀਤੇ ਪਏ ਹਨ।"

ਜਿਨ੍ਹਾਂ ਸਮਾਜਵਾਦੀ ਦੇਸਾਂ ਨਾਲ ਹੁੰਦੇ ਦੀ **ਇਹਤਿਸਾਬ** ਨੇ ਪੀੜ ਮਨਾਈ ਹੈ ਉਹ ਦੇਸ ਅੰਤ ਹਨ ਕੌਣ? ਚੀ ਗਵੇਰਾ ਰੂਸ ਗਿਆ ਸੀ। ਉਥੇ ਕੰਮ ਕਰਦੇ ਲੋਕਾਂ ਨੂੰ ਵੇਖ ਕੇ ਉਸ ਨੇ ਕਿਹਾ ਸੀ, "ਇਹ ਸਮਾਜਵਾਦ ਕਿਹੋ ਜਿਹਾ ਹੈ? ਏਥੇ ਹਰ ਕੋਈ ਆਪੋ ਆਪਣੇ ਲਈ ਪੈਸੇ ਕਮਾਉਣ ਵਾਸਤੇ ਹੀ ਕੰਮ ਕਰਦਾ ਹੈ।" ਜਿਸ ਮੁਲਕ ਵਿਚ ਸਭ ਆਪੋ ਆਪਣੇ ਲਈ ਪੈਸੇ ਕਮਾਉਣ ਵਾਸਤੇ ਹੀ ਕੰਮ ਕਰਨ ਅਤੇ ਇਸ ਵਰਤਾਰੇ ਨੂੰ ਸਹੀ ਸਮਝਿਆ ਜਾਂਦਾ ਹੋਵੇ ਅਤੇ ਪਾਰਟੀ ਇਸ ਦੇ ਵਿਰੁਧ ਕੋਈ ਜਦੋ-ਜਹਿਦ ਨਾ ਕਰ ਰਹੀ ਹੋਵੇ ਉਹ ਮੁਲਕ ਸਮਾਜਵਾਦੀ ਨਹੀਂ ਹੁੰਦਾ। ਅੱਜ ਇਸ ਵਰਤਾਰੇ ਦੇ ਵਿਰੁਧ ਰੂਸ ਵਿਚ ਕੋਈ ਜਦੋ-ਜਹਿਦ ਨਹੀਂ ਕਰਵਾਈ ਜਾ ਰਹੀ। ਪੈਦਾਵਾਰ ਨੰਗੀ ਮੁੰਗੀ ਮੁਨਾਫ਼ੇ ਵਾਸਤੇ ਹੋ ਰਹੀ ਹੈ ਅਤੇ ਕਦਰ ਦੇ ਕਾਨੂੰਨ ਦੇ ਪ੍ਰਵੇਸ਼ ਨੂੰ ਪ੍ਰਵਾਨਗੀ ਹੈ। ਅਸਲੀਅਤ ਇਹ ਹੈ ਕਿ ਰੂਸ ਸਮਾਜਵਾਦੀ ਮੁਲਕ ਨਹੀਂ ਰਿਹਾ। ਉਥੇ ਸਟੇਟ ਬੁਰਜੁਆਜ਼ੀ ਪੂਰੀ ਤਰ੍ਹਾਂ ਕਾਬਜ਼ ਹੋ ਚੁਕੀ ਹੈ। ਰੂਸ ਬੁਰਜੁਆ ਆਰਥਕ ਸਮਾਜਕ ਫਾਰਮੇਸ਼ਨ ਹੈ।

ਏਸੇ ਤਰ੍ਹਾਂ ਮਾਓ ਦੇ ਮਰਨ ਮਗਰੋਂ ਚੀਨ ਵਿਚ ਉਲਟ-ਇਨਕਲਾਬ ਹੋ ਚੁਕਾ ਹੈ। ਚੀਨ ਇਨਕਲਾਬੀ, ਸਮਾਜਵਾਦੀ ਰਾਹ ਸੋਲਾਂ ਆਨੇ ਛੱਡ ਚੁਕਾ ਹੈ ਤੇ ਪੱਕੀ ਤਰ੍ਹਾਂ ਬੁਰਜੁਆ ਰਾਹੇ ਪੈ ਚੁਕਾ ਹੈ। ਪੱਛਮੀ ਸਾਮਰਾਜੀਆਂ ਦੀ ਰੂਸ ਨਾਲ ਦੁਸ਼ਮਣੀ ਇਕ ਧੜੇ ਦੀਆਂ ਬੁਰਜੁਆਜ਼ੀਆਂ ਦਾ ਆਪਣੇ ਸਰੀਕ ਤੇ ਦੁਸ਼ਮਣ ਧੜੇ ਦੀ ਬੁਰਜੁਆਜ਼ੀ ਨਾਲ ਵੈਰ ਤੇ ਮੁਖ਼ਾਲਫਤ ਹੈ; ਇਹ ਸਾਮਰਾਜ ਦੀ ਸਮਾਜਵਾਦ ਨਾਲ ਮੁਖ਼ਾਲਫ਼ਤ ਨਹੀਂ।

ਰੂਸ ਤੇ ਚੀਨ ਦਾ ਆਪਸ ਵਿਚ ਵੈਰ ਵੀ ਦੋ ਬੁਰਜੁਆ ਫਾਰਮੇਸ਼ਨਾਂ ਦੀ ਆਪਸ ਵਿਚ ਖਹਿ ਹੈ। ਰੂਸ ਤੇ ਚੀਨ ਤੇ ਉਹਨਾਂ ਦੇ ਪਿਛਲੱਗ—ਕੋਈ ਵੀ ਸਮਾਜਵਾਦੀ ਨਹੀਂ ਰਹੇ। ਹੁਣ ਲੱਗੇ ਫੱਟਿਆਂ ਮਗਰ ਜਾਣ ਦਾ, ਉਹਨਾਂ ਦੇ ਝਾਂਸੇ ਵਿਚ ਆਉਣ ਦਾ ਵਕਤ ਲੰਘ ਗਿਆ। ਸਾਨੂੰ ਵਫ਼ਾਦਾਰੀ ਦੇਣੀ ਚਾਹੀਦੀ ਹੈ ਲੱਗੇ ਫੱਟਿਆਂ ਦੇ ਪਿੱਛੇ ਖੜੀ ਸਮਾਜਕ ਮਨੁਖੀ ਅਸਲੀਅਤ ਨੂੰ ਜੋਖ ਪਰਖ ਕੇ। ਸਾਡੀ ਵਫ਼ਾਦਾਰੀ ਦੀ ਹੱਕਦਾਰ ਸਿਰਫ਼ ਇਕ ਹੀ ਚੀਜ਼ ਹੈ ਅਤੇ ਉਹ ਹੈ ਬੰਦੇ ਦੀ, ਸਰਬਤ ਦੀ ਆਜ਼ਾਦੀ ਤੇ ਉਸ ਦੇ ਵਾਸਤੇ ਜਦੋ-ਜਹਿਦ। ਆਜ਼ਾਦੀ ਅਖੰਡ ਹੈ ਅਤੇ ਇਕੱਲਾਕਾਰਾ ਕੋਈ ਆਜ਼ਾਦ ਨਹੀਂ ਹੋ ਸਕਦਾ। ਸਾਡਾ ਫਰਜ਼ ਹੀ ਨਹੀਂ, ਸਾਡਾ ਆਪਣਾ ਹਿੱਤ ਹੈ ਕਿ ਆਜ਼ਾਦੀ ਦੀ ਵਸਤੂ ਬਾਬਤ ਆਪਣੇ ਵਰਗੇ ਹਰ ਗੁਲਾਮ ਨੂੰ ਅਸੀਂ ਚਾਨਣਾ ਕਰਵਾਈਏ ਤੇ ਉਸ ਨੂੰ ਆਜ਼ਾਦੀ ਵਾਸਤੇ ਜਦੋ-ਜਹਿਦ ਕਰਨ ਦੇ ਰਾਹੇ ਪਾਈਏ। **—ਇਕ ਪਾਠਕ**

o **ਇਹਤਿਸਾਬ ਕਿਉਂ? ਤੇ ਫੈਜ਼** :—ਸ਼ਾਇਰ ਵਜੋਂ ਫੈਜ਼ ਅਹਿਮਦ ਫੈਜ਼ ਦਾ ਜਿੰਨਾ ਇਜ਼ਤ ਮਾਨ ਕਰੀਏ, ਉਤਨਾ ਥੋੜਾ! ਅਜਿਹੇ ਮਹਾਨ ਸ਼ਾਇਰ ਮਾਵਾਂ ਸਦੀਆਂ ਵਿਚ ਇਕ ਅਧੀ ਵਾਰ ਹੀ ਜੰਮਦੀਆਂ ਨੇ।

ਪਰ ਫੈਜ਼ ਦਾ ਸੁਨੇਹਾ "ਕਲਮਾਂ ਵਾਲਿਓ, ਤੁਸੀਂ ਕੀਹਦੇ ਨਾਲ ਹੋ?" ਪੜ੍ਹ ਕੇ ਬੜੀ ਮਾਯੂਸੀ ਹੋਈ ਹੈ। ਫੈਜ਼ ਅਜ ਅੱਸੀਵਿਆਂ ਵਿਚ ਵੀ ਉਸੇ 'ਜਾਰਗਨ' ਵਿਚ, ਉਸੇ ਮਾਨਸਕਤਾ ਨਾਲ ਗੱਲ ਕਰ

ਰਿਹਾ ਹੈ ਜੋ 40-ਵਿਆਂ ਵਿਚ ਜਾਂ ਹਦ 50-ਵਿਆਂ ਵਿਚ ਸੰਸਾਰ ਭਰ ਵਿਚ ਬੜੀ ਪ੍ਰਚਲਤ ਸੀ। ਇਹ ਲਹਿਜਾ, ਇਹ ਅਦਾ, ਇਹ ਹੋਕਾ ਅੰਮ੍ਰਿਤਾ ਪ੍ਰੀਤਮ ਦੇ ਲਹਿਜੇ ਤੇ ਹੋਕਿਆਂ, ਹੂਕਾਂ ਨਾਲ ਮਿਲਦਾ ਜੁਲਦਾ ਹੈ। ਕੀ ਫੈਜ਼ ਵੀ ਅੰਮ੍ਰਿਤਾ ਵਾਂਗ ਉਸ 40-50ਵਿਆਂ ਦੇ ਪਧਰ 'ਤੇ ਹੀ ਖਿੰਗਰ ਹੋ ਗਿਆ ਸਮਝ ਲਈਏ ? ਨਹੀਂ, ਮਨ ਨਹੀਂ ਮੰਨਦਾ ਕਿ ਇਹ ਗੱਲ ਇੰਜ ਹੋਵੇ। ਪਰ ਫੈਜ਼ ਦੇ ਕਲਮਾਂ ਵਾਲਿਆਂ ਨੂੰ ਹਾਕਾਂ ਮਾਰਨ ਵਿਚ ਅਜਿਹਾ ਜਜ਼ਬਾਤੀਪੁਣਾ ਤੇ ਸਿੱਧਾਪਣ ਹੈ ਜਿਹੋ ਜਿਹਾ ਆਮ ਤੌਰ 'ਤੇ ਸਿਧੜਾਂ ਵਿਚ ਅਕਸਰ ਹੁੰਦਾ ਹੈ।

ਲਗਦਾ ਹੈ ਫੈਜ਼ ਵੀ ਪੁਰਾਣੀ ਪੀੜ੍ਹੀ ਦੇ ਕਈ ਕਾਮਰੇਡਾਂ ਵਾਂਗ ਦੁਨੀਆਂ ਨੂੰ ਦੋ ਸਾਫ਼ ਸੁਥਰੇ, ਸਫ਼ਾਈ ਨਾਲ ਕਟੇ ਹਿੱਸਿਆਂ ਵਿਚ ਵੰਡੀ ਬੈਠਾ ਹੈ। ਇਕ ਪਾਸੇ ਸਾਮਰਾਜੀ ਕੈਂਪ ਅਤੇ ਦੂਜੇ ਪਾਸੇ ਸਮਾਜਵਾਦੀ ਕੈਂਪ। ਇਕ ਦੀ ਵਿਰੋਧਤਾ ਕਰਨੀ ਹੈ ਅਤੇ ਦੂਜੇ ਨੂੰ ਦੁਧ-ਨਹਾਤਾ ਮੰਨ ਕੇ ਉਸ ਦਾ ਗੁਣ-ਗਾਇਣ ਕਰਨਾ ਹੈ...ਤੇ ਆ ਜਾਓ, ਕਲਮਾਂ ਵਾਲਿਓ, ਕਾਫ਼ਲੇ ਦੀ ਸ਼ਕਲ ਵਿਚ...ਤੇ ਇਸ ਗੁਣ-ਗਾਇਣ ਵਿਚ ਸ਼ਾਮਿਲ ਹੋ ਜਾਓ। ਇਸ ਪਹੁੰਚ ਵਿਚਲੀ ਸਾਦਗੀ ਤੇ ਮਾਸੂਮੀਅਤ ਭਾਵੇਂ ਪਿਆਰੀ ਤਾਂ ਲਗਦੀ ਹੈ, ਪਰ ਅਜ ਦੇ ਦੌਰ ਵਿਚ ਇਹ ਪਹੁੰਚ ਯਥਾਰਥ ਨਾਲ ਮੇਲ ਨਹੀਂ ਖਾਂਧੀ ਜਾਪਦੀ।

ਇਕ ਕੋਠਾ ਬੁਸੀਦਾ ਹੋ ਚੁਕਿਆ ਹੈ। ਕੰਧਾਂ ਭੁਰ ਭੁਰ ਕਰ ਰਹੀਆਂ ਹਨ, ਛੱਤ ਥਾਂ ਥਾਂ ਤੋਂ ਚੋ ਰਹੀ ਹੈ। ਇਹ ਕੋਠਾ ਤਾਂ ਢਾਹੁਣਾ ਹੀ ਢਾਹੁਣਾ ਹੈ...ਪਰ ਇਸ ਨੂੰ ਢਾਹ ਕੇ, ਇਸ ਦੀ ਥਾਂ ਜਿਹੜਾ ਕੋਠਾ ਉਸਾਰਣਾ ਹੈ—ਉਹ ਕਿਹੋ ਜਿਹਾ ਹੋਵੇਗਾ—ਇਸ ਦਾ ਤਾਂ ਗਿਆਨ ਹੋਣਾ ਚਾਹੀਦਾ ਹੈ। ਕਿਹੋ ਜਿਹਾ ਕੋਠਾ ? ਉਸ ਦਾ ਨਕਸ਼ਾ ਤਿਆਰ ਹੈ ? ਲੋੜੀਂਦਾ ਸਾਜ਼ੋ-ਸਾਮਾਨ ਇਕੱਠਾ ਕਰ ਲਿਆ ਹੈ ? ਜਿਹਨਾਂ ਨੇ ਪਹਿਲਾਂ ਨਵੇਂ ਕੋਠੇ ਉਸਾਰੇ ਹਨ—ਉਹਨਾਂ ਦੇ ਨਕਸ਼ੇ ਅਤੇ ਹੋਈ ਉਸਾਰੀ ਜਾਂਚ ਪਰਖ ਲਈ ਹੈ ? ਉਹ ਕਿਥੋਂ ਕਿਥੋਂ ਚੋ ਰਹੇ ਹਨ ? ਅਤੇ ਕਿਉਂ ? ਉਹਨਾਂ ਦੀਆਂ ਕੰਧਾਂ ਦੇ ਲੇਪੜ ਕਿਉਂ ਡਿੱਗ ਰਹੇ ਹਨ ? ਦੂਜਿਆਂ ਦੇ ਹੋਏ ਤਜਰਬੇ ਤੋਂ ਸਹੀ ਸਿਖਿਆ ਲੈ ਲੈਣ ਵਿਚ ਲਾਭ ਹੀ ਲਾਭ ਹੈ। ਇਹਨਾਂ ਸਾਰਿਆਂ ਪੱਖਾਂ 'ਤੇ ਖੁਲ੍ਹ ਕੇ ਵਿਚਾਰ ਹੋਣੀ ਚਾਹੀਦੀ ਹੈ ਅਤੇ **ਇਸ ਵਿਚਾਰ-ਵਟਾਂਦਰੇ ਦੇ ਦੌਰਾਨ, ਇਸ ਦੇ ਰਾਹੀਂ** ਪੁਰਾਣੇ ਕੋਠੇ ਨੂੰ ਢਾਹੁਣ ਅਤੇ ਨਵੇਂ ਦੀ ਉਸਾਰੀ ਕਰਨ ਵਾਲਿਆਂ ਦੀ ਸਿਖਲਾਈ ਕਰਨੀ/ਕਰਾਉਣੀ ਲਾਜ਼ਮੀ ਹੈ। ਢਾਹੁਣ ਤੇ ਉਸਾਰਨ ਵਾਲਿਆਂ ਦੇ ਇਰਾਦਿਆਂ ਨੂੰ ਮਜ਼ਬੂਤ ਕਰਨ ਦਾ ਉਧਮ ਤਾਂ ਹੋਣਾ ਹੀ ਚਾਹੀਦਾ ਹੈ, ਪਰ ਨਾਲ ਨਾਲ ਹੀ ਅਜਿਹੀ ਅਕਲ ਤੇ ਜਾਚ ਵੀ ਸਿਖਣੀ ਪਵੇਗੀ ਜੋ ਢਾਹੁਣ ਤੇ ਉਸਾਰਨ ਲਈ ਲੋੜੀਂਦੀ ਸ਼ਕਤੀ ਖੜੀ ਕਰ ਸਕੇ। ਇਥੇ, ਬਸ ਇਥੇ ਹੀ, ਬੁਧੀਜੀਵੀਆਂ ਦੇ ਰੋਲ ਦੀ ਗੱਲ ਆਉਂਦੀ ਹੈ। ਦਲੀਲ ਨਾਲ, ਤਰਕ ਨਾਲ, ਅਕਲ ਨਾਲ ਸਭ ਪ੍ਰਸਥਿਤੀਆਂ ਦੀ ਛਾਣ ਬੀਨ...ਲੁਕਾਉਣਾ ਕੁਝ ਨਹੀਂ...ਸਭ ਕੁਝ ਸਪਸ਼ਟ ਤੇ ਸਰਲ ਢੰਗ ਨਾਲ ਪੇਸ਼ ਕਰਨਾ ਹੈ...ਸੂਝ ਬੂਝ ਨੂੰ ਪ੍ਰਚੰਡ ਕਰਨਾ ਹੈ।

ਇਨਕਲਾਬ ਵਲ ਅਤੇ ਹੋਏ ਇਨਕਲਾਬਾਂ ਦੇ ਪਿਛੋਂ ਦੇ ਹਾਲਾਤ ਵਲ 40-ਵਿਆਂ ਤੇ 50-ਵਿਆਂ ਦੇ ਕਲਮਕਾਰਾਂ ਦੀ ਓਪਰੀ ਜਿਹੀ ਜਜ਼ਬਾਤੀ ਸਾਂਝ ਨਾਲ ਅਜ ਗੱਲ ਨਹੀਂ ਬਣ ਸਕਦੀ। (ਉਦੋਂ ਵੀ ਕਿਹੜੀ ਬਣੀ ਸੀ !) ਜਜ਼ਬਾਤੀ ਸਾਂਝ ਸਮੇਂ ਦੀ ਮਾਰ ਝਲਣ ਦੇ ਯੋਗ ਨਹੀਂ ਹੁੰਦੀ। ਅਸਲ ਸਾਂਝ ਤੱਥਾਂ ਦੀ ਕੋੜੀ ਲਾਮਬੰਦੀ ਦਾ ਸਾਹਮਣਾ ਕੀਤਿਆਂ, ਬਿਨਾਂ ਕਿਸੇ ਭੁਲੇਖੇ ਜਾਂ ਦਿਮਾਗੀ ਧੁੰਦ ਦੇ ਤੱਥਾਂ ਦਾ ਨਿਰਦਈ ਵਿਸ਼ਲੇਸ਼ਣ ਕੀਤਿਆਂ ਹੀ ਪੈਦਾ ਕੀਤੀ ਜਾ ਸਕਦੀ ਹੈ ਅਤੇ ਅਜਿਹੀ ਸਾਂਝ ਹੀ ਦੇਰ ਪਾ ਅਤੇ ਸਾਬਤ-ਕਦਮ ਸਾਬਤ ਹੋ ਸਕਦੀ ਹੈ। **—ਗੁਰਪ੍ਰਤਾਪ ਸਿੰਘ, ਅੰਮ੍ਰਿਤਸਰ**



○ ਮਈ 1980 ਅੰਕ ਵਿਚ "ਸਮਕਾਲੀ ਪੰਜਾਬੀ ਸਮਾਜ ਵਿਚ ਵਿਚਾਰਧਾਰਿਕ ਰੁਝਾਨ" ਦੇ ਸਿਰਲੇਖ ਹੇਠ ਛਪੇ ਭਗਵਾਨ ਸਿੰਘ ਜੋਸ਼ ਦੇ ਜੱਟਪੁਣੇ ਸੰਬੰਧੀ ਪ੍ਰੋ: ਕਿਸ਼ਨ ਸਿੰਘ ਦੇ ਮਜ਼ਮੂਨ ਅਤੇ ਉਸ ਦੀ ਹਰਭਜਨ ਹਲਵਾਰਵੀ ਵਲੋਂ ਆਲੋਚਨਾ ਦਾ ਵਿਸ਼ਲੇਸ਼ਣ ਧੁੰਧਲੀ ਬੁੱਧੀ ਦੇ ਜਾਲਿਆਂ ਨੂੰ ਹੂੰਝਣ ਵਾਲੀ ਤਾਜ਼ੀ ਹਵਾ ਵਾਂਗ ਹੈ। ਕਿਸ਼ਨ ਸਿੰਘ ਦੀਆਂ ਧਾਰਨਾਵਾਂ ਅਤੇ ਹਰਭਜਨ ਦੀ ਨੁਕਤਾ-ਚੀਨੀ ਨੂੰ ਛੰਡ-ਛਾਂਗ ਕੇ ਭਗਵਾਨ ਸਿੰਘ ਨੇ ਉਹਨਾਂ ਦੇ ਮਹੱਤਵਪੂਰਨ ਸਾਰਅੰਸ਼ ਨੂੰ ਉਭਾਰ ਕੇ ਉਲੀਕਿਆ ਹੈ। ਅਥਾਹ ਸਮੁੰਦਰ ਵਿਚੋਂ ਟੋਭਿਆਂ ਦੇ ਮੋਤੀ ਲੱਭਣ ਵਾਂਗ ਜਿਵੇਂ ਕਿਸ਼ਨ ਸਿੰਘ ਨੇ ਆਪਣੀਆਂ ਬੇਅੰਤ ਲਿਖਤਾਂ ਵਿਚ ਸਾਹਿਤ ਰਚਨਾਵਾਂ ਦੇ ਅਨੇਕ ਰੂਪਾਂ ਅਤੇ ਭਿੰਨ ਭਿੰਨ ਸਮਸਿਆਵਾਂ ਦੇ ਅੱਡ ਅੱਡ ਮੁਹਾਵਰਿਆਂ 'ਚੋਂ ਤੱਤ ਵਸਤੂ ਨੂੰ ਨਿਖੇੜ ਕੇ ਉਜਾਗਰ ਕੀਤਾ ਹੈ, ਤਿਵੇਂ ਲਿਖਤ ਦੇ ਵਿਸ਼ਾਲ ਆਕਾਰ ਦੀ ਠੋਸ ਵਸਤੂ ਨੂੰ ਪਰਤੱਖ ਤੌਰ 'ਤੇ ਪਰਗਟਾਉਣਾ ਭਗਵਾਨ ਸਿੰਘ ਦੀ ਦੇਣ ਹੈ। ਜੋਸ਼ ਆਪਣੀਆਂ ਲਿਖਤਾਂ ਦੀ ਖਰ੍ਹਵੀ ਨੁਕਤਾਚੀਨੀ ਦਾ ਵੀ ਮੁਕੱਲਲ ਜਵਾਬ, ਬਿਨਾਂ ਤੁਰਸ਼ੀ, ਚੋਭ ਜਾਂ ਕਟਾਖ਼ਸ਼, ਦੇ ਦੇਂਦੇ ਹਨ। ਬਹਿਸ ਦੇ ਇਸ ਉਚੇ ਮਿਆਰ ਦਾ ਸਬੂਤ ਉਹ ਆਪਣੀ ਅਲੌਕਿਕ ਲੇਖ-ਲੜੀ 'ਗਾਂਧੀ, ਮਾਰਕਸਵਾਦ, ਅਤੇ ਕੌਮੀ ਆਜ਼ਾਦੀ ਦੀ ਲਹਿਰ' ਵਿਚ ਬਤੇਰਾ ਦੇ ਚੁਕੇ ਹਨ।

ਬੁੱਧੀਜੀਵੀਆਂ ਦੇ ਵਿਚਾਰ ਗੋਸ਼ਟੀ ਦੇ ਖੇਤਰ ਵਿਚ ਭਗਵਾਨ ਸਿੰਘ ਦੀ ਇਸ ਬੇਮਿਸਾਲ ਗੰਭੀਰਤਾ ਅਤੇ ਠਰ੍ਹੰਮੇ ਨੂੰ ਅਪਣਾ ਲੈਣ ਦੀ ਭਾਰੀ ਆਵੱਸ਼ਕਤਾ ਹੈ।

ਪਿਛਲੇ ਦੋ ਤਿੰਨ ਅੰਕਾਂ ਵਿਚ ਹੀ ਤੁਸਾਂ **ਸੇਧ** ਨੂੰ ਮਕਬੂਲ, ਆਮ ਮਿਆਰ 'ਤੇ ਲੈ ਆਂਦਾ ਹੈ। ਹੁਣ ਕਿਸੇ ਪਾਠਕ ਨੂੰ ਸ਼ਿਕਾਇਤ ਦੀ ਗੁੰਜਾਇਸ਼ ਨਹੀਂ ਰਹੇਗੀ ਕਿ **ਸੇਧ** ਦੀ ਸਮਝ ਨਹੀਂ ਆਉਂਦੀ। ਹੁਣ ਇਕ ਕਿਸ਼ਨ ਸਿੰਘ ਹੀ ਅਜਿਹਾ "ਕੋੜਕੂ" ਰਹਿ ਗਿਆ ਹੈ ਜਿਹਨੇ ਸ਼ਾਇਦ ਤੁਹਾਡੀ ਨਵੀਂ ਤੋੜੀ ਵਿਚ ਨਹੀਂ ਰਿਝਣਾ। **—ਜਗਜੀਤ ਸਿੰਘ ਸੰਧੂ, ਨਵੀਂ ਦਿੱਲੀ**

○ **ਪੰਜਾਬੀ ਰੀਵੀਊਕਾਰੀ** : ਬਾਈ ਗੁਰਬਚਨ ਭੁੱਲਰ ਦਾ ਪੰਜਾਬੀ ਰੀਵੀਊਕਾਰੀ ਬਾਰੇ ਲਿਖਿਆ ਲੇਖ ਬਹੁਤ ਵਧੀਆ ਸੀ। ਹਕੀਕਤ ਵਿਚ ਪੰਜਾਬੀ ਵਿਚ ਰੀਵੀਊਕਾਰੀ ਦੀਆਂ ਦੋ ਕਿਸਮਾਂ ਹੀ ਹਨ : ਪ੍ਰਸੰਸਾ ਵਾਲੀ ਤੇ ਜਾਂ ਨਿੰਦਿਆ ਵਾਲੀ। ਪਰਸੰਸਾ ਕਰਨੀ ਤਾਂ ਲੇਖਕ ਰੀਵੀਊਕਾਰ, ਦੋਵਾਂ ਦੀ, ਮਜਬੂਰੀ ਹੈ, ਪਰ ਨਿੰਦਿਆ ਕਰਨੀ ਇਕ ਚੰਗੇ ਹਥਿਆਰ ਨੂੰ ਕੋਹਝੇ ਢੰਗ ਨਾਲ ਵਰਤਣਾ ਹੈ। ਉਹ ਇੰਜ ਹੈ ਜਿਵੇਂ ਕੋਈ ਭਾਈ ਜੀ ਕੜਾਹ ਪ੍ਰਸ਼ਾਦ ਵਿਚ ਫੇਰਨ ਵਾਲੀ ਕਿਰਪਾਨ ਕਿਸੇ ਦੀ ਵੱਖੀ ਵਿਚ ਖੋਭ ਦੇਵੇ।

ਅਸਲ ਵਿਚ ਪੰਜਾਬੀ ਵਿਚ ਸੰਤੁਲਤ ਆਲੋਚਨਾ ਹਾਲੇ ਜੰਮੀ ਹੀ ਨਹੀਂ, ਜਾਂ ਇਉਂ ਕਹੋ ਕਿ ਹਾਲੇ ਉਸ ਦਾ ਮੌਸਮ ਹੀ ਨਹੀਂ ਆਇਆ। ਜੇਕਰ ਕੋਈ ਆਲੋਚਕ ਸੰਤੁਲਤ ਹੋਣ ਦਾ ਯਤਨ ਕਰਦਾ ਵੀ ਹੈ ਤਾਂ ਵੀ ਉਸ ਦੀ ਨੀਅਤ 'ਤੇ ਸ਼ੱਕ ਕੀਤਾ ਜਾਂਦਾ ਹੈ। ਖਾਸ ਕਰਕੇ ਨਵੇਂ ਲੇਖਕ ਤਾਂ ਸੰਤੁਲਤ ਆਲੋਚਨਾ ਵਲੋਂ ਬਹੁਤ 'ਅਲਰਜਿਕ' ਹਨ। ਉਹਨਾਂ ਨੂੰ ਸੰਤੁਲਤ ਆਲੋਚਕ ਦੇ ਹੱਥ ਵਿਚਲੀ ਕਲਮ ਛੁਰੀ ਤੇ ਸਿਆਹੀ, ਲਹੂ ਦਿਸਦੀ ਹੈ। ਜਦ ਵੀ ਉਹਨਾਂ ਨੂੰ ਅਵਸਰ ਮਿਲਦਾ ਹੈ, ਤਾਂ ਉਹ ਅਜਿਹੇ ਆਲੋਚਕ ਬਾਰੇ ਆਪਣੀ ਨਫਰਤ ਦਾ ਜ਼ੋਰਦਾਰ ਪ੍ਰਗਟਾਵਾ ਕਰਦੇ ਹਨ।

ਬਾਈ ਗੁਰਬਚਨ ਦੀ ਇਹ ਗੱਲ ਵੀ ਠੀਕ ਹੈ ਕਿ ਪੰਜਾਬੀ ਵਿਚ ਹਰ ਕੋਈ ਸਮਝਦਾ ਹੈ ਕਿ ਉਹ ਰੀਵੀਊਕਾਰ ਹੈ ਅਤੇ ਇਸ ਕੰਮ ਲਈ ਕਿਸੇ ਵਿਸ਼ੇਸ਼ ਗੁਣ ਜਾਂ ਸਾਧਨਾ ਦੀ ਲੋੜ ਨਹੀਂ ਹੈ

ਹਾਲਾਂਕਿ ਲੇਖਕ ਨਾਲੋਂ ਆਲੋਚਕ ਹੋਣਾ ਬਹੁਤ ਔਖਾ ਹੈ ।

ਪੰਜਾਬੀ ਰੀਵੀਊਕਾਰੀ ਦੀ ਇਕ ਮਿਸਾਲ ਮੇਰੇ ਅਜ ਵੀ ਯਾਦ ਹੈ, ਜਿਹੜੀ **ਪ੍ਰੀਤ ਲੜੀ** ਵਿਚ ਕਰਨਜੀਤ ਸਿੰਘ ਨੇ ਬਾਈ ਗੁਰਬਚਨ ਭੁੱਲਰ ਦੀ ਪੁਸਤਕ 'ਸ਼ਬਦ-ਕੋਸ਼' ਬਾਰੇ ਕਈ ਵਰਕੇ ਕਾਲੇ ਕਰ ਕੇ ਦਿਤੀ ਸੀ । ਮੈਨੂੰ ਪਿਛੋਂ ਪਤਾ ਲਗਿਆ ਕਿ ਕਰਨਜੀਤ ਸਿੰਘ ਬਾਈ ਭੁੱਲਰ ਦੇ ਨਾਲ ਇਕੋ ਥਾਂ ਕੰਮ ਕਰਦੇ ਸੀ । ਉਸ ਦੇ ਦਿਲ ਵਿਚ ਬਾਈ ਬਾਰੇ ਨਿੱਜੀ ਸਾੜਾ ਸੀ ਜਿਹੜਾ ਉਹਨੇ ਆਪਣੇ "ਘਰੇਲੂ" ਪਰਚੇ ਵਿਚ ਬਾਈ ਨੂੰ ਕਲਮੀ ਗਾਲ੍ਹਾਂ ਕੱਢ ਕੇ ਠੰਢਾ ਕਰਨ ਦਾ ਕੋਹਝਾ ਜਤਨ ਕੀਤਾ ਸੀ ।

ਦੂਜੀ ਮਿਸਾਲ ਡਾਕਟਰ ਬੇਦੀ (ਵਣਜਾਰਾ) ਦੇ ਲੋਕ-ਧਾਰਾ ਵਿਸ਼ਵ-ਕੋਸ਼ ਬਾਰੇ ਸੋਬਤੀ ਸਾਹਿਬ ਦਾ ਕੀਤਾ ਰੀਵੀਊ ਹੈ । ਮੈਂ ਇਸ ਗੱਲ ਵਿਚ ਨਹੀਂ ਜਾਂਦੀ ਕਿ ਡਾਕਟਰ ਬੇਦੀ ਦੇ ਕੋਸ਼ ਵਿਚ ਕੋਈ ਘਾਟ ਨਹੀਂ ਹੈ । ਪਰੰਤੂ ਜਿਸ ਢੰਗ ਨਾਲ ਸੋਬਤੀ ਸਾਹਿਬ ਨੇ "**ਸੇਧ**" ਵਰਗੇ ਪਰਚੇ ਨੂੰ ਸਾਹਿਤਘਾਤ ਤੇ ਚਰਿਤਰ-ਘਾਤ ਲਈ ਵਰਤਿਆ ਹੈ — ਉਹ ਬਹੁਤ ਭੱਦਾ ਹੈ । ਡਾਕਟਰ ਬੇਦੀ ਇਸ ਪੜਾਅ 'ਤੇ ਸਾਡੀ ਪ੍ਰਸੰਸਾ, ਹੱਲਾ-ਸ਼ੇਰੀ ਅਤੇ ਸਹਾਇਤਾ ਦੇ ਹੱਕਦਾਰ ਹਨ । ਉਹ ਇਕੱਲੇ ਉਹ ਕੰਮ ਕਰ ਰਹੇ ਹਨ ਜਿਹੜਾ ਕੋਈ ਸੰਸਥਾ ਤੇ ਵਿਭਾਗ ਨਹੀਂ ਕਰ ਸਕਦਾ । ਹਾਲੇ ਤਾਂ ਅਸੀਂ ਮਾਣ ਨਾਲ ਇਹ ਕਹਿ ਸਕਦੇ ਹਾਂ ਕਿ ਪੰਜਾਬੀ ਵਿਚ ਲੋਕ-ਧਾਰਾ ਬਾਰੇ ਕੰਮ ਹੋ ਰਿਹਾ ਹੈ, ਪਰ ਜੇਕਰ ਬੇਦੀ ਹੁਰਾਂ ਨੂੰ ਹੀ ਖੁੰਢਾ ਕਰ ਕੇ ਬਹਾ ਦਿਤਾ ਤਾਂ ਫਿਰ ਕੀ ਕਰਾਂਗੇ ?

**—ਸੁਖਵਿੰਦਰ ਕੌਰ, ਬਠਿੰਡਾ**

o "**ਰੀਵੀਊਕਾਰੀ ਦੇ ਰੀਵੀਊਕਾਰ**" : **ਸੇਧ** ਦੇ ਜੂਨ ਅੰਕ ਵਿਚ (ਸਫ਼ੇ 51-57) ਸਾਥੀ ਭੁੱਲਰ ਨੇ ਜਿਸ ਅੰਦਾਜ਼ ਵਿਚ ਸੋਬਤੀ ਸਾਹਿਬ ਨੂੰ "ਰਗੜਾ" ਲਾਇਆ ਹੈ, ਉਹ ਉਸ ਅੰਦਾਜ਼ ਨਾਲੋਂ ਵੀ ਘਟੀਆ ਹੈ ਜਿਸ ਦੀ ਨਾਂ-ਨਿਹਾਦ ਵਰਤੋਂ ਸੋਬਤੀ ਸਾਹਿਬ ਨੇ ਵਣਜਾਰਾ ਬੇਦੀ ਦੀ ਰਚਨਾ **ਪੰਜਾਬੀ ਲੋਕਧਾਰਾ ਵਿਸ਼ਵ-ਕੋਸ਼** ਦਾ ਰੀਵੀਊ ਕਰਨ ਲਗਿਆਂ ਕੀਤੀ ਸੀ । ਜਿਸ ਦੋਸ਼ ਨੂੰ ਸਾਥੀ ਭੁੱਲਰ ਨਿਕਾਰ ਰਿਹਾ ਹੈ, ਆਪ ਉਸੇ ਦੋਸ਼ ਦਾ ਭਾਗੀ ਬਣ ਗਿਆ ਹੈ । ਕਿਆ ਵਚਿਤਰ ਲੀਲ੍ਹਾ ਹੈ !

ਕੁਝ ਨੁਕਤੇ ਸਾਥੀ ਭੁੱਲਰ ਦੀ ਨਜ਼ਰ ਹੇਠ ਲਿਆਉਂਦੇ ਹਾਂ :

— ਸੋਬਤੀ ਸਾਹਿਬ ਨੇ 'ਛਪੀ ਟੈਕਸਟ', ਛਪੇ ਸ਼ਬਦ ਦੀ ਹੀ ਗੱਲ ਕੀਤੀ ਸੀ, ਸਾਥੀ ਭੁੱਲਰ ਨੇ ਜ਼ਾਤੀਆਤ ਉਤੇ ਹਮਲਾ ਕਰਨਾ ਠੀਕ ਸਮਝਿਆ ਹੈ । ਜ਼ਾਤੀਆਤ ਨੂੰ ਤੂਲ ਦੇਣਾ **diversion** ਦਾ ਲਖਾਇਕ ਹੈ । ਜ਼ਾਤੀਆਤ ਦਾ ਮਸਲਾ ਉਦੋਂ ਹੀ ਉਠਾਉਣਾ ਵਾਜਬ ਹੁੰਦਾ ਹੈ ਜਦੋਂ ਆਲੋਚਨਾ ਕਰਨ ਸਮੇਂ ਆਲੋਚਕ ਨੇ ਲੇਖਕ ਦੀ ਕਿਸੇ ਨਿਜੀ/ਜ਼ਾਤੀ ਗੱਲ ਵਲ ਇਸ਼ਾਰਾ ਕੀਤਾ ਹੋਵੇ ।

— ਜ਼ਾਤੀਆਤ ਦਾ ਕੋਈ ਵੀ ਰੂਪ ਹੋਵੇ, ਉਹ ਫ਼ਜ਼ੂਲ ਹੈ, ਬੇਅਰਥ ਹੈ ਜਦ ਕਿ ਹੋਈ ਆਲੋਚਨਾ ਦਾ ਆਧਾਰ 'ਟੈਕਸਟ' ਹੋਵੇ ।

— ਸ਼ੁਧੀ ਪੱਤਰ ਸਦਾ ਕਿਤਾਬ ਦੇ ਨਾਲ ਹੀ ਛਪਿਆ ਕਰਦੇ ਹਨ । ਅਖਰ-ਕ੍ਰਮ (**Alphabetical order**) ਦੀ ਉਲੰਘਣਾ ਦਾ ਸ਼ੁਧੀ-ਪੱਤਰ ਕਿਵੇਂ ਤਿਆਰ ਹੋਵੇਗਾ ?

— ਹਵਾਲਿਆਂ ਬਾਰੇ ਸਾਥੀ ਭੁੱਲਰ ਦਾ ਇਹ ਵਿਚਾਰ ਕਿ ਹਵਾਲਿਆਂ ਦੀ ਮਹੱਤਤਾ ਕੇਵਲ ਇਕ ਦੋ ਖੋਜੀਆਂ ਲਈ ਹੀ ਹੁੰਦੀ ਹੈ ਬਿਲਕੁਲ ਅਰਥਹੀਣ ਹੈ । ਕੀ ਵਿਸ਼ਵ-ਕੋਸ਼ **street man** ਲਈ ਤਿਆਰ ਕੀਤਾ ਜਾਂਦਾ ਹੈ ?

—ਵਿਸ਼ੇਸ਼ਗਾਂ ਦੇ ਪੈਨਲ ਦੀ ਗੱਲ ਸੋਬਤੀ ਸਾਹਿਬ ਨੇ ਤਕਨੀਕੀ ਖਾਮੀਆਂ ਦੇ ਸਬੰਧ ਵਿਚ



ਕੀਤੀ ਸੀ । ਇਹ ਖਾਮੀਆਂ ਕਿਸੇ ਵੀ ਪ੍ਰਕਾਰ ਦੇ ਕੋਸ਼ ਵਿਚ ਹੋ ਸਕਦੀਆਂ ਹਨ । ਸੋਬਤੀ ਸਾਹਿਬ ਨੇ **folklore** ਦੇ ਵਿਸ਼ੇਸ਼ੱਗਾਂ ਦੀ ਗੱਲ ਨਹੀਂ ਸੀ ਕੀਤੀ, ਤਕਨੀਕੀ ਖ਼ਾਮੀਆਂ ਨੂੰ ਦੂਰ ਕਰਨ ਲਈ ਇਹ ਸਲਾਹ ਦਿਤੀ ਸੀ । ਸਾਥੀ ਭੁਲਰ ਨੇ 'ਫੋੜਾ ਕਿਤੇ ਨਸ਼ਤਰ ਕਿਤੇ' ਵਾਲਾ ਅਨਾੜੀਪੁਣਾ ਕੀਤਾ ਹੈ ।

—ਸਾਥੀ ਭੁਲਰ ਦਾ ਬੇਦੀ ਸਾਹਿਬ ਨੂੰ ਧੁਰ ਅਸਮਾਣੇ ਚੁਕਣਾ ਅਤੇ ਸੋਬਤੀ ਸਾਹਿਬ ਨੂੰ ਚਾਰੇ ਖੁਰ ਚੁਕ ਕੇ ਪੈ ਜਾਣਾ ਮਨ ਵਿਚ ਕੁਦਰਤੀ ਇਸ ਖ਼ਿਆਲ ਨੂੰ ਜਨਮ ਦੇਂਦਾ ਹੈ ਕਿ ਇਹ ਕਿਤੇ "ਮੈਂ ਵੀ ਦਰਜੀ, ਤੂੰ ਵੀ ਦਰਜੀ" (ਤਾਰਾ ਸਿੰਘ ਕਾਮਲ ਦੀ ਮਸ਼ਹੂਰ ਕਵਿਤਾ) ਵਾਲੀ ਗੱਲ ਤਾਂ ਨਹੀਂ ? ਇਹ ਕਿਤੇ ਕੋਸ਼-ਲੇਖਕ-ਬਰਾਦਰੀ ਦੀ ਕੁੜਮਾਂਚਾਰੀ ਤਾਂ ਨਹੀਂ ਹੈ ?

**—ਸੁਰਿੰਦਰ ਸਿੰਘ, ਜਵਾਹਰ ਨਗਰ**

## ਪ੍ਰਾਪਤ ਪੁਸਤਕਾਂ

* **ਤਿਨ ਕੋਣ** (ਕਾਵਿ ਸੰਗ੍ਰਹਿ);
  ਇਕਬਾਲ ਰਾਮੂਵਾਲੀਆਂ, ਸੁਰਿੰਦਰ ਧਾਂਜਲ, ਸੁਖਿੰਦਰ; ਵਤਨੋਂ ਦੂਰ ਪਬਲੀਕੇਸ਼ਨਜ਼, ਪੋਸਟ ਬਾਕਸ 67681, ਪੋਸਟਲ ਸਟੇਸ਼ਨ 'ਓ' ਵੈਨਕੂਵਰ, ਬੀ. ਸੀ. ਕਨੈਡਾ, ਸਫ਼ੇ : 30, ਮੁਲ : ਤਿੰਨ ਡਾਲਰ
* **ਲੋਕਾਇਤ** (ਦਰਸ਼ਨ, ਸਾਹਿਤ-ਸਮੀਖਿਆ ਲੜੀ ਨੰ: 1) ਰਿਪੂਦਮਨ ਤੇ ਜਾਰਜ ਨੋਵੇਕ ਦੇ ਦੋ ਲੇਖ ਮਾਰਕਸਵਾਦ ਅਤੇ ਅਸਤਿਤਵਵਾਦ ਬਾਰੇ, ਸਫ਼ੇ : 44 ਮੁਲ ਢਾਈ ਰੁਪੈ
* **ਫਰਕ** (ਪੰਜ ਹਿੰਦੀ ਕਹਾਣੀਆਂ), ਸੰਪਾਦਕ ਤੇ ਅਨੁਵਾਦਕ : ਅਮਰਜੀਤ ਚੰਦਨ, ਸਫ਼ੇ : 110, ਮੁਲ : ਪੰਜ ਰੁਪੈ (ਲਾਇਬਰੇਰੀ ਐਡੀਸ਼ਨ : ਦਸ ਰੁਪੈ)
  ਉਪਰਲੀਆਂ ਦੋਵੇਂ ਪੁਸਤਕਾਂ ਲੋਕਾਇਤ ਪ੍ਰਕਾਸ਼ਨ, 57-59, ਸੈਕਟਰ 17 ਸੀ, ਚੰਡੀਗੜ੍ਹ ਦੀਆਂ ਹਨ ।

**Send subscriptions & donations to :**

*** MR. P.S. Mahai**
**35, FURROW WAY**
**MAIDENHEAD,**
**BERKS, U.K.**

*** Mr. G.S. PANNU**
**3362 E, 29th AVE.,**
**VANCOUVER-16 (B.C.)**

**Frice : Rs. 2.00 per copy**
**Subscription :**
**Annual (India) : Rs. 20**
**U.K., U.S.A., Canada : Rs. 100 (By air)**
**(Pakistan) : Rs. 40**
**Life membership : Rs. 200 (India)**
**Rs. 1,000 (Foreign)**

ਨੋਟ : ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 21.7.73 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ ।

## ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ

1979–80

ਪ੍ਰਾਪਤੀਆਂ :

1. ਸੋਧੇ ਹੋਏ ਪਾਠ ਕ੍ਰਮਾਂ ਅਨੁਸਾਰ 34 ਨਵੀਆਂ ਪੁਸਤਕਾਂ ਤਿਆਰ ਕਰਵਾ ਕੇ ਕੁਲ 363 ਪਾਠ ਪੁਸਤਕਾਂ ਦੇ ਕ੍ਰਮੀ-ਕਰਨ ਦਾ ਟੀਚਾ ਪੂਰਾ ਕੀਤਾ। ਇਨ੍ਹਾਂ ਪੁਸਤਕਾਂ ਦੀ ਵਿਕਰੀ ਤੋਂ 2,75,13,485/- ਰੁਪੈ ਦੀ ਰਿਕਾਰਡ ਤੋੜ ਆਮਦਨ ਹੋਈ।
2. ਰਾਜ ਭਰ ਦੇ ਵਿਦਿਆਰਥੀਆਂ ਦੇ ਬਹੁ-ਪੱਖੀ ਵਿਦਿਅਕ ਮੁਕਾਬਲੇ ਕਰਵਾ ਕੇ ਜੇਤੂਆਂ ਨੂੰ ਸਨਮਾਨਿਤ ਕੀਤਾ।
3. 6500 ਹੁਸ਼ਿਆਰ ਲੋੜਵੰਦ ਬੱਚਿਆਂ ਨੂੰ ਮੁਫਤ ਲਿਖਣ-ਪੜ੍ਹਨ ਦੀ ਸਮੱਗਰੀ ਵੰਡੀ ਗਈ।
4. ਲਾਇਬਰੇਰੀ ਵਿਕਾਸ ਪ੍ਰੋਗਰਾਮ ਅਧੀਨ 400 ਮਿਡਲ ਤੇ 1500 ਸੈਂਟਰ ਪ੍ਰਾਇਮਰੀ ਸਕੂਲਾਂ ਨੂੰ 4.20 ਲੱਖ ਰੁਪੈ ਦੀਆਂ ਪੁਸਤਕਾਂ ਦਿੱਤੀਆਂ।
5. ਮਿੰਨੀ ਨੈਸ਼ਨਲ ਖੇਡਾਂ ਦੇ ਪ੍ਰਬੰਧ ਲਈ ਬੋਰਡ ਨੇ 50 ਹਜ਼ਾਰ ਰੁਪੈ ਦੀ ਸਹਾਇਤਾ ਦਿੱਤੀ।
6. ਰਾਜ ਦੇ ਚੋਣਵੇਂ ਉੱਤਮ ਹਾਇਰ ਸੈਕੰਡਰੀ, ਹਾਈ ਤੇ ਮਿਡਲ ਸਕੂਲਾਂ ਨੂੰ ਕ੍ਰਮਵਾਰ 2500/- 2000/- ਅਤੇ 1000/- ਰੁਪੈ ਇਨਾਮ ਵਜੋਂ ਦਿੱਤੇ ਗਏ।
7. ਬੋਰਡ ਕਰਮਚਾਰੀਆਂ ਨੂੰ ਪੇ-ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਕਤਰੇਤ ਦੇ ਆਧਾਰ ਤੇ ਸੋਧੇ ਹੋਏ ਗ੍ਰੇਡ ਦਿਤੇ ਗਏ ਤੇ ਉਨ੍ਹਾਂ ਦੀ ਆਵਾਜਾਈ ਦੀ ਸਹੂਲਤ ਲਈ ਨਾਂ-ਮਾਤਰ ਕਿਰਾਏ ਤੇ ਬਸਾਂ ਚਲਾਈਆਂ ਗਈਆਂ।

ਟੀਚੇ :

1. ਪੇਂਡੂ ਬੱਚਿਆਂ ਨੂੰ ਚੰਗੀਆਂ ਵਿਦਿਅਕ ਸਹੂਲਤਾਂ ਲਈ ਆਦਰਸ਼ ਸਕੂਲ ਸਕੀਮ ਅਧੀਨ ਇਸ ਵਰ੍ਹੇ ਸੱਤਾਂ ਸਕੂਲਾਂ ਵਿਚ ਪੜ੍ਹਾਈ ਸ਼ੁਰੂ ਹੋ ਜਾਵੇਗੀ।
2. ਨਕਲ ਰੋਕਣ ਦੀ ਲਾਅਨਤ ਜੜ੍ਹ ਪੁੱਟਣ ਲਈ ਇੰਸਪੈਕਟਰ/ਫਲਾਇੰਗ ਸੁਕੈਡ ਲਗਾਣ ਦੀ ਸਫਲ ਪ੍ਰਥ ਚਾਲੂ ਰਖੀ ਜਾਵੇਗੀ।
3. ਪੰਜਾਬ ਦੇ ਪ੍ਰੀਖਿਆ ਕੇਂਦਰਾਂ ਨੂੰ ਮੈਚਿੰਗ ਗਰਾਂਟ ਦੇ ਆਧਾਰ ਤੇ ਫਰਨੀਚਰ ਮੁਹੱਈਆ ਕੀਤਾ ਜਾਵੇਗਾ
4. ਵਿਦਿਆਰਥੀਆਂ ਦੀ ਸੁਵਿਧਾ ਲਈ ਭਲਾਈ ਫੰਡ ਵਿਚ ਬੋਰਡ ਵੀ ਬਰਾਬਰ ਦਾ ਹਿੱਸਾ ਪਾਵੇਗਾ।
5. ਪ੍ਰਾਇਮਰੀ ਦੇ ਬੱਚਿਆਂ ਲਈ "ਪ੍ਰਾਇਮਰੀ ਸਿੱਖਿਆ" ਨਾਂ ਦਾ ਰਸਾਲਾ ਜਾਰੀ ਕੀਤਾ ਜਾਵੇਗਾ।
6. ਅੱਠਵੀਂ ਜਮਾਤ ਦੇ ਪਹਿਲੇ 200 ਵਿਦਿਆਰਥੀਆਂ ਨੂੰ ਵਜ਼ੀਫੇ ਦਿਤੇ ਜਾਣਗੇ।
7. ਪਿਛਲੇ ਸਾਲ ਵਾਲਾ ਵਿਦਿਅਕ ਪ੍ਰੋਗਰਾਮ ਅਗੇ ਚਾਲੂ ਰਖਿਆ ਜਾਵੇਗਾ ਅਤੇ ਪਹਿਲਾਂ ਨਾਲੋਂ 5 ਲੱ ਰੁਪੈ ਵਾਧੂ ਖਰਚ ਕਰਨ ਦਾ ਟੀਚਾ ਹੈ।

ਰਾਹੀਂ/ਲੋਕ ਸੰਪਰਕ ਅਫਸ



SEDH
Registered with the Registrar of Newspapers for India—Registration No 23895/72

SEPTEMBER, 1980
Regd. No. D (SE) 0)1

